PRGI (RNI) Regd. N0.42998/1985
ਦਫਤਰ : 104, ਡੀ. ਐਸ. ਆਈ. ਡੀ. ਸੀ., ਓਖਲਾ ਇੰਡਸਟਰੀਅਲ ਏਰੀਆ, ਫੇਜ਼ 1 ਨਵੀਂ ਦਿੱਲੀ
ਫੋਨ : 41503144
ਫੈਕਸ-011-23353936
email:educatord@gmail.com

ਰੋਜ਼ਾਨਾ
www.dailyeducator.in
ਨਵੀਂ ਦਿੱਲੀ

# ਐਜੂਕੇਟਰ

ਕੁਲ ਪੇਜ/Total Pages : 8
Chief Editor : Harpreet Singh ਮੁੱਖ ਸੰਪਾਦਕ : ਹਰਪ੍ਰੀਤ ਸਿੰਘ

ਸਾਲ/YEAR 41
ਅੰਕ ਨੰ/Volume No.:161
ਸ਼ੁੱਕਰਵਾਰ, 12 ਜੂਨ 2026
Friday, 12 June, 2026
ਮੁੱਲ : 2/- ਰੁਪਏ
Price-Rs. 2/-

THE DAILY EDUCATOR NEW DELHI
ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਤੋਂ ਛਪਣ ਵਾਲਾ ਪੰਜਾਬੀ ਦਾ ਪੁਰਾਣਾ ਤੇ ਪ੍ਰਸਿੱਧ ਅਖ਼ਬਾਰ

## ਹੁਣ ਇਥੇਨੌਲ ਪੈਟਰੋਲਤੇ ਨਹੀਂ ਲੱਗੇਗੀ ਕੇਂਦਰੀ ਐਕਸਾਈਜ਼ ਡਿਊਟੀ: ਕੇਂਦਰ ਸਰਕਾਰ

ਨਵੀਂ ਦਿੱਲੀ, 11 ਜੂਨ (ਪ.ਪ) : ਸਰਕਾਰ ਨੇ 22 ਫੀਸਦੀ, 25 ਫੀਸਦੀ, 27 ਫੀਸਦੀ ਅਤੇ 30 ਫੀਸਦੀ ਇਥੇਨੌਲ ਮਿਸ਼ਰਿਤ ਪੈਟਰੋਲ 'ਤੇ ਕੇਂਦਰੀ ਐਕਸਾਈਜ਼ ਡਿਊਟੀ ਦੀਆਂ ਛੋਟਾਂ ਦਾ ਵਿਸਤਾਰ ਕੀਤਾ ਹੈ। ਬਿਊਰੋ ਆਫ ਇੰਡੀਅਨ ਸਟੈਂਡਰਡਜ਼ ਦੇ ਮਾਪਦੰਡਾਂ ਦੇ ਅਨੁਕੂਲ



ਬਾਲਣ ਮਿਸ਼ਰਣਾਂ ਲਈ ਐਕਸਾਈਜ਼ ਡਿਊਟੀ ਦੀ ਦਰ ਜ਼ੀਰੋ ਹੋਵੇਗੀ। ਇਹ ਫੈਸਲਾ ਵਿੱਤ ਮੰਤਰਾਲੇ ਦੇ ਮਾਲ ਵਿਭਾਗ ਦੇ ਅਧੀਨ ਭਾਰਤ ਦੇ ਗਜ਼ਟ ਦੇ ਤਾਜ਼ਾ ਅੰਕ ਵਿੱਚ ਜਾਰੀ ਕੀਤੇ ਗਏ ਅਧਿਕਾਰਤ ਨੋਟੀਫਿਕੇਸ਼ਨਾਂ ਰਾਹੀਂ ਆਇਆ ਹੈ।ਜ਼ੀਰੋ ਡਿਊਟੀ ਦਰ ਲਈ ਯੋਗ ਹੋਣ ਵਾਸਤੇ ਹਰੇਕ ਮਿਸ਼ਰਣ ਦੀ ਕਾਨੂੰਨੀ ਪਰਿਭਾਸ਼ਾ ਇੱਕ ਸਹੀ ਬਣਤਰ ਦੇ ਨਿਯਮ ਦਾ ਪਾਲਣ ਕਰਦੀ ਹੈ। ਗਜ਼ਟ ਵਿੱਚ ਦੱਸਿਆ ਗਿਆ ਹੈ, 22 ਫੀਸਦ ਇਥੇਨੌਲ ਮਿਸ਼ਰਿਤ ਪੈਟਰੋਲ ਉਹ ਮਿਸ਼ਰਣ ਹੈ, ਜੋ ਮਾਤਰਾ ਦੇ ਹਿਸਾਬ ਨਾਲ, 78 ਫੀਸਦ ਮੋਟਰ ਸਪਿਰਿਟ (ਆਮ ਤੌਰ 'ਤੇ ਪੈਟਰੋਲ ਵਜੋਂ ਜਾਣਿਆ ਜਾਂਦਾ ਹੈ) ਦਾ ਬਣਿਆ ਹੁੰਦਾ ਹੈ, ਜਿਸ 'ਤੇ ਐਕਸਾਈਜ਼ ਦੀਆਂ ਢੁਕਵੀਆਂ ਡਿਊਟੀਆਂ ਦਾ ਭੁਗਤਾਨ ਕੀਤਾ ਗਿਆ ਹੁੰਦਾ ਹੈ ਅਤੇ 22 ਫੀਸਦ ਇਥੇਨੌਲ ਦਾ ਬਣਿਆ ਹੁੰਦਾ ਹੈ ਜਿਸ 'ਤੇ ਢੁਕਵਾਂ ਕੇਂਦਰੀ ਟੈਕਸ, ਸੂਬਾ ਟੈਕਸ, ਕੇਂਦਰ ਸ਼ਾਸਿਤ ਪ੍ਰਦੇਸ਼ ਟੈਕਸ ਜਾਂ ਇੰਟੀਗ੍ਰੇਟਿਡ ਟੈਕਸ, ਜੋ ਵੀ ਮਾਮਲਾ ਹੋਵੇ, ਅਦਾ ਕੀਤਾ ਗਿਆ ਹੁੰਦਾ ਹੈ ਅਤੇ ਬਿਊਰੋ ਆਫ ਇੰਡੀਅਨ ਸਟੈਂਡਰਡਜ਼ ਦੇ ਨਿਰਧਾਰਿਤ ਮਾਪਦੰਡ IS 19850 ਦੇ ਅਨੁਕੂਲ ਹੁੰਦਾ ਹੈ।÷ਇਹੀ ਬਿਲਕੁਲ ਸਹੀ ਬਣਤਰ ਦੇ ਪੈਰਾਮੀਟਰ ਬਾਕੀ ਰਹਿੰਦੇ ਉੱਚੇ ਫੀਸਦੀ ਵਾਲੇ ਬਾਲਣ ਮਿਸ਼ਰਣਾਂ 'ਤੇ ਵੀ ਲਾਗੂ ਹੁੰਦੇ ਹਨ। ਗਜ਼ਟ ਇਸ ਵਿੱਤੀ ਉਪਾਅ ਵਿੱਚ ਸ਼ਾਮਲ ਕੀਤੇ ਗਏ ਵੱਧ ਤੋਂ ਵੱਧ ਮਿਸ਼ਰਣ ਪੱਧਰ ਲਈ ਮਾਤਰਾ ਦੀਆਂ ਜ਼ਰੂਰਤਾਂ ਨੂੰ ਸਪਸ਼ਟ ਕਰਦਾ ਹੈ, 30 ਫੀਸਦ ਇਥੇਨੌਲ ਮਿਸ਼ਰਿਤ ਪੈਟਰੋਲ ਉਹ ਮਿਸ਼ਰਣ ਹੈ, ਜੋ - ਮਾਤਰਾ ਦੇ ਹਿਸਾਬ ਨਾਲ, 70 ਫੀਸਦ ਮੋਟਰ ਸਪਿਰਿਟ (ਆਮ ਤੌਰ 'ਤੇ ਪੈਟਰੋਲ ਵਜੋਂ ਜਾਣਿਆ ਜਾਂਦਾ ਹੈ) ਦਾ ਬਣਿਆ ਹੁੰਦਾ ਹੈ, ਜਿਸ 'ਤੇ ਐਕਸਾਈਜ਼ ਦੀਆਂ ਢੁਕਵੀਆਂ ਡਿਊਟੀਆਂ ਦਾ ਭੁਗਤਾਨ ਕੀਤਾ ਗਿਆ ਹੁੰਦਾ ਹੈ ਅਤੇ 30% ਇਥੇਨੌਲ ਦਾ ਬਣਿਆ ਹੁੰਦਾ ਹੈ ਜਿਸ 'ਤੇ ਢੁਕਵਾਂ ਕੇਂਦਰੀ ਟੈਕਸ, ਰਾਜ ਟੈਕਸ, ਕੇਂਦਰ ਸ਼ਾਸਿਤ ਪ੍ਰਦੇਸ਼ ਟੈਕਸ ਜਾਂ ਇੰਟੀਗ੍ਰੇਟਿਡ ਟੈਕਸ, ਜੋ ਵੀ ਮਾਮਲਾ ਹੋਵੇ, ਅਦਾ ਕੀਤਾ ਗਿਆ ਹੁੰਦਾ ਹੈ ਅਤੇ ਬਿਊਰੋ ਆਫ ਇੰਡੀਅਨ ਸਟੈਂਡਰਡਜ਼ ਦੇ ਨਿਰਧਾਰਿਤ ਮਾਪਦੰਡ ਦੇ ਅਨੁਕੂਲ ਹੁੰਦਾ ਹੈ।

## ਆ ਗਿਆ ਪਹਿਲਾ ਭਾਰਤ ਵਿੱਚ ਬਣਿਆ ਜਹਾਜ਼ !

ਨਵੀਂ ਦਿੱਲੀ, 11 ਜੂਨ (ਪ.ਪ) : ਭਾਰਤ 'ਚ ਬਣੇ ਪਹਿਲੇ ਸੀ-295 ਫ਼ੌਜ ਟਰਾਂਸਪੋਰਟ ਜਹਾਜ਼ ਨੇ ਸਫ਼ਲਤਾਪੂਰਵਕ ਆਪਣੀ ਪਹਿਲੀ ਪ੍ਰੀਖਣ ਉਡਾਣ ਪੂਰੀ ਕੀਤੀ। ਭਾਰਤੀ ਹਵਾਈ ਫ਼ੌਜ (ਆਈਏਐੱਫ) ਨੇ ਇਹ ਜਾਣਕਾਰੀ ਦਿੱਤੀ। ਭਾਰਤੀ ਹਵਾਈ ਫ਼ੌਜ ਲਗਭਗ 21,935 ਕਰੋੜ ਰੁਪਏ ਦੀ ਲਾਗਤ ਨਾਲ 56 ਸੀ-295 ਟਰਾਂਸਪੋਰਟ ਜਹਾਜ਼ ਖਰੀਦ ਰਹੀ ਹੈ। ਇਨ੍ਹਾਂ 'ਚੋਂ 40 ਜਹਾਜ਼ਾਂ ਦਾ ਨਿਰਮਾਣ ਵਡੋਦਰਾ ਸਥਿਤ ਉਤਪਾਦਨ ਕੇਂਦਰ 'ਚ ਟਾਟਾ ਐਡਵਾਂਸਡ ਸਿਸਟਮਸ ਲਿਮਟਿਡ ਵਲੋਂ ਏਅਰਬਸ ਦੇ ਸਹਿਯੋਗ ਨਾਲ ਕੀਤਾ ਜਾਵੇਗਾ।ਭਾਰਤੀ ਹਵਾਈ ਫ਼ੌਜ ਨੇ ਭਾਰਤ 'ਚ ਬਣੇ ਪਹਿਲੇ ਸੀ-295 ਜਹਾਜ਼ ਦੀ ਸਫ਼ਲ ਪਹਿਲੀ ਪ੍ਰੀਖਣ ਉਡਾਣ ਲਈ ਇਸ ਨਾਲ ਜੁੜੇ ਪੂਰੇ ਦਲ ਨੂੰ ਵਧਾਈ ਦਿੱਤੀ। ਹਵਾਈ ਫ਼ੌਜ ਨੇ ਬੁੱਧਵਾਰ ਨੂੰ ਕਿਹਾ, ਇਹ ਉਪਲੱਬਧੀ ਭਾਰਤ ਦੀ ਵਧਦੀ ਏਅਰੋਸਪੇਸ ਸਮਰੱਥਾਵਾਂ ਨੂੰ ਹੋਰ ਮਜ਼ਬੂਤ ਕਰਦੀ ਹੈ ਅਤੇ ਆਤਮਨਿਰਭਰ ਭਾਰਤ ਦੇ ਦ੍ਰਿਸ਼ਟੀਕੋਣ ਦੇ ਅਧੀਨ ਸਵਦੇਸ਼ੀ ਰੱਖਿਆ ਸਮਰੱਥਾ ਨੂੰ ਉਤਸ਼ਾਹ ਦੇਣ ਦੇ ਪ੍ਰਤੀ ਭਾਰਤੀ ਹਵਾਈ ਫ਼ੌਜ ਦੀ ਵਚਨਬੱਧਤਾ ਨੂੰ ਰੇਖਾਂਕਿਤ ਕਰਦੀ ਹੈ।

## ਮੋਦੀ ਦੀ ਪ੍ਰਧਾਨਗੀ ਹੇਠ ਨੀਤੀ ਆਯੋਗ ਗਵਰਨਿੰਗ ਕੌਂਸਲ ਦੀ ਮੀਟਿੰਗ ਸ਼ੁਰੂ

ਨਵੀਂ ਦਿੱਲੀ, 11 ਜੂਨ (ਪ.ਪ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ 11ਵੀਂ ਮੀਟਿੰਗ ਵੀਰਵਾਰ ਨੂੰ ਇੱਥੇ ਸ਼ੁਰੂ ਹੋਈ। ਇਸ ਵਿਚ ਸਾਲ 2047 ਤੱਕ ਵਿਕਸਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਇੱਕ ਸਮਾਵੇਸ਼ੀ ਮਨੁੱਖੀ ਸੰਮਲਿਤ ਮਨੁੱਖੀ ਵਿਕਾਸ ਢਾਂਚੇ ਤੇ ਚਰਚਾ ਕਰੇਗੀ, ਜੋ ਕਿ ਚਾਰ ਮੁੱਖ ਥੰਮ੍ਹਾਂ 'ਤੇ- ਬੁਨਿਆਦੀ ਮਨੁੱਖੀ ਪੂੰਜੀ ਅਤੇ ਭਵਿੱਖ ਲਈ ਤਿਆਰ ਹੁਨਰ, ਉਤਪਾਦਕ ਰੁਜ਼ਗਾਰ, ਉੱਦਮਤਾ ਅਤੇ ਵਿਕੇਂਦਰੀਕ੍ਰਿਤ ਵਿਕਾਸ; ਸਿਹਤ, ਪੋਸ਼ਣ ਅਤੇ ਤੰਦਰੁਸਤੀ, ਸਾਰਿਆਂ ਲਈ ਸਮਾਨਤਾ ਅਤੇ ਮਾਣ-ਸਨਮਾਨ




ਵਿਕਾਸ ਪਹੁੰਚ @ਤੇ ਵਿਚਾਰ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ 'ਤੇ ਲਿਖਿਆ, ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ 11ਵੀਂ ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਹਾਂ।ਉਨ੍ਹਾਂ ਕਿਹਾ, ਸਹਿਕਾਰੀ ਸੰਘਵਾਦ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਅਸੀਂ ਸਾਰੇ ਭਾਰਤ ਦੀ ਵਿਕਾਸ ਯਾਤਰਾ ਨੂੰ ਤੇਜ਼ ਕਰਨ ਲਈ ਮਿਲ ਕੇ ਕੰਮ ਕਰ ਰਹੇ ਹਾਂ। ਕੇਂਦਰ ਅਤੇ ਰਾਜਾਂ ਦੇ ਸਮੂਹਿਕ ਯਤਨ ਵਿਕਸਤ ਭਾਰਤ ਦੇ ਸਾਡੇ ਸਾਂਝੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।÷ ਅਧਿਕਾਰਤ ਬਿਆਨ ਦੇ ਅਨੁਸਾਰ, ਕੌਂਸਲ 'ਤੇ ਅਧਾਰਤ ਹੈ।ਬਿਆਨ ਵਿੱਚ ਕਿਹਾ ਗਿਆ ਹੈ ਕਿ ਦੇਸ਼ ਭਰ ਵਿੱਚ ਉੱਦਮਤਾ ਨੂੰ ਉਤਸ਼ਾਹਿਤ ਕਰਨ, ਹੁਨਰ ਵਿਕਾਸ ਨੂੰ ਮਜ਼ਬੂਤ ਕਰਨ ਅਤੇ ਟਿਕਾਊ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਉਪਾਵਾਂ 'ਤੇ ਵੀ ਚਰਚਾ ਕੀਤੀ ਜਾਵੇਗੀ। ਗਵਰਨਿੰਗ ਕੌਂਸਲ 26-28 ਦਸੰਬਰ, 2025 ਦੌਰਾਨ ਹੋਣ ਵਾਲੇ ਮੁੱਖ ਸਕੱਤਰਾਂ ਦੇ ਪੰਜਵੇਂ ਰਾਸ਼ਟਰੀ ਸੰਮੇਲਨ ਦੀਆਂ ਸਿਫ਼ਾਰਸ਼ਾਂ 'ਤੇ ਵੀ ਵਿਚਾਰ ਕਰੇਗੀ। ਆਮ ਤੌਰ 'ਤੇ ਇਹ ਕੌਂਸਲ ਹਰ ਸਾਲ ਮਿਲਦੀ ਹੈ। ਪਿਛਲੇ ਸਾਲ, ਇਹ 24 ਮਈ ਨੂੰ ਆਯੋਜਿਤ ਕੀਤੀ ਗਈ ਸੀ।

## ਦਿੱਲੀ-ਐਨਸੀਆਰ ਵਿੱਚ ਫਿਰ ਬਦਲਿਆ ਮੌਸਮ ਦਾ ਮਿਜ਼ਾਜ, ਕਈ ਇਲਾਕਿਆਂ ਵਿੱਚ ਤੇਜ਼ ਹਨੇਰੀ ਨਾਲ ਮੀਂਹ

ਨਵੀਂ ਦਿੱਲੀ, 11 ਜੂਨ (ਪ.ਪ) : ਭਿਆਨਕ ਗਰਮੀ ਅਤੇ ਉਮਸ ਤੋਂ ਪਰੇਸ਼ਾਨ ਦਿੱਲੀ-ਐਨਸੀਆਰ ਦੇ ਲੋਕਾਂ ਨੂੰ ਬੁੱਧਵਾਰ ਦੇਰ ਰਾਤ ਮੌਸਮ ਨੇ ਵੱਡੀ ਰਾਹਤ ਦਿੱਤੀ। ਰਾਜਧਾਨੀ ਦੇ ਕਈ ਇਲਾਕਿਆਂ ਵਿੱਚ ਤੇਜ਼ ਅੰਧੀ ਦੇ ਨਾਲ ਮੀਂਹ ਸ਼ੁਰੂ ਹੋ ਗਿਆ। ਇਸ ਦੇ ਨਾਲ ਹੀ ਗ੍ਰੇਟਰ



ਨੋਇਡਾ ਵਿੱਚ ਵੀ ਤੇਜ਼ ਬਾਰਿਸ਼ ਦਰਜ ਕੀਤੀ ਗਈ, ਜ ਦ ਕਿ ਸਾਹਿਬਾਬਾਦ ਵਿੱਚ ਵੀ ਮੀਂਹ ਪਿਆ।ਮੀਂਹ ਦੇ ਨਾਲ ਤੇਜ਼ ਹਵਾਵਾਂ ਚੱਲੀਆਂ ਅਤੇ ਆਸਮਾਨ ਵਿੱਚ ਬਿਜਲੀ ਚਮਕਦੀ ਵੀ ਦਿਖਾਈ ਦਿੱਤੀ। ਮੌਸਮ ਵਿੱਚ ਆਏ ਇਸ ਬਦਲਾਅ ਕਾਰਨ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਗਈ ਅਤੇ ਲੋਕਾਂ ਨੇ ਗਰਮੀ ਤੋਂ ਰਾਹਤ ਮਹਿਸੂਸ ਕੀਤੀ।ਭਾਰਤੀ ਮੌਸਮ ਵਿਭਾਗ ਨੇ ਵੀਰਵਾਰ ਲਈ ਤੇਜ਼ ਅੰਧੀ ਅਤੇ ਮੀਂਹ ਦਾ ਆਰੈਂਜ ਅਲਰਟ ਜਾਰੀ ਕੀਤਾ ਹੈ, ਜਦਕਿ ਸ਼ੁੱਕਰਵਾਰ ਲਈ ਯੈਲੋ ਅਲਰਟ ਘੋਸ਼ਿਤ ਕੀਤਾ ਗਿਆ ਹੈ।ਮੌਸਮ ਵਿਭਾਗ ਅਨੁਸਾਰ ਅਗਲੇ ਦੋ ਦਿਨਾਂ ਤੱਕ ਮੌਸਮ ਸੁਹਾਵਣਾ ਬਣਿਆ ਰਹਿ ਸਕਦਾ ਹੈ ਅਤੇ ਤਾਪਮਾਨ ਵਿੱਚ ਹੋਰ ਕਮੀ ਆਉਣ ਦੀ ਸੰਭਾਵਨਾ ਹੈ।

## ਅਮਿਤ ਸ਼ਾਹ ਦੀ ਮੌਜੂਦਗੀ 'ਚ ਸੁਲਝਣਗੇ ਪੰਜਾਬ-ਹਰਿਆਣਾ ਤੇ ਹਿਮਾਚਲ ਦੇ ਮੁੱਦੇ, ਸ਼ਿਮਲਾ 'ਚ ਸਜੇਗਾ ਉੱਤਰੀ ਖੇਤਰੀ ਕੌਂਸਲ ਦਾ ਮੰਚ

ਸ਼ਿਮਲਾ, 11 ਜੂਨ (ਪ.ਪ) : ਉੱਤਰ ਭਾਰਤ ਦੇ ਰਾਜਾਂ ਵਿਚਕਾਰ ਲੰਬੇ ਸਮੇਂ ਤੋਂ ਚੱਲੇ ਆ ਰਹੇ ਵਿਵਾਦਾਂ ਅਤੇ ਲੰਬਿਤ ਮਾਮਲਿਆਂ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ਵਿੱਚ ਸੁਲਝਣ ਦੀ ਉਮੀਦ ਹੈ। ਆਉਂਦੀ 24 ਜੂਨ ਨੂੰ ਸ਼ਿਮਲਾ ਵਿੱਚ ਉੱਤਰੀ ਖੇਤਰੀ ਕੌਂਸਲ ਦੀ ਮਹੱਤਵਪੂਰਨ ਬੈਠਕ ਦੀ ਤਜਵੀਜ਼ ਹੈ। ਇਸ ਵਿੱਚ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਪੰਜਾਬ, ਹਰਿਆਣਾ, ਰਾਜਸਥਾਨ, ਦਿੱਲੀ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਅਤੇ ਲੱਦਾਖ ਦੇ ਉਪ-ਰਾਜਪਾਲ ਤੇ ਸੀਨੀਅਰ ਪ੍ਰਤੀਨਿਧ ਸ਼ਾਮਲ ਹੋਣਗੇ।ਹਿਮਾਚਲ ਇਸ ਬੈਠਕ ਵਿੱਚ ਪੰਜਾਬ ਅਤੇ ਹਰਿਆਣਾ ਖ਼ਿਲਾਫ਼ ਹਮਲਾਵਰ ਰੁਖ਼ ਅਪਣਾ ਸਕਦਾ ਹੈ। ਭਾਖੜਾ ਬਿਆਸ ਪ੍ਰਬੰਧਨ ਬੋਰਡ ਤੋਂ ਹਿਮਾਚਲ ਨੂੰ ਮਿਲਣ ਵਾਲੇ ਹਿੱਸੇ ਦੇ ਬਦਲੇ ਪੰਜਾਬ ਅਤੇ ਹਰਿਆਣਾ ਵੱਲੋਂ 4,200 ਕਰੋੜ ਰੁਪਏ ਦਾ ਭੁਗਤਾਨ ਨਾ ਕੀਤੇ ਜਾਣ ਦਾ ਗੰਭੀਰ ਵਿਸ਼ਾ ਚੁੱਕਿਆ ਜਾਵੇਗਾ। ਦੇਵਭੂਮੀ ਇਸ ਬੈਠਕ ਵਿੱਚ ਆਪਣੀ ਇਸ ਬਕਾਇਆ ਰਾਸ਼ੀ ਨੂੰ ਵਸੂਲਣ ਲਈ ਪੂਰੀ ਜ਼ੋਰਦਾਰ ਪੈਰਵੀ ਕਰੇਗੀ।



ਸਰਹੱਦ ਤੇ ਪਾਣੀ ਦੇ ਵਿਵਾਦ ਦੇ ਮੁੱਦੇ ਉੱਠਣਗੇ ; ਇਸ ਬੈਠਕ ਦੇ ਕੇਂਦਰ ਵਿੱਚ ਇਸ ਵਾਰ ਮੁੱਖ ਤੌਰ @ਤੇ @ਪਾਣੀ ਦੇ ਵਿਵਾਦ@ ਅਤੇ ਰਾਜਾਂ ਦੇ ਆਪਸੀ ਸਰਹੱਦੀ ਵਿਵਾਦ ਰਹਿਣ ਵਾਲੇ ਹਨ। ਇਸੇ ਦਿਨ ਸਕੱਤਰ ਪੱਧਰ ਦੀ ਸਥਾਈ ਕਮੇਟੀ ਦੀ ਬੈਠਕ ਵੀ ਕਰਵਾਈ ਜਾਵੇਗੀ, ਜਿਸ ਦੇ ਲਈ ਸਾਰੇ ਰਾਜਾਂ ਨੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਪੰਜਾਬ ਅਤੇ ਹਰਿਆਣਾ ਵਿਚਕਾਰ ਲੰਬੇ ਸਮੇਂ ਤੋਂ ਸਤਲੁਜ ਵਿਵਾਦ ਭੜਕਿਆ ਹੋਇਆ ਹੈ। ਇਸ ਵਾਰ ਦੀ ਬੈਠਕ ਵਿੱਚ ਪਾਣੀ ਨਾਲ ਜੁੜੇ ਮੁੱਦੇ ਸਭ ਤੋਂ ਵੱਡੇ ਏਜੰਡੇ ਵਜੋਂ ਸਾਹਮਣੇ ਆ ਰਹੇ ਹਨ। ਪੰਜਾਬ ਸਰਕਾਰ ਇਸ ਬੈਠਕ ਵਿੱਚ ਆਪਣੇ ਪਾਣੀ ਸਬੰਧੀ ਦਾਅਵਿਆਂ ਅਤੇ ਅਧਿਕਾਰਾਂ ਨੂੰ ਲੈ ਕੇ ਵਿਸ਼ੇਸ਼ ਰਣਨੀਤੀ ਨਾਲ ਉਤਰ ਸਕਦੀ ਹੈ।

ਪੰਜਾਬ ਦਾ ਰੁਖ਼ ਸਾਫ਼ ਪੰਜਾਬ ਦਾ ਰੁਖ਼ ਸਾਫ਼ ਹੈ ਕਿ ਉਹ ਆਪਣੇ ਪਾਣੀ ਨਾਲ ਜੁੜੇ ਮਾਮਲਿਆਂ ਨੂੰ ਪੂਰੀ ਪ੍ਰਮੁੱਖਤਾ ਨਾਲ ਚੁੱਕੇਗਾ। ਪਾਣੀ ਦੇ ਨਾਲ-ਨਾਲ ਉੱਤਰ ਭਾਰਤਵਿੱਚ ਕਰਵਾਈ ਗਈ ਸੀ।

## ਸੜਕ ਹਾਦਸਿਆਂ 'ਚ ਮੁਆਵਜ਼ਾ ਨੀਤੀ 'ਤੇ ਸੁਪਰੀਮ ਕੋਰਟ ਦਾ ਫੈਸਲਾ

ਨਵੀਂ ਦਿੱਲੀ, 11 ਜੂਨ (ਪ.ਪ) : ਸੁਪਰੀਮ ਕੋਰਟ ਨੇ ਦੇਸ਼ ਭਰ ਵਿੱਚ ਸੜਕ ਹਾਦਸਿਆਂ ਵਿੱਚ ਜਾਨਾਂ ਗੁਆਉਣ ਵਾਲੀਆਂ ਘਰੇਲੂ ਔਰਤਾਂ ਦੇ ਪਰਿਵਾਰਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਬਾਰੇ ਇੱਕ ਇਤਿਹਾਸਕ



ਅਤੇ ਮਹੱਤਵਪੂਰਨ ਫੈਸਲਾ ਸੁਣਾਇਆ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਘਰਾਂ ਦਾ ਪ੍ਰਬੰਧਨ ਕਰਨ ਵਾਲੀਆਂ ਔਰਤਾਂ ਨੂੰ ਰਾਸ਼ਟਰ ਨਿਰਮਾਤਾਵਾਂ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਕੰਮ ਦੀ ਤੁਲਨਾ ਇੱਕ ਹੁਨਰਮੰਦ ਮਜ਼ਦੂਰ ਦੀ ਰੋਜ਼ਾਨਾ ਮਜ਼ਦੂਰੀ ਨਾਲ ਕਰਕੇ ਉਨ੍ਹਾਂ ਦੇ ਯੋਗਦਾਨ ਨੂੰ ਘੱਟ ਨਹੀਂ ਸਮਝਿਆ ਜਾ ਸਕਦਾ।ਸੁਣਵਾਈ ਦੌਰਾਨ, ਜਸਟਿਸ ਸੰਜੇ ਕਰੋਲ ਅਤੇ ਜਸਟਿਸ ਐਨ. ਕੋਟੀਸ਼ਵਰ ਸਿੰਘ ਦੇ ਬੈਂਚ ਨੇ ਇੱਕ ਨਵਾਂ ਸਿਧਾਂਤ ਸਥਾਪਿਤ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਕਿਸੇ ਘਰੇਲੂ ਔਰਤ ਦੀ ਦੁਰਘਟਨਾ ਵਿੱਚ ਮੌਤ ਹੋਣ ਦੀ ਸੂਰਤ ਵਿੱਚ, ਉਸਦੀ ਦੇਖਭਾਲ ਅਤੇ ਘਰੇਲੂ ਕੰਮ ਦਾ ਮੁੱਲ ਘੱਟੋ-ਘੱਟ ?30,000 ਪ੍ਰਤੀ ਮਹੀਨਾ ( ?3.6 ਲੱਖ ਸਾਲਾਨਾ) ਮੰਨਿਆ ਜਾਵੇਗਾ। ਸੁਪਰੀਮ ਕੋਰਟ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਰਕਮ ਪ੍ਰਣਯ ਸੇਠੀ ਮਾਮਲੇ ਵਿੱਚ ਸਥਾਪਿਤ ਸਾਰੇ ਹੋਰ ਮੁਆਵਜ਼ੇ ਦੇ ਨਿਯਮਾਂ ਤੋਂ ਇਲਾਵਾ ਹੋਵੇਗੀ।

## ਪਤੀ ਦਾ ਖ਼ੌਫ਼ਨਾਕ ਕਾਰਾ ! ਹਥੌੜਾ ਮਾਰ ਕੇ ਕਰਤਾ ਪਤਨੀ ਦਾ ਕਤਲ

ਨਵੀਂ ਦਿੱਲੀ, 11 ਜੂਨ (ਪ.ਪ) : ਦਿੱਲੀ ਦੇ ਸੀਲਮਪੁਰ ਇਲਾਕੇ 'ਚ ਇਕ ਵਿਅਕਤੀ ਨੇ ਵੀਰਵਾਰ ਨੂੰ ਆਪਣੀ ਪਤਨੀ ਦਾ ਹਥੌੜਾ ਨਾਲ ਹਮਲਾ ਕਰ ਕੇ ਕਤਲ ਕਰ ਦਿੱਤਾ। ਪੁਲਸ ਨੇ ਅਨੁਸਾਰ ਵੀਰਵਾਰ ਤੜਕੇ ਸੀਲਮਪੁਰ ਥਾਣੇ ਨੂੰ ਸੂਚਨਾ ਮਿਲੀ ਸੀ ਕਿ ਇਕ ਵਿਅਕਤੀ ਨੇ ਆਪਣੀ ਪਤਨੀ 'ਤੇ ਹਮਲਾ ਕੀਤਾ ਹੈ ਅਤੇ ਮੌਕੇ 'ਤੇ ਫਰਾਰ ਹੋ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਗਿ ਗੌਤਮਪੁਰੀ ਇਲਾਕੇ 'ਚ ਸਥਿਤ ਹਾਦਸੇ ਵਾਲੀ ਜਗ੍ਹਾ ਪਹੁੰਚਣ 'ਤੇ ਪੁਲਸ ਦਲ ਨੂੰ 35 ਸਾਲਾ ਔਰਤ ਦੀ ਲਾਸ਼ ਮਿਲੀ। ਉਨ੍ਹਾਂ ਦੱਸਿਆ ਕਿ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਅਧਿਕਾਰੀਆਂ ਅਨੁਸਾਰ,




ਸੀਲਮਪੁਰ ਥਾਣੇ 'ਚ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀ ਧਾਰਾ 103 (1) ਦੇ ਅਧੀਨ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਨੂੰ ਜਲਦ ਤੋਂ ਜਲਦ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਮਾਮਲੇ ਦੀ ਅੱਗੇ ਦੀ ਜਾਂਚ ਜਾਰੀ ਹੈ।

## ਜਿਮ ਟ੍ਰੇਨਰ ਦਾ ਦਿਨ-ਦਿਹਾੜੇ ਕਤਲ, ਹਮਲਾਵਰ ਨੇ ਪਿੱਠ 'ਚ ਮਾਰੀਆਂ 10 ਗੋਲੀਆਂ

ਹਿਸਾਰ, 11 ਜੂਨ (ਪ.ਪ) : ਹਰਿਆਣਾ ਦੇ ਹਿਸਾਰ ਅਧੀਨ ਪੈਂਦੇ ਹਾਂਸੀ ਵਿੱਚ ਵੀਰਵਾਰ ਸਵੇਰੇ ਬਦਮਾਸ਼ਾਂ ਨੇ ਇੱਕ ਜਿਮ ਟ੍ਰੇਨਰ ਦੀਆਂ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਇਸ ਹਮਲੇ ਵਿੱਚ ਉੱਥੇ ਮੌਜੂਦ ਇੱਕ ਨੌਜਵਾਨ ਲੜਕੀ ਵੀ ਜ਼ਖ਼ਮੀ ਹੋ ਗਈ। ਇਹ ਪੂਰੀ ਵਾਰਦਾਤ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਈ ਹੈ, ਜਿਸ ਵਿੱਚ ਇੱਕ ਹਮਲਾਵਰ ਮਹਿਜ਼ ਪੰਜ ਸੈਕਿੰਡ ਦੇ ਅੰਦਰ-ਅੰਦਰ ਲਗਾਤਾਰ ਫਾਇਰਿੰਗ ਕਰਦਾ ਦਿਖਾਈ ਦੇ ਰਿਹਾ ਹੈ।ਮ੍ਰਿਤਕ ਦੀ ਪਛਾਣ 25 ਸਾਲਾ ਕਪਿਲ ਵਜੋਂ ਹੋਈ ਹੈ। ਉਹ ਮੂਲ ਰੂਪ ਵਿੱਚ ਜੀਂਦ ਜ਼ਿਲ੍ਹੇ ਦੇ ਪਿੰਡ ਡਾਲਮਵਾਲਾ ਦਾ ਰਹਿਣ ਵਾਲਾ ਸੀ ਅਤੇ ਹਾਂਸੀ ਦੇ ਸ਼ਾਂਤੀ ਨਿਕੇਤਨ ਇਲਾਕੇ ਵਿੱਚ ਰਹਿ ਕੇ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਰੇਡ ਜਿਮ ਚਲਾ ਰਿਹਾ ਸੀ। ।ਸਾਹਮਣੇ ਆਈ ਵੀਡੀਓ ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਜਿਮ ਦੇ ਬਾਹਰ ਟ੍ਰੇਨਰ ਕਪਿਲ ਨੌਜਵਾਨਾਂ ਨੂੰ ਵਾਰਮ-ਅੱਪ ਕਰਵਾ ਰਿਹਾ ਸੀ। ਇਸੇ ਦੌਰਾਨ ਅਚਾਨਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਦੋ ਨਕਾਬਪੋਸ਼ ਹਮਲਾਵਰ ਜਿਮ ਦੇ ਸਾਹਮਣੇ ਰੁਕੇ। ਇਸ ਤੋਂ ਪਹਿਲਾਂ ਕਿ ਕੋਈ ਕੁਝ ਸਮਝ ਪਾਉਂਦਾ, ਹਮਲਾਵਰਾਂ ਨੇ ਟ੍ਰੇਨਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਸ ਦੀ ਪਿੱਠ 'ਤੇ ਤਾਬੜਤੋੜ ਫਾਇਰਿੰਗ ਸ਼ੁਰੂ ਕਰ ਦਿੱਤੀ।ਪੁਲਿਸ ਮੁਤਾਬਕ ਹਮਲਾਵਰ ਨੇ ਕਪਿਲ ਦੇ ਸਿਰ ਅਤੇ ਪਿੱਠ ਨੂੰ ਨਿਸ਼ਾਨਾ ਬਣਾਇਆ। ਗੋਲੀਆਂ ਲੱਗਦੇ ਹੀ ਉਹ ਮੌਕੇ 'ਤੇ ਹੀ ਡਿੱਗ ਪਿਆ।ਗੋਲੀਆਂ ਦੀ ਆਵਾਜ਼ ਸੁਣ ਕੇ ਉੱਥੇ ਮੌਜੂਦ ਲੜਕੇ-ਲੜਕੀਆਂ ਵਿੱਚ ਭਗਦੜ ਮੱਚ ਗਈ। ਸਾਥੀਆਂ ਨੇ ਜ਼ਖ਼ਮੀ ਕਪਿਲ ਨੂੰ ਤੁਰੰਤ ਹਸਪਤਾਲ ਪਹੁੰਚਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਜਾਨ ਨਹੀਂ ਬਚ ਸਕੀ।



## ਪੰਜਾਬੀ ਗਾਇਕ ਗੁਰੂ ਰੰਧਾਵਾ ਦੇ ਜਿੰਮ ਦੇ ਬਾਹਰ ਹੋਈ ਫਾਈਰਿੰਗ, ਲਾਰੈਂਸ ਗੈਂਗ ਨੇ ਲਈ ਜ਼ਿੰਮੇਵਾਰੀ


ਨਵੀਂ ਦਿੱਲੀ, 11 ਜੂਨ (ਪ.ਪ) : ਦਿੱਲੀ ਦੇ ਪੱਛਮ ਵਿਹਾਰ ਇਲਾਕੇ ਵਿੱਚ ਉਸ ਵੇਲੇ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ, ਜਦੋਂ ਵੀਰਵਾਰ ਨੂੰ ਮਸ਼ਹੂਰ ਪੰਜਾਬੀ ਗਾਇਕ ਗੁਰੂ ਰੰਧਾਵਾ ਦੇ ਫਿਟਨੈੱਸ' ਜਿੰਮ ਨੂੰ



ਨਿਸ਼ਾਨਾ ਬਣਾ ਕੇ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ। ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਨਕਾਬਪੋਸ਼ ਹਮਲਾਵਰਾਂ ਨੇ ਜਿੰਮ ਦੇ ਸ਼ੀਸ਼ੇ ਵਾਲੇ ਫਰੰਟ 'ਤੇ ਕਈ ਰਾਊਂਡ ਫਾਇਰ ਕੀਤੇ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਇਸ ਹਮਲੇ ਤੋਂ ਤੁਰੰਤ ਬਾਅਦ ਲਾਰੈਂਸ ਬਿਸ਼ਨੋਈ ਗੈਂਗ ਨੇ ਸੋਸ਼ਲ ਮੀਡੀਆ ਅਤੇ ਇੱਕ ਕਥਿਤ ਆਡੀਓ ਕਲਿੱਪ ਰਾਹੀਂ ਇਸ ਦੀ ਜ਼ਿੰਮੇਵਾਰੀ ਲਈ ਹੈ। ਗੈਂਗ ਦਾ ਕਹਿਣਾ ਹੈ ਕਿ ਗੁਰੂ ਰੰਧਾਵਾ ਦੀ ਬੌਲੀਵੁੱਡ ਅਦਾਕਾਰ ਸਲਮਾਨ ਖ਼ਾਨ ਨਾਲ ਵਧਦੀ ਨੇੜਤਾ ਕਾਰਨ ਇਹ ਕਾਰਵਾਈ ਕੀਤੀ ਗਈ ਹੈ।ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਪੋਸਟ ਕਥਿਤ ਤੌਰ 'ਤੇ ਬਿਸ਼ਨੋਈ ਗੈਂਗ ਦੇ ਮੈਂਬਰਾਂ ਆਰਜ਼ੂ ਬਿਸ਼ਨੋਈ ਅਤੇ ਹਰੀ ਬਾਕਸਰ ਵੱਲੋਂ ਪਾਈ ਗਈ ਦੱਸੀ ਜਾ ਰਹੀ ਹੈ। ਵਾਇਰਲ ਆਡੀਓ ਵਿੱਚ ਗੈਂਗ ਦੇ ਇੱਕ ਕਥਿਤ ਮੈਂਬਰ ਨੇ ਗੁਰੂ ਰੰਧਾਵਾ ਨੂੰ ਸਲਮਾਨ ਖ਼ਾਨ ਦਾ ਕਰੀਬੀ ਹੋਣ ਦੇ ਨਤੀਜੇ ਭੁਗਤਣ ਦੀ ਧਮਕੀ ਦਿੰਦਿਆਂ ਕਿਹਾ ਕਿ ਇਹ ਹਮਲਾ ਤਾਂ 'ਸਿਰਫ਼ ਇੱਕ ਟ੍ਰੇਲਰ' ਸੀ। ਦੂਜੇ ਪਾਸੇ, ਦਿੱਲੀ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਫਿਲਹਾਲ ਇਸ ਆਡੀਓ ਕਲਿੱਪ ਅਤੇ ਸੋਸ਼ਲ ਮੀਡੀਆ ਪੋਸਟ ਦੀ ਪ੍ਰਮਾਣਿਕਤਾ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਇਲਾਕੇ ਦੇ ਸੀਸੀਟੀਵੀ ਫੁਟੇਜ ਖੰਗਾਲੇ ਜਾ ਰਹੇ ਹਨ ਅਤੇ ਫੋਰੈਂਸਿਕ ਟੀਮਾਂ ਨੇ ਮੌਕੇ ਤੋਂ ਸਬੂਤ ਇਕੱਠੇ ਕੀਤੇ ਹਨ। ਇਸ ਪੂਰੇ ਘਟਨਾਕ੍ਰਮ 'ਤੇ ਗਾਇਕ ਗੁਰੂ ਰੰਧਾਵਾ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਸਾਹਮਣੇ ਨਹੀਂ ਆਇਆ।

## ਜੈਕਲੀਨ ਫਰਨਾਂਡੀਜ਼ ਦੀ ਦਲੀਲ 'ਤੇ ਸੁਪਰੀਮ ਕੋਰਟ ਦੇ ਜੱਜ ਨੇ ਸੁਣਵਾਈ ਤੋਂ ਖੁਦ ਨੂੰ ਵੱਖ ਕੀਤਾ

ਨਵੀਂ ਦਿੱਲੀ, 11 ਜੂਨ (ਪ.ਪ) : ਸੁਪਰੀਮ ਕੋਰਟ ਦੇ ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਨੇ ਵੀਰਵਾਰ ਨੂੰ ਬਾਲੀਵੁੱਡ ਅਦਾਕਾਰਾ ਜੈਕਲੀਨ ਫਰਨਾਂਡੀਜ਼ ਦੀ ਉਸ ਪਟੀਸ਼ਨ 'ਤੇ ਸੁਣਵਾਈ ਤੋਂ ਖੁਦ ਨੂੰ ਵੱਖ ਕਰ ਲਿਆ, ਜਿਸ ਵਿੱਚ ਉਨ੍ਹਾਂ ਨੇ 200 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਮਾਮਲੇ ਵਿੱਚ ਦਿੱਲੀ ਦੀ ਹੇਠਲੀ ਅਦਾਲਤ ਵੱਲੋਂ ਉਨ੍ਹਾਂ ਅਤੇ ਕਥਿਤ ਠੱਗ ਸੁਕੇਸ਼ ਚੰਦਰਸ਼ੇਖਰ ਵਿਰੁੱਧ ਦੋਸ਼ ਆਇਦ ਕਰਨ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ।ਜਸਟਿਸ ਪੀ.ਕੇ. ਮਿਸ਼ਰਾ ਅਤੇ ਜਸਟਿਸ ਏ.ਐੱਸ. ਚੰਦੂਰਕਰ ਦੀ ਬੈਂਚ ਨੇ ਨਿਰਦੇਸ਼ ਦਿੱਤਾ ਕਿ ਇਹ ਮਾਮਲਾ 25 ਜੂਨ ਨੂੰ ਕਿਸੇ ਹੋਰ ਬੈਂਚ ਦੇ ਸਾਹਮਣੇ ਸੂਚੀਬੱਧ ਕੀਤਾ ਜਾਵੇ। ਸੁਣਵਾਈ ਦੀ ਸ਼ੁਰੂਆਤ ਵਿੱਚ, ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਸੂਚਿਤ ਕੀਤਾ



ਕਿ ਉਹ ਜਾਂਚ ਏਜੰਸੀ, ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਲਈ ਪੇਸ਼ ਹੋ ਰਹੇ ਹਨ। ਜਸਟਿਸ ਮਿਸ਼ਰਾ ਨੇ ਕਿਹਾ, ਕੁਝ ਦਿੱਕਤ ਹੈ, ਇਹ ਕਿਸੇ ਹੋਰ ਬੈਂਚ ਦੇ ਸਾਹਮਣੇ ਹੋਵੇਗਾ। ਇਸ ਨਾਲ ਜੁੜੇ ਇੱਕ ਮਾਮਲੇ ਵਿੱਚ ਮੇਰਾ ਬੇਟਾ ਸਰਕਾਰੀ ਪੱਖ ਵੱਲੋਂ ਪੇਸ਼ ਹੋਇਆ ਸੀ। ਇਸ ਨੂੰ ਅਜਿਹੀ ਬੈਂਚ ਅੱਗੇ ਲਗਾਇਆ ਜਾਵੇ ਜਿਸ ਵਿੱਚ ਸਾਡੇ ਵਿੱਚੋਂ ਕੋਈ ਵੀ ਮੈਂਬਰ ਨਾ ਹੋਵੇ।÷ਫਰਨਾਂਡੀਜ਼ ਨੇ ਇੱਥੋਂ ਦੀ ਪਟਿਆਲਾ ਹਾਊਸ ਕੋਰਟ ਦੇ 30 ਮਈ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਈ.ਡੀ. ਵੱਲੋਂ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ.ਐੱਮ.ਐੱਲ.ਏ.) ਤਹਿਤ ਜਾਂਚ ਕੀਤੇ ਜਾ ਰਹੇ ਇਸ ਮਾਮਲੇ ਵਿੱਚ ਅਦਾਕਾਰਾ ਵਿਰੁੱਧ ਦੋਸ਼ ਆਇਦ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ।

## ਸੰਪਾਦਕੀ

# ਆਰਥਿਕਤਾ ਨੂੰ ਸੰਭਾਲਣ ਦੀ ਲੋੜ

ਇਕ ਪਾਸੇ ਦੇਸ਼ ਦੀ ਆਰਥਿਕ ਵਿਕਾਸ ਦਰ ਦੇ ਤਾਜ਼ਾ ਅੰਕੜੇ ਅਤੇ ਦੂਜੇ ਪਾਸੇ ਸ਼ੇਅਰ ਬਾਜ਼ਾਰ ’ਚ ਭਾਰੀ ਉਥਲ-ਪੁਥਲ ਕਾਰਨ ਅਰਥਵਿਵਸਥਾ ਦੇ ਮੋਰਚੇ ’ਤੇ ਚਿੰਤਾ ਦੀਆਂ ਲਹਿਰਾਂ ਸਾਫ ਦੇਖੀਆਂ ਜਾ ਸਕਦੀਆਂ ਹਨ। ਭਾਵੇਂ ਆਰਥਿਕ ਮਾਹਿਰਾਂ ਵੱਲੋਂ ਵਿਕਾਸ ਦਰ ਬਾਰੇ ਕੀਤੇ ਅਨੁਮਾਨਾਂ ਵਿੱਚ ਕੋਈ ਬਹੁਤਾ ਫ਼ਰਕ ਨਹੀਂ ਹੈ, ਫਿਰ ਵੀ ਇਸ ਦੀ ਘੱਟ ਦਰ ਆਰਥਿਕਤਾ ਬਾਰੇ ਸਰਕਾਰ ਦੇ ਅਕਸਰ ਕੀਤੇ ਜਾਂਦੇ ਦਾਅਵਿਆਂ ਦਾ ਪ੍ਰਤੀਬਿੰਬ ਹੈ। ਨੈਸ਼ਨਲ ਸਟੈਟਿਸਟੀਕਲ ਆਫਿਸ (ਐੱਨ.ਐੱਸ.ਓ.) ਵੱਲੋਂ ਜਾਰੀ ਅੰਕੜਿਆਂ ਮੁਤਾਬਕ ਚਾਲੂ ਵਿੱਤੀ ਸਾਲ ਦੀ ਅਕਤੂਬਰ-ਦਸੰਬਰ ਤਿਮਾਹੀ ’ਚ ਦੇਸ਼ ਦੀ ਆਰਥਿਕ ਵਿਕਾਸ ਦਰ ਘੱਟ ਕੇ 6.2 ਫੀਸਦੀ ’ਤੇ ਆ ਗਈ ਹੈ। ਚਿੰਤਾ ਦਾ ਇੱਕ ਹੋਰ ਨੁਕਤਾ ਇਹ ਹੈ ਕਿ ਖੇਤੀਬਾੜੀ, ਖਣਨ, ਨਿਰਮਾਣ ਅਤੇ ਹੋਰ ਸਾਰੇ ਖੇਤਰਾਂ ਨੂੰ ਛੱਡ ਕੇ ਮਾੜਾ ਪ੍ਰਦਰਸ਼ਨ ਕੀਤਾ ਗਿਆ। ਦਰਅਸਲ, ਇਸ ਕਾਰਨ ਆਰਥਿਕ ਵਿਕਾਸ ਦਰ ਵੀ ਮੱਠੀ ਹੋਈ ਹੈ। ਇਸ ਤਰ੍ਹਾਂ ਰਾਹਤ ਮਹਿਸੂਸ ਕੀਤੀ ਜਾ ਰਹੀ ਹੈ ਕਿਉਂਕਿ ਪਿਛਲੀ ਤਿਮਾਹੀ ਭਾਵ ਜੁਲਾਈ-ਸਤੰਬਰ 2024 ਵਿੱਚ ਵਿਕਾਸ ਦਰ 5.6 ਫੀਸਦੀ ਸੀ, ਇਸ ਤੋਂ ਬਾਅਦ ਦੀ ਤਿਮਾਹੀ ਦੇ ਅੰਕੜੇ ਭਾਰਤੀ ਅਰਥਵਿਵਸਥਾ ਦੇ ਰਫਤਾਰ ਫੜਨ ਦੇ ਸੰਕੇਤ ਹਨ। ਪਰ ਸੁਧਾਰ ਦਾ ਮੁਲਾਂਕਣ ਪੂਰੇ ਵਿੱਤੀ ਸਾਲ ਦੇ ਅੰਕੜਿਆਂ ਦੇ ਆਧਾਰ ’ਤੇ ਹੀ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਸਾਲ 2023 ’ਚ ਅਕਤੂਬਰ-ਦਸੰਬਰ ਤਿਮਾਹੀ ’ਚ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ ਵਾਧਾ ਦਰ 9.5 ਫੀਸਦੀ ਦੱਸੀ ਗਈ ਸੀ। ਯਾਨੀ ਪਿਛਲੇ ਸਾਲ ਦੀ ਇਸੇ ਤਿਮਾਹੀ ਦੇ ਮੁਕਾਬਲੇ ਇੱਕ ਸਾਲ ਦੇ ਅੰਦਰ ਇੰਨਾ ਵੱਡਾ ਫਰਕ ਇਹ ਦਰਸਾਉਣ ਲਈ ਕਾਫੀ ਹੈ ਕਿ ਦੇਸ਼ ਦੀ ਆਰਥਿਕਤਾ ਦੀ ਹਾਲਤ ਅਤੇ ਦਿਸ਼ਾ ਨੂੰ ਸੁਧਾਰਨ ਲਈ ਬਹੁਤ ਠੋਸ ਕਦਮ ਚੁੱਕਣ ਦੀ ਲੋੜ ਹੈ। ਐਨਐਸਓ ਦੇ ਤਾਜ਼ਾ ਅੰਕੜੇ ਸਾਹਮਣੇ ਆਉਣ ਤੋਂ ਪਹਿਲਾਂ ਮੌਜੂਦਾ ਵਿੱਤੀ ਸਾਲ ਦੀ ਵਿਕਾਸ ਦਰ ਦਾ ਦੂਜਾ ਅਨੁਮਾਨ ਜਾਰੀ ਕਰਦੇ ਹੋਏ ਇਸ ਨੂੰ 6.5 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਗਿਆ ਸੀ। ਇਸ ਦ੍ਰਿਸ਼ਟੀਕੋਣ ਤੋਂ ਵਿਕਾਸ ਦਰ ਘੱਟ ਜਾਂ ਘੱਟ ਇਕੋ ਜਿਹੀ ਰਹੀ। ਪਰ ਇਸਦੇ ਸਮਾਨਾਂਤਰ, ਖਣਨ ਅਤੇ ਉਤਪਾਦਨ ਖੇਤਰ ਵਿੱਚ ਵਿਕਾਸ ਦਰ ਤੀਜੀ ਤਿਮਾਹੀ ਵਿੱਚ ਇੱਕ ਸਾਲ ਪਹਿਲਾਂ 4.7 ਪ੍ਰਤੀਸ਼ਤ ਤੋਂ ਘੱਟ ਕੇ 1.4 ਪ੍ਰਤੀਸ਼ਤ ਰਹਿ ਗਈ। ਇਸ ਤੋਂ ਇਲਾਵਾ ਉਸਾਰੀ ਖੇਤਰ, ਸੇਵਾ ਖੇਤਰ, ਵਪਾਰ, ਹੋਟਲ, ਟਰਾਂਸਪੋਰਟ, ਵਿੱਤੀ, ਰੀਅਲ ਅਸਟੇਟ ਕਾਰੋਬਾਰ, ਪੇਸ਼ੇਵਰ ਸੇਵਾਵਾਂ, ਸੰਚਾਰ ਅਤੇ ਪ੍ਰਸਾਰਣ ਨਾਲ ਸਬੰਧਤ ਸੇਵਾਵਾਂ ਵਿੱਚ ਵੀ ਵਿਕਾਸ ਦਰ ਵਿੱਚ ਗਿਰਾਵਟ ਦਰਜ ਕੀਤੀ ਗਈ। ਇਸ ਤਰ੍ਹਾਂ ਇਸ ਤਿਮਾਹੀ ’ਚ ਖੇਤੀ ਖੇਤਰ ’ਚ ਉਤਪਾਦਨ ’ਚ 5.6 ਫੀਸਦੀ ਦਾ ਵਾਧਾ ਰਾਹਤ ਦੇ ਰੂਪ ’ਚ ਦੇਖਿਆ ਜਾ ਸਕਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਭਾਵੇਂ ਆਰਥਿਕ ਮੋਰਚੇ ’ਤੇ ਕਈ ਤਰ੍ਹਾਂ ਦੀਆਂ ਉਲਝਣਾਂ ਦਾ ਪਹਿਲਾਂ ਹੀ ਅੰਦਾਜ਼ਾ ਹੈ, ਪਰ ਸਰਕਾਰ ਉਨ੍ਹਾਂ ਨੂੰ ਦੂਰ ਕਰਨ ਲਈ ਬਦਲਵੇਂ ਪ੍ਰਬੰਧਾਂ ਵੱਲ ਧਿਆਨ ਦੇਣ ਲਈ ਲੋੜੀਂਦੇ ਯਤਨ ਨਹੀਂ ਕਰਦੀ। ਜੇਕਰ ਅਕਤੂਬਰ-ਦਸੰਬਰ ਦੇ ਤਿਉਹਾਰੀ ਸੀਜ਼ਨ ਵਿੱਚ ਵੀ ਵਿਕਾਸ ਦਰ ਤਸੱਲੀਬਖਸ਼ ਨਹੀਂ ਰਹੀ ਤਾਂ ਇਸ ਤੋਂ ਪਤਾ ਲੱਗਦਾ ਹੈ ਕਿ ਆਰਥਿਕ ਵਿਕਾਸ ਨੂੰ ਲੈ ਕੇ ਸਰਕਾਰਾਂ ਦੇ ਜੋ ਵੀ ਦਾਅਵੇ ਕੀਤੇ ਜਾਣ, ਜ਼ਮੀਨੀ ਪੱਧਰ ’ਤੇ ਚਿੰਤਾਵਾਂ ਨੂੰ ਘਟਾਉਣ ਦੇ ਯਤਨ ਅੱਧੇ-ਅਧੂਰੇ ਹਨ। ਦੂਜੇ ਪਾਸੇ, ਵਸਤੂਆਂ ’ਤੇ ਟੈਰਿਫ ਦੇ ਮੁੱਦੇ ’ਤੇ ਅਮਰੀਕਾ ਦੀਆਂ ਨਵੀਆਂ ਨੀਤੀਆਂ ਦੇ ਐਲਾਨ ਤੋਂ ਬਾਅਦ ਵਪਾਰ ਯੁੱਧ ਦੇ ਡਰ ਦੇ ਵਿਚਕਾਰ ਦੁਨੀਆਂ ਭਰ ਦੇ ਸ਼ੇਅਰ ਬਾਜ਼ਾਰਾਂ ’ਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ। ਇਸ ਦੇ ਦਬਾਅ ਹੇਠ ਭਾਰਤ ਦਾ ਘਰੇਲੂ ਸਟਾਕ ਮਾਰਕੀਟ ਸਟੈਂਡਰਡ ਇੰਡੈਕਸ 1414 ਅੰਕ ਅਤੇ ਨਿਫਟੀ 420 ਅੰਕ ਡਿੱਗ ਗਿਆ। ਇਸ ਤੇਜ਼ ਗਿਰਾਵਟ ਕਾਰਨ ਨਿਵੇਸ਼ਕਾਂ ਨੂੰ 9 ਲੱਖ ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪਿਆ। ਕੁਦਰਤੀ ਤੌਰ ’ਤੇ ਆਰਥਿਕ ਵਿਕਾਸ ਦਰ ਦੇ ਤਾਜ਼ਾ ਅੰਕੜਿਆਂ ਨੂੰ ਸ਼ੇਅਰ ਬਾਜ਼ਾਰ ਦੀ ਗਿਰਾਵਟ ਨਾਲ ਜੋੜਿਆ ਜਾ ਰਿਹਾ ਹੈ। ਸੰਸਾਰ ਇਸ ਸਮੇਂ ਜਿਸ ਆਰਥਿਕ ਅਨਿਸ਼ਚਿਤਤਾ ਵਿੱਚੋਂ ਗੁਜ਼ਰ ਰਿਹਾ ਹੈ, ਭਾਰਤ ਨੂੰ ਆਪਣੀ ਆਰਥਿਕਤਾ ਨੂੰ ਸੰਭਾਲਣ ਲਈ ਪਹਿਲਾਂ ਤੋਂ ਤਿਆਰੀਆਂ ਕਰਨ ਦੀ ਲੋੜ ਹੈ।

# ਰਾਜਨੀਤੀ ਵਿਚ ਨੈਤਿਕ ਜ਼ਿੰਮੇਵਾਰੀਆਂ ਦਾ ਲਗਭਗ ਭੋਗ ਪੈ ਚੁੱਕੈ

ਦੁਨੀਆਂ ਦੇ ਸਭ ਤੋ ਵੱਡੇ ਲੋਕਤੰਤਰ ਭਾਰਤ ਵਿਚ ਹੁਣੇ-ਹੁਣੇ ਵਾਪਰੀਆਂ ਅਤੇ ਵਾਪਰ ਰਹੀਆਂ ਘਟਨਾਵਾਂ ਅਤੇ ਕੰਮਾਂਕਾਰਾਂ ਵੱਲ ਧਿਆਨ ਕਰੀਏ ਤਾਂ ਜਿੱਥੇ ਸਾਡਾ ਦੇਸ਼ ਬਹੁਤ ਹੀ ਸਕਰੀਏ ਭਾਵ ਐਕਟਿਵ ਦੇਸ਼ਾਂ ਵਿਚ ਨਜ਼ਰ ਆਉਂਦਾ ਹੈ ਉੱਥੇ ਸਾਡੀ ਸੱਤਾਧਾਰੀ ਸਰਕਾਰਾਂ ਵਿਚ ਹਰ ਕੰਮਕਾਰ, ਹਰ ਗਤੀਵਿਧੀ ਅਤੇ ਹਰ ਘਟਨਾ-ਦੁਰਘਟਨਾ ‘ਤੇ ਰਾਜਨੀਤੀ ਹੀ ਕਰਦੀ ਨਜ਼ਰ ਆਉਂਦੀ ਹੈ।ਇਸ ਤਰਾਂ ਲਗਦਾ ਜਿਵੇਂ ਉਹਨਾਂ ਨੇ ਨੈਤਿਕ ਕਦਰਾਂ-ਕੀਮਤਾਂ ਅਤੇ ਨੈਤਿਕਤਾ ਦਾ ਚੈਪਟਰ ਆਪਣੇ ਮੈਨੀਫੈਸਟੋ ਅਤੇ ਵਿਚਾਰਧਾਰਾਂ ‘ਚੋ ਮਨਫੀ ਕਰਕੇ, ਕਿਸੇ ਖੂੰਜੇ ਦੇ ਡਸਟਬਿਨ ਵਿਚ ਸੁੱਟ ਦਿੱਤਾ ਹੈ। ਦੇਸ਼ ਵਿਚ ਮਹਾਂਕੁੰਭ ਦਾ ਮਹਾਂਅਯੋਜਨ ਸ਼ਿਖਰਾਂ ‘ਤੇ ਹੈ।ਦਿੱਲੀ ਵਿਧਾਨਸਭਾ ਦੀਆਂ ਚੋਣਾਂ ਹੋ ਨਿਬੜੀਆਂ ਹਨ।ਭਾਜਪਾ ਨਵਾਂ ਮੁਖਮੰਤਰੀ ਬਣਾਉਨ ਦੀ ਕਾਟ-ਛਾਟ ਲਗੀ ਹੋਈ ਹੈ। ਦਿੱਲੀ ਵਿਧਾਨਸਭਾ ਦੀਆਂ ਚੋਣਾਂ ਵਾਲੇ ਦਿਨ ਹੀ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਵਲੋਂ ਭਾਰਤ ਨੂੰ ਵੱਡਾ ਝਟਕਾ ਦਿੰਦਿਆਂ ਸੈਂਕੜੇ ਭਾਰਤੀਆਂ ਨੂੰ ਆਪਣੀ ਆਰਮੀ ਦੇ ਜਹਾਜਾਂ ਵਿਚ ਬੇੜੀਆਂ ਨਾਲ ਜੱਕੜ ਕੇ ਭਾਰਤ ਵੱਲ ਡਿਪੋਟ ਕੀਤਾ ਹੈ ਅਤੇ ਇਹ ਸਿਲਸਿਲਾ ਆਪਣੀ ਲਗਾਤਾਰਤਾ ਵੱਲ ਵੱਧ ਰਿਹਾ ਹੈ।ਕੇਂਦਰ ਸਰਕਾਰ ਦਾ ਬਜਟ ਸੈਸ਼ਨ ਦੀਆਂ ਬਹਿਸਾਂ ਦੀ ਬਲੀ ਚੜ ਚੁੱਕਾ ਹੈ।ਨਵੀ ਦਿੱਲੀ ਰੇਲਵੇ ਪਲੇਟ-ਫਾਰਮ ‘ਤੇ ਮੱਚੀ ਭਗਦੜ ਨਾਲ ਕਈ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਹਨ।ਕਈ ਰਾਜਾਂ ਦੇ ਸੈਸ਼ਨ ਚਲ ਰਹੇ ਹਨ।ਰਾਜਾਂ ਦੀਆਂ ਸਰਕਾਰਾਂ ਵੀ ਇਕ ਦੂਜੇ ਨਾਲੋ ਘੱਟ ਨਹੀਂ ਹਨ।ਲਗਭਗ ਦੋ ਸਾਲਾਂ ਦੇ ਨਰਸ਼ੰਹਾਰ ਤੋ ਬਾਅਦ ਮਨੀਪੁਰ ਦੇ ਮੁੱਖ-ਮੰਤਰੀ ਨੇ ਆਪਣੇ ਵਿਧਾਨ ਸਭਾ ਸੈਸ਼ਨ ਤੋਂ ਪਹਿਲਾਂ ਹੀ ਅਸਤੀਫਾ ਦੇ ਦਿੱਤਾ ਹੈ।ਮਨੀਪੁਰ ਵਿਚ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਹੈ।ਇਸ ਗਲੋਬਲਾਈਜ਼ ਯੁਗ ਵਿਚ ਇਹਨਾਂ ਘਟਨਾਵਾਂ ਦਾ ਰਾਜਨੀਤਿਕ ,ਧਾਰਮਿਕ ,ਸਮਾਜਿਕ , ਆਰਥਿਕ ਅਤੇ ਅੰਤਰਾਸ਼ਟਰੀ ਅਸਰ ਚੰਗੇ ਨਹੀ ਹਨ ਪਰ ਇਸ ਦਾ ਅਸਰ ਦੁਨੀਆਂ ਦੇ ਹਰ ਵਰਗ ‘ਤੇ ਪੈ ਰਿਹਾ ਹੈ।ਵੈਸੇ ਗੁਜਰੇ ਕੁੱਝ ਮਹੀਨਿਆਂ ਅੰਦਰ ਤਿੰਨ ਰਾਜਾਂ ਦੀਆਂ ਚੋਣਾ ‘ਚ ਜੋ ਵਾਪਰਿਆ, ਖੋਦੋ ਇੰਡਿਆ ਅਤੇ ਘੱਟ ਗਿਣਤੀਆਂ ਨਾਲ ਹੋ ਰਹੇ ਵਿਤਕਰੇ, ਵਤੀਰੇ ਅਤੇ ਵਕਾਰ ਵਿਚ ਵੀ ਨੈਤਿਕਤਾ ਨਜ਼ਰ ਨਹੀ ਸੀ ਆਈ।

ਮਹਾਂਕੁੰਭ ਮੇਲਾ ਭਾਰਤ ਦੀ ਧਾਰਮਿਕ , ਸਭਿਆਚਾਰਕ ਅਤੇ ਸਮਾਜਿਕ ਏਕਤਾ ਦਾ ਪ੍ਰਤੀਕ ਹੈ ਅਤੇ ਹਿੰਦੂ ਆਸਥਾ ਦਾ ਮੂਲ ਹੈ। ਇਸ ਦੀ ਧਾਰਮਿਕ ਅਤੇ ਇਤਿਹਾਸਿਕ ਮਹਤੱਤਾ ਹੈ। ਕੇਵਲ ਹਿੰਦੂ ਸਨਾਤਨ ਹੀ ਨਹੀ ਬਾਕਿ ਧਾਰਮਿਕ ਸਨਾਤਨ ਵੀ ਮਹਾਂਕੁੰਭ ਦੀ ਮਹੱਤਤਾ ਨੂੰ ਸਮਝਦੇ ਹਨ ਅਤੇ ਉਸਦਾ ਆਦਰ ਵੀ ਕਰਦੇ ਹਨ।ਗੰਗਾ ,ਜਮੁਨਾ ਅਤੇ ਸਰਸਵਤੀ ਸੰਗਮ ਦਾ ਨਜ਼ਾਰਾ ਹਰ ਆਸਥਾ ਵਾਲੇ ਨੂੰ ਸੰਮੋਹਿਤ ਕਰਦਾ ਹੈ ਇਹ ਹੀ ਕਾਰਣ ਹੈ ਕਿ ਮਹਾਂਕੁੰਭ ਦੇ ਇਸ 13 ਜਨਵਰੀ ਤੋਂ 26 ਫਰਵਰੀ ਤੱਕ ਚਲਣ ਵਾਲੇ ਇਸ ਉਤਸਵ ਵਿਚ ਮੁਸਲਿਮ , ਸਿੱਖ ਅਤੇ ਇਸਾਈ ਭਾਈਚਾਰੇ ਦੇ ਲੋਕਾਂ ਨੇ ਰਾਜਨੀਤੀਵਾਨਾਂ ਅਤੇ ਕੱਟੜ ਹਿੰਦੂਵਾਦ ਦੀ ਸੋਚ ਤੋਂ ਉੱਪਰ ਉੱਠ ਕੇ ਕੁੰਭ ਵਿਚ ਸ਼ਰਧਾਲੂਆਂ ਦੀ ਰਜ ਕੇ ਸੇਵਾ ਕੀਤੀ ਹੈ। ਇੱਥੋ ਤੱਕ ਕਿ ਲੋਕਾਂ ਲਈ ਆਪਣੇ ਘਰਾਂ ਦੇ ਬੂਹੇ ਖੋਲ ਦਿੱਤੇ ਹਨ।ਪਰ ਮੰਦਭਾਗਾ ਇਹ ਹੈ ਕਿ ਸੁਰਖਿਆਂ ,ਸਮਾਨਤਾ ਅਤੇ ਅਤਿ-ਆਧਨਿਕ ਪ੍ਰਬੰਧਾਂ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੀ ਯੋਗੀ ਸਰਕਾਰ ਅਤੇ ਉਸ ਦਾ ਪ੍ਰਸ਼ਾਸ਼ਨ ਨਾ ਤਾਂ ਵੀ.ਆਈ.ਪੀ. ਟਰੀਟਮੈਂਟ ਕਲੱਚਰ ਰੋਕ ਸੱਕਿਆ ਅਤੇ ਨਾ ਹੀ ਮਾਨਯੋਗ ਪ੍ਰਧਾਨਮੰਤਰੀ ਮੋਦੀ ਸਾਹਿਬ ਆਪਣੀ ਈ.ਪੀ.ਆਈ ਭਾਵ ਐਵਰੀ ਪਰਸਨ ਇੰਪੋਰਟੈਂਟ ਵਾਲਾ ਵਾਇਦਾ ਨਿਭਾ ਸਕੇ, ਉਲਟਾ ਪ੍ਰਬੰਧ ਦੀਆਂ ਕਮੀਆਂ ਕਾਰਨ ਹੋਈਆਂ ਅੱਗਜਨੀਆਂ, ਭੀੜਾਂ ਦੀ ਭੱੜਕਣ ਅਤੇ ਪੁੱਲ ਦੇ ਟੁੱਟਣ ਨਾਲ ਹੋਏ ਜਾਨੀ-ਮਾਲੀ ਨੁਕਸਾਨ ਦੀ ਨੈਤਿਕ ਜਿੰਮੇਵਾਰੀ ਤੋਂ ਭਜ ਦੇ ਨਜ਼ਰ ਆਏ।ਹੁਣੇ ਹੋਏ ਨਵੀਂ ਦਿੱਲੀ ਰੇਲਵੇ ਪਲੇਟਫਾਰਮ ‘ਤੇ ਭੀੜ ਦੀ ਭਗਦੜ ਕਾਰਣ ਢੇੜ-ਦਰਜਨ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ।ਅਜੇ ਤੱਕ ਨਾ ਮਰਿਆਂ ਦਾ ਪੂਰਾ ਪਤਾ ਲੱਗਾ ਹੈ, ਨਾ ਜਖਮੀਆਂ ਦਾ ਅਤੇ ਨਾ ਹੀ ਗੁਆਚਿਆਂ ਦਾ ਪਤਾ ਲਗਾ। ਕਹਿੰਦੇ ਸੰਗਮ ਦੇ ਇਸ ਮਹਾਂਮਿਲਣ ‘ਚ ਸ਼ਾਇਦ ਉਹ ਲੰਬੇ ਸ਼ਨਾਨ ‘ਚ ਚਲੇ ਗਏ।ਪਰ ਨੈਤਿਕ ਜਿੰਮੇਵਾਰੀ ਪੂਰੀ ਤਰਾਂ ਸੌੜੀ, ਨਾਕਾਰਾਤਮਕ ਅਤੇ ਮੌਕਾਪ੍ਰਸਤੀ ਦੇ ਕੁਸੰਗਮ ‘ਚ ਪੂਰੀ ਤਰਾਂ ਵਹਿ ਗਈ। ਸੰਭਾਵਿਤ ਹੈ ਕਿ ਵੱਡੇ ਪ੍ਰਬੰਧਾਂ ਵਿਚ ਕਮੀਆਂ ਰਿਹ ਵੀ ਸਕਦੀਆਂ ਹਨ ,ਕਈ ਭਿਆਨਕ ਹਾਦਸੇ ਵੀ ਹੁੰਦੇ ਰਹੇ ਹਨ।ਡੰਗ-ਟਪਾਉ ਸੋਚ ਅਤੇ ਢਿਲੀ ਵਿਵਸੱਥਾ ਕਾਰਨ ਕਮੀਆਂ ਰਹਿ ਜਾਦੀਆਂ ਹਨ। ਇਸ ਵਿਚ ਵੀ ਕੋਈ ਸ਼ਕ ਨਹੀ ਕਿ ਬੰਦ ਕਮਰਿਆਂ ਦੀਆਂ ਯੋਜਨਾਵਾਂ ਅਤੇ ਜਮੀਨੀ ਹਕੀਕਤ ਵਿਚ ਅੰਤਰ ਹੁੰਦਾ ਹੀ ਹੈ।ਖਾਸਕਰ ਭਾਰਤ ਵਰਗੇ ਦੇਸ਼ ;ਚ ਜਿੱਥੇ ਪ੍ਰਬੰਧਾਂ,ਕੰਮਾਂ ਅਤੇ ਸਹੂਲਤਾਂ ਨੂੰ ਧਰਮ,ਜਾਤ ਅਤੇ ਰੰਗ ਦਾ ਭੇਦ-ਭਾਵ ਦੇ ਤਪਦੇ ਮਾਰੂਥਲ ਪਾਰ ਕਰਨੇ ਪੈਂਦੇ ਹਨ।ਵਿਵਸਥਾ ਨੇ ਇਹ ਵਿਖਰੇਵੇਂ ਅਤੇ ਵਿਤਕਰੇ ਸੰਵਿਧਾਨ ‘ਚੋਂ ਤਾਂ ਕੱਢ ਦਿੱਤੇ ਹਨ ਪਰ ਇਹ ਗੰਦਾ ਗਲ਼ਬਾ ਦਿਮਾਗਾਂ ‘ਚੋਂ ਨਹੀ ਨਿਕਲ ਸਕਿਆ, ਬਲਕਿ ਹੁਣ ਇਹ ਡੂੰਘਾ ਕੀਤਾ ਜਾ ਰਿਹਾ ਹੈ।ਅਜੇ ਵੀ ਸਾਡੀਆਂ ਯੋਜਨਾਵਾਂ ਦੇ ਪੈਮਾਨੇ ਅਜਿਹੀਆਂ ਹਾਲਤਾਂ ਅਤੇ ਹਲਾਤਾਂ ਦੇ ਆਲੇ ਦੁਆਲੇ ਹੀ ਘੁੰਮਦੇ ਰਹਿੰਦੇ ਹਨ। ਅਜਿਹੀ ਸਥਿਤੀ ਵਿਚ ਸੰਵੇਦਨਾਂ ਅਤੇ ਸਹਾਨੁਭੂਤੀ ਨਾਲ ਪੀੜਤਾਂ ਦੇ ਅੱਥਰੂ ਪੂਜੰਣ ਦੀ ਥਾਂ ਤੱਥਾਂ ਨੂੰ ਛੁਪਾਉਣ ,ਦਬਾਉਣ ਅਤੇ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।ਲੋਕਾਂ ਸਾਹਮਣੇ ਅਸਲੀ ਤੱਥਾਂ ਨੂੰ ਆਉਣ ਨਹੀ ਦਿੱਤਾ ਜਾਂਦਾ।ਪ੍ਰੈਸ ਨੂੰ ਦਬਾਅ ਲਿਆ ਜਾਂਦਾ ਹੈ ਜਾਂ ਗੋਦੀ ‘ਚ ਬੈਠਾ ਲਿਆ ਜਾਂਦਾ ਹੈ।ਪੜਿਤਾਂ ਦਾ ਮੁਆਵਜ਼ਾ ਤਾਂ ਦੱਸ ਦਿੱਤਾ ਜਾਂਦਾ ਹੈ ਪਰ ਉਹਨਾਂ ਦੀਆਂ ਸੂਚੀਆਂ ਨਹੀ ਜਾਰੀ ਕੀਤੀਆਂ ਜਾਂਦੀਆਂ।ਸਾਡੀ ਸੱਤਾ ਦਾ ਹੰਕਾਰ ਇਸ ਕਦਰ ਵੱਧ ਚੁੱਕਾ ਹੈ ਕਿ ਅਸੀ ਆਪਣੀਆਂ ਨਾਕਾਮੀਆਂ ਨੂੰ ਮਨੰਣਾ ਆਪਣੀ ਹੱਤਕ ਸਮਝਦੇ ਹਾਂ ਨਾਲ ਦੀ ਨਾਲ ਸੱਤਾ ਦੀ ਹੱਤਕ ਸਮਝਦੇ ਹਾਂ। ਸ਼ਾਇਦ ਨੈਤਿਕਤਾ ਅਤੇ ਨੈਤਿਕ ਜਿੰਮੇਵਾਰੀ ਵਾਲਾ ਚੈਪਟਰ ਅਸੀ ਪੜ੍ਹਿਆ ਹੀ ਨਹੀ ਜਾਂ ਪਾੜ ਦਿੱਤਾ ਹੈ।

ਭਾਰਤ ਜੋ ਪੂਰੀ ਦੂਨੀਆਂ ‘ਚ ਚੰਗੇ ਅੰਤਰਾਸ਼ਟ੍ਰੀ ਰਿਸ਼ਤਿਆਂ ਨੂੰ ਬਨਾਉਣ ਅਤੇ ਨਿਭਾਉਣ ਵਿਚ ਬਹੁਤ ਸਿਆਣਾ ਮੰਨਿਆ ਜਾਂਦਾ ਸੀ।ਜਿਸ ਦਿਨ ਦਾ ਅਮਰੀਕਾ ਦੇ ਨਵੇ ਅਤੇ ਦੁਸਰੀ ਵਾਰ ਬਣੇ ਰਾਸ਼ਟਰਪਤੀ ਡੋਨਲਡ ਟ੍ਰੰਪ ਨੇ ਜਿਸ ਦਿਨ ਤੋਂ ਆਪਣੇ ਅਹੁਦੇ ਦੀ ਸੌਂ ਚੁੱਕੀ ਹੈ ਸਾਰੀ ਦੁਨੀਆਂ ਨੂੰ ਸਦਮਾਂ ਸਿਧਾਂਤ ਨਾਲ ਵਾਂਗ ਸਿੱਧੇ ਤੌਰ ਦੇਸ਼ਾਂ ਨੂੰ ਡਰਾ ਰਿਹਾ ਹੈ।ਉਹ ਭਾਰਤ ਨਾਲ ਵਪਾਰ ‘ਚ ਜਵਾਬੀ ਟੈਰਿਫ ਅਤੇ ਅਮਰੀਕਾ ‘ਚ ਗੈਰਕਾਨੂੰਨੀ ਢੰਗ ਨਾਲ ਪਹੁੰਚੇ ਅਤੇ ਲੰਬੇ ਸਮੇ ਤੋਂ ਰਹਿ ਰਹੇ ਭਾਰਤੀਆਂ ਦੀ ਵਾਪਸੀ ਦੀ ਟਰਾਂਸਪੋਟੇਸ਼ਨ ਨੂੰ ਲੈਕੇ ਭਾਰਤ ਨੂੰ ਲਗਾਤਾਰ ਡਰਾ ਅਤੇ ਧਮਕਾ ਰਿਹਾ ਹੈ।ਭਾਰਤ ਦਾ ਚੁੱਪ ਰਿਹਣਾ ਜਾਂ ਅਮਰੀਕਾ ਦੀਆਂ ਸਾਰੀਆਂ ਸ਼ਰਤਾਂ ਮੰਨ ਜਾਣਾ, ਲਗਦਾ ਹੈ ਭਾਰਤ ਕਿਸੇ ਅੰਤਰਾਸ਼ਟਰੀ ਕੜੀਕੀ ‘ਚ ਫੱਸ ਚੁੱਕਾ ਹੈ ਜਾਂ ਫੱਸਦਾ ਜਾ ਰਿਹਾ ਹੈ।ਫਰਾਂਸ ਤੋਂ ਸਿੱਧੇ ਅਮਰੀਕਾ ਟ੍ਰੰਪ ਨੂੰ ਮਿਲਣ ਗਏ ਪ੍ਰਧਾਨ ਮੰਤਰੀ ਮੋਦੀ ਆਪਣੀ ਇਸ ਮਿਲਣੀ ਵਿਚ ਬਹੁਤ ਹੀ ਹਲਕੇ , ਘਬਰਾਏ ਅਤੇ ਅੰਡਰਪ੍ਰੈਸ਼ਰ ਨਜ਼ਰ ਆਏ।ਬੰਦਾ ਮੁਹੋਂ ਬੋਲੇ ਜਾ ਨਾ ਬੋਲੇ ਅਤੇ ਗਲਾਂ ਵੀ ਭਾਵੇਂ ਲੱਖ ਛੁਪਾ ਲਵੇ ਪਰ ਸ਼ਰੀਰਿਕ ਹਾਵ ਭਾਵ ਕਦੇ ਨਹੀ ਲੁਕਾ ਸਕਦਾ। ਮਨੀਪੁਰ ਸਟੇਟ ਦੀ ਵਿਧਾਨਸਭਾ ਭੰਗ ਕਰਕੇ ਮਨੀਪੁਰ ਰਾਜ ਵਿਚ ਰਾਸ਼ਟਰਪਤੀ ਰਾਜ ਘੋਸ਼ਿਤ ਕੀਤਾ ਗਿਆ ਹੈ।ਪਿਛਲੇ ਦੋ ਸਾਲਾਂ ਦੋ ਫਿਰਕਿਆਂ ਮਤੱਈ ਅਤੇ ਕੁੱਕੀ ਲਗਾਤਾਰ ਆਪਸ ਲੜ ਲੜ ਮਰ ਰਹੇ ਹਨ।ਘੱਟ ਗਿਣਤੀ ਇਸਾਈਆਂ ਨੂੰ ਘਰਾਂ ਵਿੱਚੋ ਕੱਢ ਕੱਢ ਸਰ-ਏ-ਆਮ ਮਾਰਿਆ ਗਿਆ ।ਇਥੋਂ ਤੱਕ ਕਿ ਇਕ ਆਰਮੀ ਜਵਾਨ ਦੇ ਪਰਿਵਾਰ ਦੇ ਜੀਆਂ ਨੂੰ ਨਗਨ ਪਰੇਡ ਕਰਵਾਈ ਗਈ।ਮਨੀਪੁਰ ਦੇ ਲੋਕ ਐਮਰਜੈਂਸੀ ਅਤੇ ਸਿਵਿਲ ਵਾਰ ਵਾਲੇ ਹਲਾਤਾਂ ਵਿਚ ਆਪਣਾ ਜੀਵਨ ਵਤੀਤ ਕਰ ਰਹੇ ਹਨ।ਇਸ ਤੋਂ ਵੀ ਬਦਤਰ ਹਾਲਾਤ ਅਤੇ ਹਾਲਤਾਂ ਵਿਚ ਲੋਕ ਲਗਾਤਾਰ ਡਰ ,ਸਹਿਮ ਅਤੇ ਖੌਫ ਕਾਰਨ ਲੁਕ-ਲੁਕ ਜੀਵਨ ਵਤੀਤ ਕਰ ਰਹੇ ਹਨ।ਹਾਲਾਤ ਇਸ ਤਰਾਂ ਬਣਾ ਦਿੱਤੇ ਕਿ ਇਕ ਰਾਜ ਦੋ ਭਾਗਾਂ ਵਾਲਾ ਰਾਜ ਹੋ ਗਿਆ। ਪ੍ਰਸ਼ਨ ਇਹ ਹੈ ਕਿ ਕੀ ਮਨੀਪੁਰ ਦੇ ਇਹ ਦੋਵੇਂ ਫਿਰਕੇ ਕਦੇ ਇਕ ਦੂਜੇ ਨਾਲ ਫਿਰ ਸਾਂਝੇ ਹੋਣਗੇ।ਤੁਸ਼ਟੀਕਰਨ ਅਤੇ ਫਿਰਕਾਪ੍ਰਸਤਾਂ ਨੂੰ ਪਤਾ ਸੀ 40 ਪ੍ਰਤੀਸ਼ਤ ਅਤੇ60 ਪ੍ਰਤੀਸ਼ਤ ਨੂੰ ਇਸ ਕਦਰ ਲੜਵਾ ਦਵੋ ਕਿ ਇਹਨਾਂ ‘ਚ ਕੁਝ ਵੀ ਸਾਂਝ ਨਾ ਰਹੇ ਅਤੇ ਘੱਟ ਗਿਣਤੀਆਂ ਦੁਬਕ ਜਾਣ।ਮਨੀਪੁਰ ਅਖੰਡਭਾਰਤ ਦਾ ਅਭਿਨ ਅੰਗ ਹੈ ਦਾ ਦਾਅਵਾ ਕਰਨ ਵਾਲੇ ਸਾਡੇ ਮਾਨਯੋਗ ਪ੍ਰਧਾਨ ਮੰਤਰੀ ਸਾਹਿਬ ਨੇ ਕਦੇ ਨੈਤਿਕ ਤੌਰ ਤੇ ਵੀ ਮਨੀਪੁਰ ਜਾਣ ਦੀ ਗੱਲ ਨਹੀ ਕੀਤੀ ਅਤੇ ਨਾ ਹੀ ਦਿਲੀ ਹਮਦਰਦੀ ਪ੍ਰਗਟਾਈ ਹੈ।ਅਜਿਹੇ ਹਾਲਾਤਾਂ ਵਿਚ ਅਜੇ ਵੀ ਉਥੋਂ ਬਹੁਤੀਆਂ ਖਬਰਾਂ ਬਾਹਰ ਨਹੀ ਆਉਣ ਦਿੱਤੀਆਂ ਜਾਂਦੀਆਂ।ਕਿਹਾ ਜਾ ਰਿਹਾ ਹੈ ਕਿ ਹੁਣ ਵੀ ਅਸਤੀਫਾ ਅਵਿਸ਼ਵਾਸ ਮਤ ਪੇਸ਼ ਹੋਣ ਦੇ ਡਰ ਅਤੇ ਅਮਰੀਕਾ ਦੇ ਡਰ ਕਾਰਨ ਲਿਆ ਗਿਆ ਹੈ। ਭਾਵ ਨੈਤਿਕਤਾ ਅਤੇ ਨੈਤਿਕ ਜਿੰਮੇਵਾਰੀ ਵਾਲੀ ਝਿੰਜੋੜ ਅਜੇ ਵੀ ਨਹੀ ਹੈ।ਪਿੱਛੇ ਮਕਸਦ ਸੌੜੀ ਰਾਜਨੀਤੀ ਹੀ ਹੈ। ਅੱਜ ਦੇਸ਼ ਦੇ ਉਹਨਾਂ ਕੁਰਬਾਨੀਆਂ ਦੇ ਪੁੰਜ ਜਿੰਨਾਂ ਦੇਸ਼ ਨੂੰ ਅਜਾਦ ਕਰਵਾਉਣ ਲਈ ਜਿੱਥੇ ਆਪਣੇ ਜੀਵਨ ਕੁਰਬਾਨ ਕੀਤੇ ਉੱਥੇ ਆਪਣੇ ਪਰਿਵਾਰਾਂ ਦੇ ਜੀਵਨ ਵੀ ਦੇਸ਼ ਲਈ ਵਾਰ ਦਿੱਤੇ ।ਉਹਨਾਂ ਨੂੰ ਯਾਦ ਕਰਨ ਨੂੰ ਜੀ ਕਰਦਾ ਹੈ।ਉਹਨਾਂ ਧਰਮਾਂ,ਜਾਤਾਂ ਤੋ ਉਪਰ ਉੱਠ ਕੇ ਪਰਿਵਾਰਿਕ ਜੀਵਨ ਦੀ ਪਰਵਾਹ ਨਾ ਕਰਕੇ ਸਮਾਜਿਕ ਇਨੰਕਲਾਬ ਲਿਆਉਣਾ ਆਪਣੀ ਨੈਤਿਕ ਜਿੰਮੇਵਾਰੀ ਸਮਝੀ।ਸੁਣਨ ਪੜਨ ‘ਚ ਪਤਾ ਚਲਦਾ ਹੈ ਕਿ ਆਜਾਦ ਭਾਰਤ ਵਿਚ ਅੱਜ ਤੱਕ ਆਪਣੇ ਕੰਮ ਦੀ ਕੁਤਾਹੀ ਅਤੇ ਆਪਣੇ ਵੇਲੇ ਸਿਸਟਮ ਦੀ ਗੈਰਜਿੰਮੇਵਾਰੀ ਕਬੂਲ ਕੇ ਨੈਤਿਕ ਅਧਾਰ ‘ਤੇ ਸ਼ਾਇਦ ਦੋ ਹੀ ਅਜਿਹੇ ਅਸਤੀਫੇ ਗਿਣੇ ਜਾ ਸਕਦੇ ਹਨ।ਪਹਿਲਾ ਲਾਲ ਬਹਾਦੁਰ ਸ਼ਾਸਤਰੀ ਜੀ ਅਤੇ ਦੁਸਰੇ ਨੀਤਿਸ਼ ਕੁਮਾਰ ਜੀ ਦਾ ਅਸਤੀਫਾ। ਦੋਵਾਂ ਨੇ ਆਪਣੇ ਵੇਲੇ ਦੀਆਂ ਵਡੀਆਂ ਰੇਲਵੇ ਦੁਰਘਟਨਾਵਾਂ ਦੀ ਨੈਤਿਕ ਜਿੰਮੇਵਾਰੀ ਸਮਝੀ ਅਤੇ ਆਪਣੇ ਵੱਡੇ ਆਹੁਦੇ ਤੋਂ ਅਸਤੀਫੇ ਦਿੱਤੇ।ਪਰ ਹੁਣ ਨੀਤਿਸ਼ ਜੀ ਵੀ ਬੁਰੀ ਤਰਾਂ ਮੌਕਾਪ੍ਰਸਤੀ ਦੀ ਰਾਜਨੀਤੀ ਵਿਚ ਲਿਪਤ ਹਨ।ਅੱਜਿਹਾ ਨਹੀ ਕਿ ਇਹਨਾਂ ਇਲਾਵਾ ਨੇਤਾ,ਮੰਤਰੀ ਅਤੇ ਅਫਸਰਾਂ ਦੇ ਅਸਤੀਫੇ ਨਹੀ ਹੋਏ ਪਰ ਉਹ ਇਕ ਰਾਜਨੀਤਿਕ ਪਰੈਪੋਗੰਡੇ ਵਿਚ ਦਿੱਤੇ ਗਏ ਜਾਂ ਲਏ ਗਏ ਅਸਤੀਫੇ ਹਨ ਜਿਨਾਂ ਨੂੰ ਨੈਤਿਕ ਜਾਮਾਂ ਪਵਾਇਆ ਜਾਂਦਾ ਰਿਹਾ ਹੈ।ਪਰ ਵੇਖਣ ਵਿਚ ਇਹ ਆਇਆ ਹੈ ਡੇਢ ਕੁ ਦਹਾਕੇ ਤੋਂ ਨੈਤਿਕ ਜਿੰਮੇਵਾਰੀ ਵੀ ਅਨੈਤਿਕ ਸਮਝੀ ਜਾਣ ਲਗ ਪਈ।ਮੰਤਰੀ ਗੋਲੀ ਮਾਰਨ ਦੀ ਗੱਲ ਸ਼ਰੇਆਮ ਕਰਦੇ ਹਨ ਕੋਈ ਨੈਤਿਕ ਜਿੰਮੇਵਾਰੀ ਨਹੀ।ਸ਼ਰੇ ਆਮ ਲੋਕਾਂ ‘ਤੇ ਜੀਪਾਂ ਚੜਾ ਦਿੱਤੀਆ ਜਾਂਦੀਆਂ ਹਨ ਕੋਈ ਨੈਤਿਕ ਜਿੰਮੇਵਾਰੀ ਨਹੀ, ਸੁਰੱਖਿਆ ‘ਚ ਕੋਤਾਹੀ ਕਾਰਨ ਪੁਲਵਾਮਾਂ ‘ਚ 40 ਜਵਾਨਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ ਕੋਈ ਨੈਤਿਕ ਜਿੰਮੇਵਾਰੀ ਨਹੀ। ਮੌਰਬੀ (ਗੁਜਰਾਤ) ਚ ਮਾੜੇ ਪ੍ਰਬੰਧਾਂ ਅਤੇ ਭ੍ਰਿਸ਼ਟਾਚਾਰ ਕਾਰਣ ਪੁਲ ਟੁਟਣ ਨਾਲ ਸੈਕੜੇ ਜਾਨਾਂ ਚਲੀਆਂ ਗਈਆਂ , ਕੋਈ ਨੈਤਿਕ ਜਿੰਮੇਵਾਰੀ ਨਹੀ।ਲਗਾਤਾਰ ਹੋ ਰਰੇ ਵੱਡੇ ਰੇਲ ਹਾਦਸੇ , ਕਹਿੰਦੇ ਹਨ ਕਿ ਤਿੰਨ ਰੇਲ ਗੱਡੀਆਂ ਦਾ ਆਪਸ ਵਿਚ ਟਕਰਾ ਜਾਣ ਵਾਲਾ ਹਾਦਸਾ ਕੋਤਾਹੀ ਅਤੇ ਗੈਰਜਿੰਮੇਵਾਰੀ ਦੀ ਹੱਦ ਤੋ ਪਰੇ ਹੈ ਅਜਿਹਾ ਕਦੇ ਨਹੀ ਹੋਇਆ, ਕੋਈ ਨੈਤਿਕ ਜਿੰਮੇਵਾਰੀ ਨਹੀ।ਇਸ ਵਿਚ ਵੀ ਕੋਈ ਦੋ ਰਾਏ ਨਹੀ ਕਿ ਸਾਡੇ ਮਾਨਯੋਗ ਕੇਂਦਰੀ ਰੇਲਵੇ ਮੰਤਰੀ ਸ਼੍ਰੀ ਅਸ਼ਵਨੀ ਵੈਸ਼ਣਵ ਜੀ ਬਹੁਤ ਸਿਆਣੇ ਹਨ ਪਰ ਉਹਨਾਂ ਦੇ ਸਮੇਂ ਰੇਲ ਦੁਰਘਟਨਾਵਾਂ ਜਿਆਦਾ ਹੋ ਰਹੀਆਂ ਹਨ।ਚਾਹੀਦਾ ਤਾਂ ਇਹ ਹੈ ਕਿ ਜੇ ਅਸੀ ਜਨਤਾ ਕੋਲੋਂ ਜਿੱਤ ਦੇ ਹਾਰ ਪਵਾਉਣ ਲਈ ਧੋਣ ਤਿਆਰ ਰਖਦੇ ਹਾਂ ਤਾਂ ਉਹਨਾਂ ਦੇ ਹੱਥਾਂ ,ਪੈਰਾਂ ਅਤੇ ਜਾਨ ਮਾਲ ਦੀ ਸਲਾਮਤੀ ਲਈ ਕੰਮ ਕਰੀਏ । ਸੱਤਾ ਮੋਹ ਅਤੇ ਹੰਕਾਰ ਤੋਂ ਬਚੀਏ।

# ਭਾਰਤੀਆਂ ਦੀ ਵਾਪਸੀ-ਪਰ ਸਰਕਾਰਾਂ ਜ਼ਿੰਮੇਵਾਰ ਕਿਉਂ....?

ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀ ਨਾਗਰਿਕਾਂ ਦੀ ਵਾਪਸੀ ਨੂੰ ਲੈ ਕੇ ਚਰਚਾ ਗਰਮ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਰਕਾਰ ਨੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਏ ਲੋਕਾਂ ਨੂੰ ਡਿਪੋਰਟ ਕਰਨ ਦਾ ਫੈਸਲਾ ਕੀਤਾ ਸੀ, ਜਿਸ ਦੇ ਤਹਿਤ ਅਮਰੀਕਾ ਵੱਲੋਂ ਤੀਜਾ ਜਹਾਜ਼ ਭਾਰਤ ਭੇਜਿਆ ਜਾ ਚੁੱਕਾ ਹੈ। ਇਸ ਘਟਨਾ ਨੇ ਭਾਰਤ ਵਿੱਚ ਵਿਆਪਕ ਵਿਵਾਦ ਪੈਦਾ ਕਰ ਦਿੱਤਾ ਹੈ। ਵਿਰੋਧੀ ਧਿਰਾਂ ਨੇ ਸਰਕਾਰ ਉੱਤੇ ਇਸ ਮਾਮਲੇ ਵਿੱਚ ਨਰਮੀ ਵਰਤਣ ਦਾ ਆਰੋਪ ਲਗਾਇਆ ਹੈ, ਜਦੋਂ ਕਿ ਕੁਝ ਲੋਕਾਂ ਨੇ ਇਸ ਨੂੰ ਅਮਰੀਕਾ ਦਾ ਅੰਦਰੂਨੀ ਮਾਮਲਾ ਮੰਨ ਕੇ ਸਰਕਾਰ ਨੂੰ ਦੋਸ਼ ਦੇਣ ਤੋਂ ਪਰਹੇਜ਼ ਕੀਤਾ ਹੈ। ਇਸ ਘਟਨਾ ਨੂੰ ਕਈ ਲੋਕਾਂ ਵੱਲੋਂ ਅਣ-ਮਨੁੱਖੀ ਵਰਤਾਰਾ ਦੱਸਿਆ। ਇਥੇ ਇੱਕ ਗੱਲ ਵਿਸ਼ੇਸ਼ ਤੌਰ ’ਤੇ ਪੁਛਣੀ ਬਣਦੀ ਹੈ, ਕਿ ਅਗਰ ਸਾਡੇ ਘਰ ਵਿੱਚ ਬਿਨ੍ਹਾਂ ਸਾਡੀ ਇਜਾਜ਼ਤ ਤੋਂ ਕੋਈ ਅਨਜਾਣ ਬੰਦਾ ਆ ਵੜੇ, ਤਾਂ ਅਸੀਂ ਉਸ ਨੂੰ ਚੋਰ ਦਾ ਦਰਜਾ ਦਿੰਦੇ ਹਾਂ। ਫਿਰ ਗੈਰ-ਕਾਨੂੰਨੀ ਢੰਗ ਨਾਲ ਕਿਸੇ ਦੇਸ਼ ਵਿੱਚ ਜਾਣ ਵਾਲੇ ਨੂੰ ਕੀ ਦਰਜਾ ਦਿੱਤਾ ਜਾਵੇ? ਬਿਨ੍ਹਾਂ ਸ਼ੱਕ ਡਿਪੋਰਟ ਹੋਏ ਲੋਕਾਂ ਨਾਲ ਭਾਵਨਾਤਮਕ ਤੌਰ ’ਤੇ ਹਮਦਰਦੀ ਹੈ। ਪਰ ਆਪਣੇ ਘਰ ਦੀ ਰਾਖੀ ਕਰਨਾ ਗਲਤ ਕਿਵੇਂ ਹੋ ਸਕਦਾ ਹੈ? ਇਸ ਘਟਨਾ ਨੇ ਕਈ ਸਵਾਲ ਖੜ੍ਹੇ ਕੀਤੇ ਹਨ, ਜਿਨ੍ਹਾਂ ਦਾ ਜਵਾਬ ਲੱਭਣਾ ਜ਼ਰੂਰੀ ਹੈ।

**ਪਹਿਲਾ ਸਵਾਲ: ਕੀ ਭਾਰਤੀ ਨਾਗਰਿਕਾਂ ਦਾ ਡੌਂਕੀ ਰਾਹੀਂ ਅਮਰੀਕਾ ਜਾਣਾ ਸਹੀ ਕਦਮ ਸੀ?**

ਡੌਂਕੀ ਰਾਹੀਂ ਕਿਸੇ ਵੀ ਦੇਸ਼ ਵਿੱਚ ਦਾਖਲ ਹੋਣਾ ਕਾਨੂੰਨੀ ਤੌਰ ’ਤੇ ਗਲਤ ਹੈ। ਇਹ ਨਾ ਸਿਰਫ਼ ਦੂਜੇ ਦੇਸ਼ ਦੇ ਕਾਨੂੰਨਾਂ ਦੀ ਉਲੰਘਣਾ ਹੈ, ਬਲਕਿ ਇਹ ਆਪਣੇ ਦੇਸ਼ ਦੀ ਇੱਜ਼ਤ ਨੂੰ ਵੀ ਠੇਸ ਪਹੁੰਚਾਉਂਦਾ ਹੈ। ਡੌਂਕੀ ਰਾਹੀਂ ਜਾਣ ਵਾਲੇ ਲੋਕ ਅਕਸਰ ਆਪਣੇ ਭਵਿੱਖ ਨੂੰ ਲੈ ਕੇ ਅਸਪੱਸ਼ਟ ਹੁੰਦੇ ਹਨ ਅਤੇ ਉਹਨਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹਨਾਂ ਦਾ ਇਹ ਕਦਮ ਉਹਨਾਂ ਨੂੰ ਕਿਸ ਮੁਸੀਬਤ ਵਿੱਚ ਪਾ ਸਕਦਾ ਹੈ। ਇਸ ਲਈ, ਇਹ ਕਦਮ ਕਿਸੇ ਵੀ ਤਰ੍ਹਾਂ ਨਾਲ ਸਹੀ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਦੇ ਫੈਸਲੇ ਨਾ ਸਿਰਫ਼ ਵਿਅਕਤੀਗਤ ਤੌਰ’ਤੇ ਖ਼ਤਰਨਾਕ ਹਨ, ਬਲਕਿ ਇਹ ਪਰਿਵਾਰਾਂ ਨੂੰ ਆਰਥਿਕ ਤੌਰ ’ਤੇ ਵੀ ਕਮਜ਼ੋਰ ਬਣਾਉਂਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਨੌਜਵਾਨ ਇਸ ਤਰ੍ਹਾਂ ਦੇ ਗੈਰ-ਕਾਨੂੰਨੀ ਰਸਤੇ ਚੁਣਨ ਦੀ ਬਜਾਏ ਆਪਣੇ ਦੇਸ਼ ਵਿੱਚ ਹੀ ਆਪਣਾ ਭਵਿੱਖ ਬਣਾਉਣ ਦੀ ਕੋਸ਼ਿਸ਼ ਕਰਨ।

**ਦੂਜਾ ਸਵਾਲ: ਕੀ 45 ਜਾਂ 50 ਲੱਖ ਰੁਪਏ ਖਰਚ ਕੇ ਡੌਂਕੀ ਰਾਹੀਂ ਅਮਰੀਕਾ ਜਾਣਾ ਸਹੀ ਸੀ?**

ਇਹ ਸਵਾਲ ਹਰ ਉਸ ਵਿਅਕਤੀ ਨੂੰ ਪੁੱਛਣਾ ਚਾਹੀਦਾ ਹੈ ਜਿਸ ਨੇ ਇੰਨੀ ਵੱਡੀ ਰਕਮ ਖਰਚ ਕੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਜਾਣ ਦੀ ਕੋਸ਼ਿਸ਼ ਕੀਤੀ। ਇਹ ਪੈਸਾ ਜੇ ਘਰੇਲੂ ਉਦਯੋਗ ਜਾਂ ਛੋਟੇ-ਮੋਟੇ ਕਾਰੋਬਾਰ ਵਿੱਚ ਲਗਾਇਆ ਜਾਂਦਾ, ਤਾਂ ਸ਼ਾਇਦ ਇਹਨਾਂ ਨੌਜਵਾਨਾਂ ਦਾ ਭਵਿੱਖ ਵਧੀਆ ਹੋ ਸਕਦਾ ਸੀ। ਪਰ ਇਹਨਾਂ ਨੌਜਵਾਨਾਂ ਨੇ ਇਹ ਪੈਸਾ ਇੱਕ ਅਜਿਹੇ ਸੁਪਨੇ ਲਈ ਖਰਚ ਕੀਤਾ ਜੋ ਉਹਨਾਂ ਦੇ ਹੱਥ ਨਹੀਂ ਆਇਆ। ਇਸ ਤਰ੍ਹਾਂ ਦੇ ਫੈਸਲੇ ਨਾ ਸਿਰਫ਼ ਗੈਰ-ਜ਼ਿੰਮੇਵਾਰਾਨਾ ਹਨ, ਬਲਕਿ ਇਹ ਪਰਿਵਾਰਾਂ ਨੂੰ ਆਰਥਿਕ ਤੌਰ ’ਤੇ ਕਮਜ਼ੋਰ ਵੀ ਬਣਾਉਂਦੇ ਹਨ। ਇਸ ਲਈ, ਇਹ ਜ਼ਰੂਰੀ ਹੈ ਕਿ ਨੌਜਵਾਨ ਆਪਣੇ ਫੈਸਲੇ ਲੈਂਦੇ ਸਮੇਂ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਵੀ ਧਿਆਨ ਵਿੱਚ ਰੱਖਣ ਅਤੇ ਆਪਣੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਸਹੀ ਰਾਹ ਚੁਣਨ।

**ਤੀਜਾ ਸਵਾਲ: ਕੀ ਇਹ ਨੌਜਵਾਨ ਭਾਰਤ ਵਿੱਚ ਆਪਣਾ ਭਵਿੱਖ ਸੈੱਟ ਨਹੀਂ ਕਰ ਸਕਦੇ ਸਨ?**

ਇਹ ਸਵਾਲ ਬਹੁਤ ਮਹੱਤਵਪੂਰਨ ਹੈ। ਪੰਜਾਬ ਵਰਗੇ ਰਾਜ ਵਿੱਚ, ਜਿੱਥੇ ਪ੍ਰਵਾਸੀ ਲੋਕ ਆ ਕੇ ਛੋਟੇ-ਮੋਟੇ ਕਾਰੋਬਾਰ ਸ਼ੁਰੂ ਕਰ ਰਹੇ ਹਨ ਅਤੇ ਚੰਗੀ ਕਮਾਈ ਕਰ ਰਹੇ ਹਨ, ਉੱਥੇ ਇਹ ਕਹਿਣਾ ਗਲਤ ਹੋਵੇਗਾ ਕਿ ਰੋਜ਼ਗਾਰ ਦੀ ਕੋਈ ਸੰਭਾਵਨਾ ਨਹੀਂ ਹੈ। ਜੇਕਰ ਇਹਨਾਂ ਨੌਜਵਾਨਾਂ ਨੇ ਆਪਣੀ ਮੇਹਨਤ ਅਤੇ ਪੂੰਜੀ ਨੂੰ ਸਹੀ ਦਿਸ਼ਾ ਵਿੱਚ ਲਗਾਇਆ ਹੁੰਦਾ, ਤਾਂ ਸ਼ਾਇਦ ਉਹਨਾਂ ਨੂੰ ਡੋਂਕੀ ਰਾਹੀਂ ਜਾਣ ਦੀ ਲੋੜ ਹੀ ਨਹੀਂ ਪੈਂਦੀ। ਇਸ ਲਈ, ਇਹਨਾਂ ਨੌਜਵਾਨਾਂ ਨੂੰ ਆਪਣੇ ਦੇਸ਼ ਵਿੱਚ ਹੀ ਆਪਣਾ ਭਵਿੱਖ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ। ਇਸ ਤੋਂ ਇਲਾਵਾ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰੇ ਤਾਂ ਜੋ ਉਹਨਾਂ ਨੂੰ ਗੈਰ-ਕਾਨੂੰਨੀ ਰਸਤੇ ਚੁਣਨ ਦੀ ਲੋੜ ਨਾ ਪਵੇ।

**ਚੌਥਾ ਸਵਾਲ: ਕੀ ਮਾਂ-ਬਾਪ ਦਾ ਇੰਨੇ ਪੈਸੇ ਖਰਚ ਕੇ ਬੱਚਿਆਂ ਨੂੰ ਡੌਂਕੀ ਰਾਹੀਂ ਅਮਰੀਕਾ ਭੇਜਣਾ ਗੈਰ-ਜ਼ਿੰਮੇਵਾਰਾਨਾ ਫੈਸਲਾ ਨਹੀਂ ਸੀ?**

ਇਹ ਸਵਾਲ ਮਾਂ-ਬਾਪ ਦੀ ਸੋਚ ਨੂੰ ਲੈ ਕੇ ਹੈ। ਕਈ ਵਾਰ ਮਾਂ-ਬਾਪ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਇੰਨੇ ਉਤਾਵਲੇ ਹੋ ਜਾਂਦੇ ਹਨ ਕਿ ਉਹ ਗਲਤ ਫੈਸਲੇ ਲੈ ਲੈਂਦੇ ਹਨ। ਜ਼ਮੀਨਾਂ ਵੇਚਣਾ, ਉਧਾਰ ਲੈਣਾ ਜਾਂ ਪਰਿਵਾਰਕ ਸੰਪੱਤੀ ਨੂੰ ਦਾਅ ’ਤੇ ਲਗਾਉਣਾ ਇੱਕ ਗੈਰ-ਜ਼ਿੰਮੇਵਾਰਾਨਾ ਕਦਮ ਹੈ। ਇਥੇ ਗੈਰ-ਜ਼ਿੰਮੇਵਰਾਨਾ ਕਦਮ ਇਸ ਲਈ ਹੈ, ਕਿਉਂਕਿ ਪਿਛੇ ਜਿਹੇ ਇੱਕ ਪੰਜਾਬੀ ਫੌਜੀ ਭਰਾ ਦੀ ਵੀਡੀਓ ਕਾਫੀ ਵਾਇਰਲ ਹੋਈ ਸੀ,ਜਿਸ ਵਿੱਚ ਉਹ ਆਪਣੇ 7 ਸਾਲਾ ਬੱਚੇ ਦੀ ਬਿਮਾਰੀ ਲਈ ਮਦਦ ਦੀ ਅਪੀਲ ਕਰ ਰਿਹਾ ਸੀ।

# ਪੰਜਾਹ ਸਾਲਾਂ ਬਾਅਦ ਹੋਣ ਵਾਲੀ ਹੱਦਬੰਦੀ ਬਾਰੇ ਚਿੰਤਾਵਾਂ

ਵਿੱਤੀ ਸੰਘਵਾਦ ਅਤੇ ਸੰਸਥਾਗਤ ਢਾਂਚੇ ਨੂੰ ਮਜ਼ਬੂਤ ਕਰਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਰਾਜਨੀਤਿਕ ਸਮਾਨਤਾ ਨੂੰ ਜਨਸੰਖਿਆ ਤਬਦੀਲੀਆਂ ਨਾਲ ਜੋੜਿਆ ਜਾਵੇ, ਇੱਕ ਸੁਮੇਲ ਅਤੇ ਸੰਯੁਕਤ ਭਾਰਤ ਨੂੰ ਉਤਸ਼ਾਹਿਤ ਕੀਤਾ ਜਾਵੇ। ਲੋਕ ਸਭਾ ਸੀਟਾਂ ਦੀ ਗਿਣਤੀ ਵਧਾਉਣ ਨਾਲ ਨਾਗਰਿਕਾਂ ਨੂੰ ਬਿਹਤਰ ਪ੍ਰਤੀਨਿਧਤਾ ਮਿਲੇਗੀ, ਚੋਣ ਹਲਕਿਆਂ ਦਾ ਆਕਾਰ ਘਟੇਗਾ ਅਤੇ ਸ਼ਾਸਨ ਵਿੱਚ ਸੁਧਾਰ ਹੋਵੇਗਾ। ਸੰਸਦੀ ਸੀਟਾਂ ਨੂੰ 543 ਤੋਂ ਵਧਾ ਕੇ 800 ਤੋਂ ਵੱਧ ਕਰਨ ਨਾਲ ਸੰਸਦ ਮੈਂਬਰ ਵੋਟਰਾਂ ਦੀਆਂ ਜ਼ਰੂਰਤਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰ ਸਕਣਗੇ। ਉੱਤਰੀ ਰਾਜਾਂ ਨੂੰ ਸੀਟਾਂ ਦੀ ਨਿਰਧਾਰਤ ਵੰਡ ਕਾਰਨ ਘੱਟ ਪ੍ਰਤੀਨਿਧਤਾ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਹੱਦਬੰਦੀ ਇਨ੍ਹਾਂ ਇਤਿਹਾਸਕ ਅਸੰਤੁਲਨਾਂ ਨੂੰ ਠੀਕ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ।

ਲੋੜੀਂਦੀ ਪ੍ਰਤੀਨਿਧਤਾ ਯਕੀਨੀ ਬਣਾਉਣ ਲਈ ਵਧੇਰੇ ਆਬਾਦੀ ਵਾਲੇ ਰਾਜਾਂ ਲਈ ਹੋਰ ਸੀਟਾਂ ਜੋੜਦੇ ਹੋਏ ਮੌਜੂਦਾ ਸੀਟਾਂ ਦੇ ਅਨੁਪਾਤ ਨੂੰ ਬਣਾਈ ਰੱਖਣਾ ਮਹੱਤਵਪੂਰਨ ਹੈ। ਰਾਜ ਸਭਾ ਵਰਗਾ ਇੱਕ ਮਾਡਲ ਪ੍ਰਗਤੀਸ਼ੀਲ ਰਾਜਾਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਇੱਕ ਸੰਤੁਲਿਤ ਪਹੁੰਚ ਪ੍ਰਦਾਨ ਕਰ ਸਕਦਾ ਹੈ। ਸੀਟਾਂ ਦੀ ਮੁੜ ਵੰਡ ਕਰਦੇ ਸਮੇਂ, ਸਾਨੂੰ ਆਰਥਿਕ ਯੋਗਦਾਨ, ਵਿਕਾਸ ਮਾਪਦੰਡ ਅਤੇ ਸ਼ਾਸਨ ਪ੍ਰਭਾਵਸ਼ੀਲਤਾ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਜਿਹੜੇ ਰਾਜ ਟਿਕਾਊ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਵਿਸ਼ੇਸ਼ ਰਾਜਨੀਤਿਕ ਪ੍ਰਤੀਨਿਧਤਾ ਦਿੱਤੀ ਜਾ ਸਕਦੀ ਹੈ, ਜੋ ਚੰਗੇ ਸ਼ਾਸਨ ਨੂੰ ਇਨਾਮ ਦਿੰਦੀ ਹੈ। ਖੇਤਰੀ ਸੰਤੁਲਨ ਬਣਾਈ ਰੱਖਣ ਅਤੇ ਤੇਜ਼ੀ ਨਾਲ ਵਧ ਰਹੇ ਰਾਜਾਂ ਦੇ ਦਬਦਬੇ ਨੂੰ ਰੋਕਣ ਲਈ ਕਾਨੂੰਨੀ ਉਪਾਅ ਕੀਤੇ ਜਾਣੇ ਚਾਹੀਦੇ ਹਨ। ਸੰਸਦ ਦੇ ਅੰਦਰ ਇੱਕ ਖੇਤਰੀ ਕੌਂਸਲ ਦੀ ਸਥਾਪਨਾ ਘੱਟ ਪ੍ਰਤੀਨਿਧਤਾ ਵਾਲੇ ਰਾਜਾਂ ਦੇ ਹਿੱਤਾਂ ਦੀ ਵਕਾਲਤ ਕਰਨ ਵਿੱਚ ਮਦਦ ਕਰ ਸਕਦੀ ਹੈ।

2031 ਦੀ ਜਨਗਣਨਾ ਤੋਂ ਬਾਅਦ ਇੱਕ ਹੌਲੀ-ਹੌਲੀ ਪਹੁੰਚ ਹਿੱਸੇਦਾਰਾਂ ਨਾਲ ਵਿਚਾਰ-ਵਟਾਂਦਰੇ ਅਤੇ ਇੱਕ ਸੁਚਾਰੂ ਤਬਦੀਲੀ ਦੀ ਆਗਿਆ ਦੇਵੇਗੀ। ਕਿਸੇ ਵੀ ਹੱਦਬੰਦੀ ਤੋਂ ਪਹਿਲਾਂ, ਇੱਕ ਰਾਸ਼ਟਰੀ ਕਮਿਸ਼ਨ ਨੂੰ ਸੰਭਾਵਿਤ ਪ੍ਰਭਾਵਾਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਜ਼ਰੂਰੀ ਸੁਰੱਖਿਆ ਉਪਾਅ ਸੁਝਾਉਣੇ ਚਾਹੀਦੇ ਹਨ। ਰਾਜ ਸਰਕਾਰਾਂ ਲਈ ਇਹ ਮਹੱਤਵਪੂਰਨ ਹੈ ਕਿ ਉਹ ਸਥਾਪਿਤ ਚੈਨਲਾਂ ਰਾਹੀਂ ਹੱਦਬੰਦੀ ਗੱਲਬਾਤ ਵਿੱਚ ਸਰਗਰਮੀ ਨਾਲ ਹਿੱਸਾ ਲੈਣ। ਸਹਿਕਾਰੀ ਸੰਘਵਾਦ ਨੂੰ ਉਤਸ਼ਾਹਿਤ ਕਰਨ ਲਈ, ਕਿਸੇ ਵੀ ਸੀਟ ਪੁਨਰਵੰਡਨ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਅੰਤਰ-ਰਾਜੀ ਕੌਂਸਲ ਨਾਲ ਲਾਜ਼ਮੀ ਸਲਾਹ-ਮਸ਼ਵਰਾ ਹੋਣਾ ਚਾਹੀਦਾ ਹੈ। ਇੱਕ ਚੰਗੀ ਤਰ੍ਹਾਂ ਯੋਜਨਾਬੱਧ ਹੱਦਬੰਦੀ ਪ੍ਰਕਿਰਿਆ ਜਨਸੰਖਿਆ ਦੀਆਂ ਹਕੀਕਤਾਂ ਨੂੰ ਸੰਘਵਾਦ ਦੀ ਅਖੰਡਤਾ ਨਾਲ ਜੋੜ ਸਕਦੀ ਹੈ। ਖੇਤਰੀ ਅਸਮਾਨਤਾਵਾਂ ਤੋਂ ਬਚਣ ਲਈ, ਸਾਨੂੰ ਦੋਹਰੀ ਪ੍ਰਤੀਨਿਧਤਾ ਮਾਡਲ, ਭਾਰ ਵਾਲੀ ਵੋਟਿੰਗ ਜਾਂ ਰਾਜ ਸਭਾ ਦੀਆਂ ਸ਼ਕਤੀਆਂ ਵਧਾਉਣ ਵਰਗੀਆਂ ਨਵੀਨਤਾਕਾਰੀ ਰਣਨੀਤੀਆਂ ਤੇ ਵਿਚਾਰ ਕਰਨਾ ਚਾਹੀਦਾ ਹੈ।

ਵਿੱਤੀ ਸੰਘਵਾਦ ਅਤੇ ਸੰਸਥਾਗਤ ਢਾਂਚੇ ਨੂੰ ਮਜ਼ਬੂਤ ਕਰਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਰਾਜਨੀਤਿਕ ਸਮਾਨਤਾ ਜਨਸੰਖਿਆ ਤਬਦੀਲੀਆਂ ਦੇ ਨਾਲ ਮੇਲ ਖਾਂਦੀ ਹੈ, ਇੱਕ ਸੁਮੇਲ ਅਤੇ ਸੰਯੁਕਤ ਭਾਰਤ ਨੂੰ ਉਤਸ਼ਾਹਿਤ ਕਰਦੀ ਹੈ। ਲੋਕ ਸਭਾ ਸੀਟਾਂ ਦੀ ਗਿਣਤੀ ਵਧਾਉਣ ਨਾਲ ਨਾਗਰਿਕਾਂ ਨੂੰ ਬਿਹਤਰ ਪ੍ਰਤੀਨਿਧਤਾ ਮਿਲੇਗੀ, ਚੋਣ ਹਲਕਿਆਂ ਦਾ ਆਕਾਰ ਘਟੇਗਾ ਅਤੇ ਸ਼ਾਸਨ ਵਿੱਚ ਸੁਧਾਰ ਹੋਵੇਗਾ। ਸੰਸਦੀ ਸੀਟਾਂ ਨੂੰ 543 ਤੋਂ ਵਧਾ ਕੇ 800 ਤੋਂ ਵੱਧ ਕਰਨ ਨਾਲ ਸੰਸਦ ਮੈਂਬਰ ਵੋਟਰਾਂ ਦੀਆਂ ਜ਼ਰੂਰਤਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰ ਸਕਣਗੇ। ਉੱਤਰੀ ਰਾਜਾਂ ਨੂੰ ਸੀਟਾਂ ਦੀ ਨਿਰਧਾਰਤ ਵੰਡ ਕਾਰਨ ਘੱਟ ਪ੍ਰਤੀਨਿਧਤਾ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਹੱਦਬੰਦੀ ਇਨ੍ਹਾਂ ਇਤਿਹਾਸਕ ਅਸੰਤੁਲਨਾਂ ਨੂੰ ਠੀਕ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ।

ਬਿਹਾਰ ਦੀ ਨੁਮਾਇੰਦਗੀ ਅਜੇ ਵੀ 1971 ਦੇ ਅੰਕੜਿਆਂ ਤੇ ਅਧਾਰਤ ਹੈ, ਭਾਵੇਂ ਇਸਦੀ ਆਬਾਦੀ ਵਿੱਚ ਕਾਫ਼ੀ ਵਾਧਾ ਹੋਇਆ ਹੈ। ਨਵੀਨਤਮ ਜਨਗਣਨਾ ਅੰਕੜਿਆਂ ਅਨੁਸਾਰ ਹਲਕਿਆਂ ਦੀ ਸੋਧ ਲੋਕਤੰਤਰੀ ਸਮਾਨਤਾ ਨੂੰ ਉਤਸ਼ਾਹਿਤ ਕਰੇਗੀ ਅਤੇ ਚੋਣ ਪ੍ਰਤੀਨਿਧਤਾ ਵਿੱਚ ਆਬਾਦੀ ਅਸਮਾਨਤਾਵਾਂ ਨੂੰ ਰੋਕੇਗੀ। ਝਾਰਖੰਡ, ਜੋ ਕਿ 2000 ਵਿੱਚ ਬਿਹਾਰ ਤੋਂ ਵੱਖਰਾ ਹੋਇਆ ਸੀ, ਅਜੇ ਵੀ ਪੁਰਾਣੇ ਚੋਣ ਢਾਂਚੇ ਦੀ ਪਾਲਣਾ ਕਰਦਾ ਹੈ, ਜੋ ਰਾਜਨੀਤਿਕ ਸਪੱਸ਼ਟਤਾ ਨੂੰ ਘਟਾਉਂਦਾ ਹੈ। ਜ਼ਿਆਦਾ ਆਬਾਦੀ ਵਾਲੇ ਰਾਜਾਂ ਦੇ ਸੰਸਦ ਮੈਂਬਰਾਂ ਦੀ ਗਿਣਤੀ ਵਧਾਉਣ ਨਾਲ ਵਿਕਾਸ ਅਸਮਾਨਤਾਵਾਂ ਵੱਲ ਧਿਆਨ ਖਿੱਚਿਆ ਜਾਵੇਗਾ, ਇਹ ਯਕੀਨੀ ਬਣਾਇਆ ਜਾਵੇਗਾ ਕਿ ਨੀਤੀਗਤ ਦਖਲਅੰਦਾਜ਼ੀ ਘੱਟ ਵਿਕਸਤ ਖੇਤਰਾਂ ਵੱਲ ਨਿਸ਼ਾਨਾ ਬਣਾਈ ਜਾਵੇ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਰਾਜਾਂ ਲਈ, ਸੰਸਦ ਮੈਂਬਰਾਂ ਦੀ ਵੱਧ ਗਿਣਤੀ ਬਿਹਤਰ ਬੁਨਿਆਦੀ ਢਾਂਚਾ ਯੋਜਨਾਬੰਦੀ ਅਤੇ ਨਿਵੇਸ਼ਾਂ ਦੀ ਬਿਹਤਰ ਵੰਡ ਵੱਲ ਲੈ ਜਾ ਸਕਦੀ ਹੈ।

ਪ੍ਰਗਤੀਸ਼ੀਲ ਰਾਜਾਂ ਦੀ ਘਟਦੀ ਭੂਮਿਕਾ ਸੰਘਵਾਦ ਅਤੇ ਨਿਰਪੱਖ ਰਾਜਨੀਤਿਕ ਪ੍ਰਤੀਨਿਧਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਪ੍ਰਭਾਵਸ਼ਾਲੀ ਸ਼ਾਸਨ ਵਾਲੇ ਦੱਖਣੀ ਰਾਜ ਪ੍ਰਭਾਵ ਗੁਆ ਸਕਦੇ ਹਨ, ਜਿਸ ਨਾਲ ਠੋਸ ਨੀਤੀ ਪ੍ਰਬੰਧਨ ਲਈ ਪ੍ਰੇਰਣਾ ਘੱਟ ਸਕਦੀ ਹੈ। ਕੇਰਲ ਦੀ ਉੱਚ ਸਾਖਰਤਾ ਦਰ ਕਾਰਨ ਹੋਇਆ ਵਿਕਾਸ ਸੀਟਾਂ ਦੀ ਢੁਕਵੀਂ ਵੰਡ ਵਿੱਚ ਅਨੁਵਾਦ ਨਹੀਂ ਕਰ ਸਕਦਾ, ਜੋ ਦੂਜੇ ਰਾਜਾਂ ਨੂੰ ਵੀ ਅਜਿਹੀ ਰਣਨੀਤੀ ਅਪਣਾਉਣ ਤੋਂ ਨਿਰਾਸ਼ ਕਰ ਸਕਦਾ ਹੈ। ਵਧੇਰੇ ਆਬਾਦੀ ਵਾਲੇ ਰਾਜਾਂ ਲਈ ਵੱਧ ਪ੍ਰਤੀਨਿਧਤਾ ਕੇਂਦਰੀਕ੍ਰਿਤ ਨੀਤੀ ਨਿਰਮਾਣ ਵੱਲ ਰੁਝਾਨ ਪੈਦਾ ਕਰ ਸਕਦੀ ਹੈ, ਜੋ ਖੇਤਰੀ ਸ਼ਾਸਨ ਦੀ ਖੁਦਮੁਖਤਿਆਰੀ ਨੂੰ ਸੀਮਤ ਕਰ ਸਕਦੀ ਹੈ। ਖੇਤੀਬਾੜੀ ਰਾਜਾਂ ਦੇ ਹੱਕ ਵਿੱਚ ਵਿਧਾਨਕ ਸਮਾਯੋਜਨ ਉਦਯੋਗਿਕ ਖੇਤਰਾਂ ਦੀਆਂ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰ ਸਕਦੇ ਹਨ, ਜਿਸ ਨਾਲ ਆਰਥਿਕ ਸੰਤੁਲਨ ਵਿਗੜ ਸਕਦਾ ਹੈ। ਇਹ ਰਾਜਨੀਤਿਕ ਪੁਨਰਗਠਨ ਵਿੱਤ ਕਮਿਸ਼ਨ ਦੁਆਰਾ ਟੈਕਸਾਂ ਦੀ ਵੰਡ ਨੂੰ ਪ੍ਰਭਾਵਿਤ ਕਰ ਸਕਦਾ ਹੈ, ਸੰਭਾਵੀ ਤੌਰ ਤੇ ਵੱਡੀ ਆਬਾਦੀ ਵਾਲੇ ਰਾਜਾਂ ਦੇ ਪੱਖ ਵਿੱਚ।

ਆਪਣੇ ਮਹੱਤਵਪੂਰਨ ਆਰਥਿਕ ਯੋਗਦਾਨ ਦੇ ਬਾਵਜੂਦ, ਤਾਮਿਲਨਾਡੂ ਅਤੇ ਮਹਾਰਾਸ਼ਟਰ ਘੱਟ ਪ੍ਰਤੀਨਿਧਤਾ ਦੇ ਕਾਰਨ ਆਪਣੇ ਵਿੱਤੀ ਹਿੱਤਾਂ ਦੀ ਰੱਖਿਆ ਲਈ ਸੰਘਰਸ਼ ਕਰ ਸਕਦੇ ਹਨ। ਸਿਰਫ਼ ਆਬਾਦੀ ਦੇ ਆਧਾਰ ਤੇ ਪ੍ਰਤੀਨਿਧਤਾ ਵਧਾਉਣ ਨਾਲ ਉੱਤਰ ਅਤੇ ਦੱਖਣ ਵਿਚਕਾਰ ਵੰਡ ਵਧ ਸਕਦੀ ਹੈ, ਜਿਸ ਨਾਲ ਖੇਤਰੀ ਤਣਾਅ ਪੈਦਾ ਹੋ ਸਕਦਾ ਹੈ। ਤਾਮਿਲਨਾਡੂ ਦੀਆਂ ਰਾਜਨੀਤਿਕ ਪਾਰਟੀਆਂ ਹੱਦਬੰਦੀ ਦੇ ਵਿਰੁੱਧ ਹਨ, ਉਨ੍ਹਾਂ ਨੂੰ ਡਰ ਹੈ ਕਿ ਹਿੰਦੀ ਬੋਲਣ ਵਾਲੀ ਵੱਡੀ ਆਬਾਦੀ ਵਾਲੇ ਰਾਜ ਸੱਤਾ ਗੁਆ ਦੇਣਗੇ, ਜਿਸ ਨਾਲ ਰਾਜਨੀਤਿਕ ਦ੍ਰਿਸ਼ ਹੋਰ ਵੀ ਟੁੱਟ ਸਕਦਾ ਹੈ। ਨਿਰਪੱਖ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣ ਲਈ ਵੱਧ ਆਬਾਦੀ ਵਾਲੇ ਰਾਜਾਂ ਵਿੱਚ ਹੋਰ ਸੀਟਾਂ ਜੋੜਦੇ ਹੋਏ ਮੌਜੂਦਾ ਸੀਟਾਂ ਦੇ ਅਨੁਪਾਤ ਨੂੰ ਬਣਾਈ ਰੱਖਣਾ ਮਹੱਤਵਪੂਰਨ ਹੈ। ਰਾਜ ਸਭਾ ਵਰਗਾ ਮਾਡਲ ਪ੍ਰਗਤੀਸ਼ੀਲ ਰਾਜਾਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਇੱਕ ਸੰਤੁਲਿਤ ਪਹੁੰਚ ਪ੍ਰਦਾਨ ਕਰ ਸਕਦਾ ਹੈ। ਸੀਟਾਂ ਦੀ ਮੁੜ ਵੰਡ ਕਰਦੇ ਸਮੇਂ, ਸਾਨੂੰ ਆਰਥਿਕ ਯੋਗਦਾਨ, ਵਿਕਾਸ ਮਾਪਦੰਡ ਅਤੇ ਸ਼ਾਸਨ ਪ੍ਰਭਾਵਸ਼ੀਲਤਾ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬਜ਼ੁਰਗਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ : ਰੇਣੂ ਬਾਲਾ ਗੁਪਤਾ

**➢ ਸੋਮਨਾਥ ਸਵਾਭੀਮਾਨ ਪਰਵ: ਕਰਨਾਲ ਤੋਂ ਸੋਮਨਾਥ ਮੰਦਰ ਲਈ 90 ਸ਼ਰਧਾਲੂ ਰਵਾਨਾ ➢ ਮੇਅਰ ਰੇਣੂ ਬਾਲਾ ਗੁਪਤਾ ਅਤੇ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ ਨੇ ਵਿਸ਼ੇਸ਼ ਰੇਲਗੱਡੀ ਨੂੰ ਹਰੀ ਝੰਡੀ ਦਿਖਾਈ**




ਕਰਨਾਲ, 11 ਜੂਨ (ਪ.ਪ) : ਮੇਅਰ ਰੇਣੂ ਬਾਲਾ ਗੁਪਤਾ ਅਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ ਨੇ ਅੱਜ ਸੋਮਨਾਥ ਸਵਾਭੀਮਾਨ ਪਰਵ ਦੇ ਹਿੱਸੇ ਵਜੋਂ ਸੋਮਨਾਥ ਮੰਦਰ ਦੇ ਦਰਸ਼ਨ ਕਰਨ ਜਾ ਰਹੇ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀ ਇੱਕ ਵਿਸ਼ੇਸ਼ ਏਸੀ ਰੇਲਗੱਡੀ ਨੂੰ ਹਰੀ ਝੰਡੀ ਦਿਖਾਈ। ਸੋਮਨਾਥ ਸਵਾਭੀਮਾਨ ਪਰਵ ਦੇ ਹਿੱਸੇ ਵਜੋਂ ਇਸ ਵਿਸ਼ੇਸ਼ ਏਅਰ-ਕੰਡੀਸ਼ਨਡ (ਏਸੀ) ਰੇਲਗੱਡੀ 'ਤੇ ਹਰਿਆਣਾ ਤੋਂ ਕੁੱਲ 1,100 ਸ਼ਰਧਾਲੂ, ਜਿਨ੍ਹਾਂ ਵਿੱਚੋਂ 90 ਕਰਨਾਲ ਜ਼ਿਲ੍ਹੇ ਦੇ ਹਨ, ਗੁਜਰਾਤ ਦੇ ਸੋਮਨਾਥ ਮੰਦਰ ਦੇ ਦਰਸ਼ਨ ਕਰਨ ਲਈ ਯਾਤਰਾ ਕਰ ਰਹੇ ਹਨ। ਯਾਤਰਾ ਦਾ ਅਧਿਕਾਰਤ ਤੌਰ 'ਤੇ ਉਦਘਾਟਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੀਤਾ, ਜਿਨ੍ਹਾਂ ਨੇ ਕੁਰੂਕਸ਼ੇਤਰ ਤੋਂ ਰੇਲਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸਾਰੇ ਸ਼ਰਧਾਲੂ ਖੁਸ਼ੀ ਨਾਲ ਝੂਮ ਰਹੇ ਸਨ ਕਿਉਂਕਿ ਉਨ੍ਹਾਂ ਨੇ ਧਾਰਮਿਕ ਭਜਨਾਂ ਅਤੇ ÷ਹਰ ਹਰ ਮਹਾਦੇਵ÷ ਦੇ ਜੈਕਾਰਿਆਂ ਨਾਲ ਆਪਣੀ ਯਾਤਰਾ ਸ਼ੁਰੂ ਕੀਤੀ। ਮੇਅਰ ਰੇਣੂ ਬਾਲਾ ਗੁਪਤਾ ਨੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਮਾਜ ਦੇ ਹਰ ਵਰਗ ਦੀਆਂ ਉਮੀਦਾਂ ਨੂੰ ਪੂਰਾ ਕਰ ਰਹੇ ਹਨ ਅਤੇ ਰਾਜ ਦੇ ਵਿਕਾਸ ਅਤੇ ਬੁਨਿਆਦੀ ਢਾਂਚੇ ਨੂੰ ਲਗਾਤਾਰ ਅੱਗੇ ਵਧਾ ਰਹੇ ਹਨ। ਮੁੱਖ ਮੰਤਰੀ ਨੇ ਸਾਡੇ ਬਜ਼ੁਰਗਾਂ ਨੂੰ ਯਾਤਰਾ ਕਰਨ ਦੀ ਉਨ੍ਹਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਕੇ ਇੱਕ ਮਹੱਤਵਪੂਰਨ ਤੋਹਫ਼ਾ ਦਿੱਤਾ ਹੈ। ਇਨ੍ਹਾਂ ਸਾਰੇ ਸ਼ਰਧਾਲੂਆਂ ਨੂੰ ਸੋਮਨਾਥ ਮੰਦਰ ਦੇ ਸ਼ਾਨਦਾਰ ਦਰਸ਼ਨ ਹੋਣਗੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਰਾਜ ਸਰਕਾਰ ਨੇ ਏਸੀ ਰੇਲਗੱਡੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਯਾਤਰੀਆਂ ਨੂੰ ਤੇਜ਼ ਗਰਮੀ ਕਾਰਨ ਕੋਈ ਅਸੁਵਿਧਾ ਨਾ ਹੋਵੇ। ਇਸ ਤੋਂ ਇਲਾਵਾ, ਸ਼ਰਧਾਲੂਆਂ ਦੇ ਰਹਿਣ-ਸਹਿਣ, ਖਾਣੇ ਅਤੇ ਆਸਾਨ ਦਰਸ਼ਨਾਂ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਸੂਬਾ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਭਲਾਈ ਯੋਜਨਾ ਨੂੰ ਸ਼ੁਰੂ ਕਰਕੇ, ਸਰਕਾਰ ਨੇ ਬਜ਼ੁਰਗਾਂ ਦਾ ਸਨਮਾਨ ਕੀਤਾ ਹੈ ਅਤੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਯਾਤਰਾ ਵਿੱਚ ਰਾਜ ਭਰ ਤੋਂ 1,100 ਸ਼ਰਧਾਲੂ ਅਤੇ ਇਕੱਲੇ ਕਰਨਾਲ ਤੋਂ 90 ਸ਼ਰਧਾਲੂ ਸ਼ਾਮਲ ਹਨ, ਜੋ ਸੋਮਨਾਥ ਜਯੋਤਿਰਲਿੰਗ ਦੇ ਦਰਸ਼ਨ ਕਰਨ ਦਾ ਪਵਿੱਤਰ ਆਸ਼ੀਰਵਾਦ ਪ੍ਰਾਪਤ ਕਰਨਗੇ। ਬਜ਼ੁਰਗਾਂ ਲਈ ਇੱਕ ਬਹੁਤ ਹੀ ਸ਼ਲਾਘਾਯੋਗ ਯੋਜਨਾ, ਸਰਕਾਰ ਨੇ ਸਾਡੇ ਸੁਪਨੇ ਨੂੰ ਸਾਕਾਰ ਕੀਤਾ ਹੈ: ਯਾਤਰਾ 'ਤੇ ਨਿਕਲਣ ਵਾਲੇ ਸ਼ਰਧਾਲੂਆਂ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਹਰਿਆਣਾ ਸਰਕਾਰ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ ਹਨ। ਸਰਕਾਰ ਦੁਆਰਾ ਲਾਗੂ ਕੀਤੀ ਜਾ ਰਹੀ ਇਹ ਯੋਜਨਾ ਸੱਚਮੁੱਚ ਸ਼ਾਨਦਾਰ ਅਤੇ ਸ਼ਲਾਘਾਯੋਗ ਹੈ। ਤੇਜ਼ ਗਰਮੀ ਵਿੱਚ ਏਸੀ ਰੇਲਗੱਡੀ ਦਾ ਪ੍ਰਬੰਧ ਕਰਨਾ ਅਤੇ ਖਾਣੇ ਅਤੇ ਰਿਹਾਇਸ਼ ਦੀ ਪੂਰੀ ਜ਼ਿੰਮੇਵਾਰੀ ਲੈਣਾ ਦਰਸਾਉਂਦਾ ਹੈ ਕਿ ਸਰਕਾਰ ਬਜ਼ੁਰਗਾਂ ਨਾਲ ਪਰਿਵਾਰਕ ਮੈਂਬਰਾਂ ਵਾਂਗ ਪੇਸ਼ ਆਉਂਦੀ ਹੈ। ਸਾਰਿਆਂ ਨੇ ਸ਼ਾਨਦਾਰ ਪ੍ਰਬੰਧਾਂ ਲਈ ਸੂਬਾ ਸਰਕਾਰ ਅਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਮੁੱਖ ਮੰਤਰੀ ਦੀ ਅਗਵਾਈ ਹੇਠ, ਸ਼ਰਧਾਲੂਆਂ ਨੇ ਅਯੁੱਧਿਆ ਅਤੇ ਹਜ਼ੂਰ ਸਾਹਿਬ ਦਾ ਵੀ ਦੌਰਾ ਕੀਤਾ ਹੈ: ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਯੋਗ ਅਗਵਾਈ ਹੇਠ, ਹਰਿਆਣਾ ਸਰਕਾਰ ਰਾਜ ਦੇ ਬਜ਼ੁਰਗਾਂ ਲਈ ਵੱਖ-ਵੱਖ ਧਾਰਮਿਕ ਸਥਾਨਾਂ ਦੀ ਮੁਫ਼ਤ ਯਾਤਰਾ ਲਗਾਤਾਰ ਪ੍ਰਦਾਨ ਕਰ ਰਹੀ ਹੈ। ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ, ਨਾ ਸਿਰਫ ਸੋਮਨਾਥ ਮੰਦਰ, ਬਲਕਿ ਵੱਡੀ ਗਿਣਤੀ ਵਿੱਚ ਬਜ਼ੁਰਗਾਂ ਨੂੰ ਪਹਿਲਾਂ ਵੀ ਅਯੁੱਧਿਆ ਵਿੱਚ ਭਗਵਾਨ ਸ਼੍ਰੀ ਰਾਮ ਲੱਲਾ ਅਤੇ ਨਾਂਦੇੜ ਵਿੱਚ ਪਵਿੱਤਰ ਸ਼੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਲਈ ਲਿਜਾਇਆ ਗਿਆ ਹੈ। ਸਰਕਾਰ ਦਾ ਮੁੱਖ ਉਦੇਸ਼ ਰਾਜ ਦੇ 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਧਾਰਮਿਕ ਯਾਤਰਾਵਾਂ ਦਾ ਲਾਭ ਪ੍ਰਦਾਨ ਕਰਨਾ ਹੈ। ਮੁੱਖ ਮੰਤਰੀ ਦਾ ਇਹ ਵਿਸ਼ੇਸ਼ ਯਤਨ ਬਜ਼ੁਰਗਾਂ ਨੂੰ ਸਮਾਜ ਵਿੱਚ ਵਧੇਰੇ ਸਤਿਕਾਰ ਅਤੇ ਸਨਮਾਨ ਦੇ ਰਿਹਾ ਹੈ।



# ਨੌਜਵਾਨਾਂ ਨੂੰ ਪਿੰਡਾਂ ਵਿੱਚ ਉੱਚ ਸਿੱਖਿਆ ਅਤੇ ਪ੍ਰੀਖਿਆ ਦੀ ਤਿਆਰੀ ਲਈ ਆਧੁਨਿਕ ਸਹੂਲਤਾਂ ਮਿਲਣਗੀਆਂ: ਰਾਮਕੁਮਾਰ ਕਸ਼ਯਪ

ਇੰਦਰੀ, 11 ਜੂਨ (ਪ.ਪ) : ਵਿਧਾਇਕ ਅਤੇ ਸਰਕਾਰੀ ਮੁੱਖ ਵ੍ਹਿਪ ਰਾਮਕੁਮਾਰ ਕਸ਼ਯਪ ਨੇ ਇੰਦਰੀ ਵਿਧਾਨ ਸਭਾ ਹਲਕੇ ਨੂੰ 16 ਨਵੀਆਂ ਅਟਲ ਲਾਇਬ੍ਰੇਰੀਆਂ ਦੇ ਮਹੱਤਵਪੂਰਨ ਤੋਹਫ਼ੇ ਲਈ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਇਹ ਦੂਰਦਰਸ਼ੀ ਫੈਸਲਾ ਖੇਤਰ ਦੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਆਪਣੇ ਪਿੰਡਾਂ ਅਤੇ ਖੇਤਰਾਂ ਵਿੱਚ ਉੱਚ ਸਿੱਖਿਆ ਅਤੇ ਪ੍ਰੀਖਿਆ ਦੀ ਤਿਆਰੀ ਲਈ ਆਧੁਨਿਕ ਸਹੂਲਤਾਂ ਤੱਕ ਪਹੁੰਚ ਪ੍ਰਦਾਨ ਕਰੇਗਾ। ਵਿਧਾਇਕ ਰਾਮਕੁਮਾਰ ਕਸ਼ਯਪ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ, ਰਾਜ ਸਰਕਾਰ ਸਿੱਖਿਆ ਅਤੇ ਯੁਵਾ ਸਸ਼ਕਤੀਕਰਨ ਵੱਲ ਲਗਾਤਾਰ ਕੰਮ ਕਰ ਰਹੀ ਹੈ। ਅੱਜ ਵਿਧਾਨ ਸਭਾ ਵਿੱਚ 16 ਅਟਲ ਲਾਇਬ੍ਰੇਰੀਆਂ ਦੀ ਸਥਾਪਨਾ ਪੇਂਡੂ ਖੇਤਰਾਂ ਦੇ ਹੋਣਹਾਰ ਬੱਚਿਆਂ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ। ਹੁਣ, ਸਾਡੇ ਨੌਜਵਾਨਾਂ ਨੂੰ ਪੜ੍ਹਾਈ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਸ਼ਹਿਰਾਂ ਵਿੱਚ ਨਹੀਂ ਜਾਣਾ ਪਵੇਗਾ।

ਵਿਧਾਇਕ ਨੇ ਕਿਹਾ ਕਿ ਇਹ ਅਟਲ ਲਾਇਬ੍ਰੇਰੀਆਂ ਵਿਦਿਆਰਥੀਆਂ ਲਈ ਅਨੁਕੂਲ ਵਾਤਾਵਰਣ, ਜ਼ਰੂਰੀ ਕਿਤਾਬਾਂ ਅਤੇ ਕੰਪਿਊਟਰ ਅਤੇ ਇੰਟਰਨੈੱਟ ਵਰਗੀਆਂ ਆਧੁਨਿਕ ਸਹੂਲਤਾਂ ਪ੍ਰਦਾਨ ਕਰਨਗੀਆਂ। ਇਸ ਨਾਲ ਨਾ ਸਿਰਫ਼ ਸਿੱਖਿਆ ਦੇ ਪੱਧਰ ਵਿੱਚ ਸੁਧਾਰ ਹੋਵੇਗਾ ਸਗੋਂ ਪੇਂਡੂ ਖੇਤਰਾਂ ਵਿੱਚ ਡਿਜੀਟਲ ਸਾਖਰਤਾ ਅਤੇ ਗਿਆਨ ਦੇ ਪ੍ਰਸਾਰ ਵਿੱਚ ਵੀ ਤੇਜ਼ੀ ਆਵੇਗੀ।

ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਬਿਨਾਂ ਕਿਸੇ ਭੇਦਭਾਵ ਦੇ ਰਾਜ ਦੇ ਹਰ ਕੋਨੇ ਦਾ ਵਿਕਾਸ ਕਰ ਰਹੀ ਹੈ। ਖੇਤਰ ਦੇ ਸਾਰੇ ਵਸਨੀਕ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਦੇ ਮਾਮਲਿਆਂ ਵਿੱਚ ਇੰਦਰੀ ਵਿਧਾਨ ਸਭਾ ਹਲਕੇ ਨੂੰ ਦਿੱਤੀ ਗਈ ਤਰਜੀਹ ਲਈ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਹਮੇਸ਼ਾ ਧੰਨਵਾਦੀ ਰਹਿਣਗੇ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਇਨ੍ਹਾਂ ਲਾਇਬ੍ਰੇਰੀਆਂ ਦੇ ਖੁੱਲ੍ਹਣ ਨਾਲ ਖੇਤਰ ਦੇ ਬਹੁਤ ਸਾਰੇ ਨੌਜਵਾਨ ਦੇਸ਼ ਅਤੇ ਰਾਜ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਣਗੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਬਯਾਨਾ, ਬੀਬੀਪੁਰ ਜਟਾਨ, ਧਨੌਰਾ ਜਾਗੀਰ, ਗੋਰਗੜ੍ਹ, ਖੁਖਨੀ, ਮੁਖਾਲਾ ਖਾਲਸਾ, ਨਨਹੇੜਾ, ਪਥੇਰਾ, ਸ਼ੇਰਗੜ੍ਹ ਖਾਲਸਾ, ਜਰੌਲੀ, ਮੈਨਮਤੀ, ਮੋਦੀਪੁਰ, ਬਾਜੀਦਪੁਰ, ਚੌਰਾ ਖਾਲਸਾ, ਨਗਲਾ ਰੋਡਨ ਅਤੇ ਸਲਾਰਪੁਰਾ ਨੂੰ ਡਿਜੀਟਲ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਅਟਲ ਲਾਇਬ੍ਰੇਰੀਆਂ ਭੇਟ ਕੀਤੀਆਂ। ਮੰਡਲ ਪ੍ਰਧਾਨ ਸੰਜੇ ਕੰਬੋਜ ਨੇ ਧਨੌਰਾ ਜਾਗੀਰ ਪਿੰਡ ਵਿੱਚ ਅਟਲ ਲਾਇਬ੍ਰੇਰੀ ਦਾ ਉਦਘਾਟਨ ਕੀਤਾ।

ਵਿਧਾਇਕ ਅਤੇ ਸਰਕਾਰੀ ਮੁੱਖ ਵ੍ਹਿਪ ਰਾਮਕੁਮਾਰ ਕਸ਼ਯਪ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਅੱਜ ਭਾਜਪਾ ਦੇ ਗੜ੍ਹੀ ਬੀਰਬਲ ਮੰਡਲ ਦੇ ਪ੍ਰਧਾਨ ਸੰਜੇ ਕੰਬੋਜ ਨੇ ਧਨੌਰਾ ਜਾਗੀਰ ਪਿੰਡ ਵਿੱਚ 12 ਲੱਖ ਰੁਪਏ ਦੀ ਲਾਗਤ ਨਾਲ ਸਥਾਪਿਤ ਈ-ਲਾਇਬ੍ਰੇਰੀ (ਅਟਲ ਲਾਇਬ੍ਰੇਰੀ) ਦਾ ਰਸਮੀ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਵਿਧਾਇਕ ਅਤੇ ਸਰਕਾਰੀ ਮੁੱਖ ਵ੍ਹਿਪ ਰਾਮਕੁਮਾਰ ਕਸ਼ਯਪ ਦੇ ਵਿਸ਼ੇਸ਼ ਯਤਨਾਂ ਸਦਕਾ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇੰਦਰੀ ਵਿਧਾਨ ਸਭਾ ਹਲਕੇ ਨੂੰ 16 ਨਵੀਆਂ ਅਟਲ ਲਾਇਬ੍ਰੇਰੀਆਂ ਦਾ ਵੱਡਾ ਤੋਹਫ਼ਾ ਦਿੱਤਾ ਹੈ ਅਤੇ ਉਨ੍ਹਾਂ ਦੇ ਯਤਨਾਂ ਸਦਕਾ ਹੀ ਅੱਜ ਲਾਇਬ੍ਰੇਰੀਆਂ ਦਾ ਉਦਘਾਟਨ ਕੀਤਾ ਗਿਆ ਹੈ। ਇਸ ਮੌਕੇ ਸਰਪੰਚ ਪ੍ਰਤੀਨਿਧੀ ਜਗੀਰ ਸਿੰਘ, ਬਲਾਕ ਕਮੇਟੀ ਚੇਅਰਮੈਨ ਪ੍ਰਤੀਨਿਧੀ ਬਲਵਿੰਦਰ ਕਟਾਰੀਆ, ਬਲਾਕ ਕਮੇਟੀ ਮੈਂਬਰ ਰਾਜਪਾਲ ਕਸ਼ਯਪ, ਜਗਦੀਸ਼ ਕਸ਼ਯਪ, ਮਹਾਵੀਰ ਸ਼ਰਮਾ, ਰਵਿੰਦਰ ਤਿਆਗੀ, ਰਾਜਬੀਰ ਕਸ਼ਯਪ, ਜਸਵਿੰਦਰ ਸਿੰਘ ਅਤੇ ਹੋਰ ਪਤਵੰਤੇ ਮੌਜੂਦ ਸਨ।

# ਜ਼ਿਲ੍ਹਾ ਪੱਧਰੀ ਮਾਸਿਕ ਪਛਾਣੇ ਗਏ ਅਪਰਾਧ ਕਮੇਟੀ ਦੀ ਮੀਟਿੰਗ ਹੋਈ

**➢ ਐਸਸੀ/ਐਸਟੀ ਐਕਟ ਦੇ ਮਾਮਲਿਆਂ ਅਤੇ ਡੀਟੀਪੀ ਟਾਸਕ ਫੋਰਸ ਨਾਲ ਸਬੰਧਤ ਮੁੱਦਿਆਂ 'ਤੇ ਵੀ ਚਰਚਾ ਕੀਤੀ**



ਹਿਸਾਰ, 11 ਜੂਨ (ਪ.ਪ) : ਜ਼ਿਲ੍ਹਾ ਪੱਧਰੀ ਮਾਸਿਕ ਪਛਾਣੇ ਗਏ ਅਪਰਾਧ, ਐਸਸੀ/ਐਸਟੀ ਐਕਟ ਕੇਸ ਸਮੀਖਿਆ, ਅਤੇ ਡੀਟੀਪੀ ਟਾਸਕ ਫੋਰਸ ਕਮੇਟੀ ਦੀ ਇੱਕ ਮੀਟਿੰਗ ਡਿਪਟੀ ਕਮਿਸ਼ਨਰ ਮਹਿੰਦਰ ਪਾਲ ਦੀ ਪ੍ਰਧਾਨਗੀ ਹੇਠ ਮਿੰਨੀ ਸਕੱਤਰੇਤ ਦੇ ਵੀਸੀ ਆਡੀਟੋਰੀਅਮ ਵਿੱਚ ਹੋਈ। ਡਿਪਟੀ ਕਮਿਸ਼ਨਰ ਮਹਿੰਦਰ ਪਾਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪਛਾਣੇ ਗਏ ਅਪਰਾਧਾਂ ਨਾਲ ਸਬੰਧਤ ਮਾਮਲਿਆਂ ਵਿੱਚ ਕੋਈ ਢਿੱਲ ਨਾ ਵਰਤਣ ਅਤੇ ਕਾਨੂੰਨ ਅਨੁਸਾਰ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਲਈ ਸਾਰੇ ਜ਼ਰੂਰੀ ਕਦਮ ਚੁੱਕਣ। ਮੀਟਿੰਗ ਦੌਰਾਨ, ਉਨ੍ਹਾਂ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਲੰਬਿਤ ਮਾਮਲਿਆਂ, ਮੁਕੱਦਮਿਆਂ ਅਤੇ ਗੈਰ-ਕਾਨੂੰਨੀ ਕਲੋਨੀਆਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਦੀ ਸਮੀਖਿਆ ਕੀਤੀ। ਉਨ੍ਹਾਂ ਜ਼ਿਲ੍ਹਾ ਵਕੀਲਾਂ ਨੂੰ ਬੇਲੋੜੀ ਲੰਬੀ ਸੁਣਵਾਈ ਤੋਂ ਬਚਣ ਅਤੇ ਲੰਬਿਤ ਮਾਮਲਿਆਂ ਦੇ ਜਲਦੀ ਨਿਪਟਾਰੇ ਲਈ ਪ੍ਰਭਾਵਸ਼ਾਲੀ ਵਕਾਲਤ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਮਾਮਲਿਆਂ ਵਿੱਚ ਸ਼ਾਮਲ ਗਵਾਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਨਿਰਪੱਖਤਾ ਬਣਾਈ ਰੱਖਣ ਲਈ ਜ਼ਰੂਰੀ ਕਦਮ ਚੁੱਕਣ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕਥਾਮ) ਐਕਟ ਅਧੀਨ ਦਰਜ ਮਾਮਲਿਆਂ ਦੀ ਸਮੀਖਿਆ ਕਰਦੇ ਹੋਏ, ਡਿਪਟੀ ਕਮਿਸ਼ਨਰ ਮਹਿੰਦਰ ਪਾਲ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਜਾਂਚ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਿਆਂਇਕ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਸਰਕਾਰੀ ਵਕੀਲਾਂ ਅਤੇ ਜਾਂਚ ਅਧਿਕਾਰੀਆਂ ਵਿਚਕਾਰ ਨਿਯਮਤ ਸੰਚਾਰ ਅਤੇ ਬਿਹਤਰ ਤਾਲਮੇਲ ਜ਼ਰੂਰੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਭਾਵਸ਼ਾਲੀ ਤਾਲਮੇਲ ਮਾਮਲਿਆਂ ਦੀ ਪੈਰਵੀ ਨੂੰ ਮਜ਼ਬੂਤ ਕਰੇਗਾ ਅਤੇ ਪੀੜਤਾਂ ਲਈ ਸਮੇਂ ਸਿਰ ਨਿਆਂ ਯਕੀਨੀ ਬਣਾਏਗਾ। ਮੀਟਿੰਗ ਦੌਰਾਨ ਡੀਟੀਪੀ ਟਾਸਕ ਫੋਰਸ ਕਮੇਟੀ ਦੀਆਂ ਗਤੀਵਿਧੀਆਂ ਦੀ ਵੀ ਸਮੀਖਿਆ ਕੀਤੀ ਗਈ। ਜ਼ਿਲ੍ਹਾ ਟਾਊਨ ਪਲੈਨਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਕਲੋਨੀਆਂ ਵਿਰੁੱਧ ਮੁਹਿੰਮ ਜਾਰੀ ਹੈ। ਸੰਭਾਵੀ ਗੈਰ-ਕਾਨੂੰਨੀ ਕਲੋਨੀਆਂ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀਆਂ ਸੂਚੀਆਂ ਸਮੇਂ-ਸਮੇਂ 'ਤੇ ਸਬੰਧਤ ਤਹਿਸੀਲਦਾਰਾਂ ਨੂੰ ਭੇਜੀਆਂ ਜਾਂਦੀਆਂ ਹਨ ਤਾਂ ਜੋ ਅਜਿਹੇ ਖੇਤਰਾਂ ਵਿੱਚ ਜ਼ਮੀਨ ਦੀਆਂ ਰਜਿਸਟ੍ਰੇਸ਼ਨਾਂ 'ਤੇ ਜ਼ਰੂਰੀ ਨਿਯੰਤਰਣ ਯਕੀਨੀ ਬਣਾਇਆ ਜਾ ਸਕੇ ਅਤੇ ਨਾਗਰਿਕਾਂ ਨੂੰ ਗੈਰ-ਕਾਨੂੰਨੀ ਕਲੋਨੀਆਂ ਵਿੱਚ ਨਿਵੇਸ਼ ਕਰਨ ਤੋਂ ਰੋਕਿਆ ਜਾ ਸਕੇ। ਇਸ ਮਹੀਨੇ ਛੇ ਗੈਰ-ਕਾਨੂੰਨੀ ਕਲੋਨੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਸ਼ਾਸਨ ਗੈਰ-ਕਾਨੂੰਨੀ ਕਲੋਨੀਆਂ ਨੂੰ ਰੋਕਣ ਲਈ ਤਨਦੇਹੀ ਨਾਲ ਕੰਮ ਕਰ ਰਿਹਾ ਹੈ ਅਤੇ ਨਿਯਮਾਂ ਅਨੁਸਾਰ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਦਾ ਰਹੇਗਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਮ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ, ਤਾਂ ਜੋ ਉਹ ਕਿਸੇ ਵੀ ਗੈਰ-ਕਾਨੂੰਨੀ ਕਲੋਨੀ ਵਿੱਚ ਪਲਾਟ ਖਰੀਦਣ ਤੋਂ ਪਹਿਲਾਂ ਸਬੰਧਤ ਵਿਭਾਗ ਤੋਂ ਜਾਣਕਾਰੀ ਪ੍ਰਾਪਤ ਕਰ ਸਕਣ। ਮੀਟਿੰਗ ਵਿੱਚ ਹਿਸਾਰ ਦੇ ਐਸਡੀਐਮ ਜੋਤੀ ਮਿੱਤਲ, ਬਰਵਾਲਾ ਦੇ ਐਸਡੀਐਮ ਅਸ਼ਵੀਰ ਨੈਨ ਦੇ ਨਾਲ ਪੁਲਿਸ, ਜ਼ਿਲ੍ਹਾ ਅਟਾਰਨੀ, ਮਾਲੀਆ ਅਤੇ ਟਾਊਨ ਪਲਾਨਿੰਗ ਵਿਭਾਗਾਂ ਦੇ ਅਧਿਕਾਰੀ ਅਤੇ ਹੋਰ ਸਬੰਧਤ ਅਧਿਕਾਰੀ ਮੌਜੂਦ ਸਨ।

# ਗਿਗ ਅਤੇ ਪਲੇਟਫਾਰਮ ਵਰਕਰਾਂ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਸ਼ੁਰੂ : ਰਿੰਕੂ

**ਕਾਮੇ ਈ-ਸ਼੍ਰਮ ਪੋਰਟਲ 'ਤੇ ਰਜਿਸਟਰ ਕਰਕੇ ਵੱਖ-ਵੱਖ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਪ੍ਰਾਪਤ ਕਰ ਸਕਦੇ ਹਨ**



ਸੋਨੀਪਤ, 11 ਜੂਨ (ਪ.ਪ) : ਸਹਾਇਕ ਕਿਰਤ ਕਮਿਸ਼ਨਰ ਰਿੰਕੂ ਨੇ ਕਿਹਾ ਕਿ ਗਿਗ ਅਤੇ ਪਲੇਟਫਾਰਮ ਵਰਕਰਾਂ ਨੂੰ ਸਮਾਜਿਕ ਸੁਰੱਖਿਆ ਛਤਰੀ ਹੇਠ ਲਿਆਉਣ ਅਤੇ ਉਨ੍ਹਾਂ ਨੂੰ ਵੱਖ-ਵੱਖ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਭਲਾਈ ਯੋਜਨਾਵਾਂ ਨਾਲ ਜੋੜਨ ਲਈ ਇੱਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਮੁਹਿੰਮ ਦੇ ਤਹਿਤ, ਡਿਲੀਵਰੀ ਬੁਆਏ, ਔਨਲਾਈਨ ਸੇਵਾ ਪ੍ਰਦਾਤਾ, ਈ-ਮਾਰਕੀਟਿੰਗ ਵਰਕਰ, ਲੌਜਿਸਟਿਕਸ ਅਤੇ ਰਾਈਡ-ਸ਼ੇਅਰਿੰਗ ਸੇਵਾ ਕਰਮਚਾਰੀ, ਪੇਸ਼ੇਵਰ ਸੇਵਾ ਪ੍ਰਦਾਤਾ, ਸਿਹਤ ਸੰਭਾਲ, ਯਾਤਰਾ ਅਤੇ ਪ੍ਰਾਹੁਣਚਾਰੀ ਕਰਮਚਾਰੀ, ਸਮੱਗਰੀ ਅਤੇ ਮੀਡੀਆ ਸੇਵਾ ਪ੍ਰਦਾਤਾ, ਨਿਰਮਾਣ ਕਰਮਚਾਰੀ ਅਤੇ ਹੋਰ ਪਲੇਟਫਾਰਮ-ਅਧਾਰਤ ਕਰਮਚਾਰੀਆਂ ਨੂੰ ਈ-ਸ਼੍ਰਮ ਪੋਰਟਲ 'ਤੇ ਰਜਿਸਟਰ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸਹਾਇਕ ਕਿਰਤ ਕਮਿਸ਼ਨਰ ਰਿੰਕੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਗਿਗ ਅਤੇ ਪਲੇਟਫਾਰਮ ਵਰਕਰਾਂ ਨੂੰ ਸਮਾਜਿਕ ਸੁਰੱਖਿਆ ਲਾਭ ਪ੍ਰਦਾਨ ਕਰਨ ਲਈ ਮਹੱਤਵਪੂਰਨ ਕਦਮ ਚੁੱਕੇ ਹਨ। ਹਾਲ ਹੀ ਵਿੱਚ ਐਲਾਨੇ ਗਏ ਉਪਬੰਧਾਂ ਦੇ ਅਨੁਸਾਰ, ਗਿਗ ਵਰਕਰਾਂ ਨੂੰ ਆਯੁਸ਼ਮਾਨ ਭਾਰਤ ਯੋਜਨਾ ਦੇ ਲਾਭ ਵੀ ਪ੍ਰਦਾਨ ਕੀਤੇ ਜਾਣਗੇ। ਇਸ ਲਈ, ਕਾਮਿਆਂ ਲਈ ਈ-ਸ਼੍ਰਮ ਪੋਰਟਲ 'ਤੇ ਰਜਿਸਟਰ ਹੋਣਾ ਅਤੇ ਇੱਕ ਸਰਗਰਮ ਈ-ਸ਼੍ਰਮ ਕਾਰਡ ਹੋਣਾ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਗਿਗ ਅਤੇ ਪਲੇਟਫਾਰਮ ਵਰਕਰ ਆਪਣੇ ਮੋਬਾਈਲ ਫੋਨ ਰਾਹੀਂ ਈ-ਸ਼੍ਰਮ ਪੋਰਟਲ 'ਤੇ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ ਜਾਂ ਆਪਣੇ ਨਜ਼ਦੀਕੀ ਕਾਮਨ ਸਰਵਿਸ ਸੈਂਟਰ (ਸੀਐਸਸੀ) 'ਤੇ ਜਾ ਕੇ ਰਜਿਸਟ੍ਰੇਸ਼ਨ ਪ੍ਰਕਿਰਿਆ ਪੂਰੀ ਕਰ ਸਕਦੇ ਹਨ। ਰਜਿਸਟ੍ਰੇਸ਼ਨ ਤੋਂ ਬਾਅਦ, ਵਰਕਰਾਂ ਨੂੰ ਵੱਖ-ਵੱਖ ਸਮਾਜਿਕ ਸੁਰੱਖਿਆ ਯੋਜਨਾਵਾਂ ਨਾਲ ਜੁੜਨ ਵਿੱਚ ਸਹਾਇਤਾ ਕੀਤੀ ਜਾਵੇਗੀ। ਸਹਾਇਕ ਕਿਰਤ ਕਮਿਸ਼ਨਰ ਰਿੰਕੂ ਨੇ ਕਿਹਾ ਕਿ ਹਰਿਆਣਾ ਸਰਕਾਰ ਵੀ ਗਿਗ ਅਤੇ ਪਲੇਟਫਾਰਮ ਵਰਕਰਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ।

# ਵਧੀਕ ਡਿਪਟੀ ਕਮਿਸ਼ਨਰ ਸ਼ਾਲਿਨੀ ਚੇਤਲ ਨੇ ਇੱਕ ਹੱਲ ਕੈਂਪ ਵਿੱਚ ਨਾਗਰਿਕਾਂ ਦੀਆਂ ਸ਼ਿਕਾਇਤਾਂ ਸੁਣੀਆਂ



ਹਿਸਾਰ, 11 ਜੂਨ (ਪ.ਪ) : ਸੂਬਾ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਲਗਾਏ ਜਾ ਰਹੇ ਹੱਲ ਕੈਂਪ ਦੌਰਾਨ, ਵਧੀਕ ਡਿਪਟੀ ਕਮਿਸ਼ਨਰ ਸ਼ਾਲਿਨੀ ਚੇਤਲ ਨੇ ਸੋਮਵਾਰ ਨੂੰ ਮਿੰਨੀ ਸਕੱਤਰੇਤ ਕੰਪਲੈਕਸ ਵਿਖੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਸੁਣੀਆਂ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਬਿਨਾਂ ਕਿਸੇ ਦੇਰੀ ਦੇ ਤਰਜੀਹੀ ਆਧਾਰ 'ਤੇ ਸ਼ਿਕਾਇਤਾਂ ਦਾ ਹੱਲ ਕਰਨ ਤਾਂ ਜੋ ਜ਼ਿਲ੍ਹੇ ਦੇ ਵਸਨੀਕਾਂ ਨੂੰ ਸਹੂਲਤਾਂ ਅਤੇ ਯੋਜਨਾਵਾਂ ਦਾ ਸਮੇਂ ਸਿਰ ਲਾਭ ਮਿਲ ਸਕੇ। ਹੱਲ ਕੈਂਪ ਵਿੱਚ, ਪਿੰਡ ਦੋਭੀ ਦੇ ਸਰਪੰਚ ਨੇ ਸ਼ਿਕਾਇਤ ਕੀਤੀ ਕਿ ਕੁਝ ਗ੍ਰਾਮ ਪ੍ਰੀਸ਼ਦ ਮੈਂਬਰ ਜਾਣਬੁੱਝ ਕੇ ਪਿੰਡ ਵਿਕਾਸ ਬਿੱਲਾਂ ਦੀ ਅਦਾਇਗੀ ਵਿੱਚ ਰੁਕਾਵਟ ਪਾ ਰਹੇ ਹਨ, ਜਿਸ ਕਾਰਨ ਪਿੰਡ ਪੰਚਾਇਤ ਦੇ ਵਿਕਾਸ ਕਾਰਜ ਵਿੱਚ ਦੇਰੀ ਹੋ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਨੂੰ ਮਾਮਲੇ ਦੀ ਜਾਂਚ ਕਰਨ ਅਤੇ ਅਗਲੇਰੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇਸੇ ਤਰ੍ਹਾਂ ਪਿੰਡ ਸੁਲਖਾਨੀ ਦੇ ਇੱਕ ਪਟੀਸ਼ਨਰ ਨੇ ਪੰਚਾਇਤੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ, ਪੰਚਾਇਤੀ ਜਾਇਦਾਦਾਂ ਦੀ ਦੁਰਵਰਤੋਂ ਅਤੇ ਪੰਚਾਇਤੀ ਕੰਮ ਵਿੱਚ ਸੰਭਾਵੀ ਬੇਨਿਯਮੀਆਂ ਬਾਰੇ ਸ਼ਿਕਾਇਤ ਕੀਤੀ ਅਤੇ ਮਾਮਲੇ ਦੀ ਜਾਂਚ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਮੁੱਦੇ ਨੂੰ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਪਿੰਡ ਮੂਲਾਂ ਦੇ ਵਸਨੀਕ ਅਮਿਤ ਕੁਮਾਰ ਨੇ ਚਿੰਤਾ ਪ੍ਰਗਟ ਕੀਤੀ ਕਿ ਪਿੰਡ ਦੇ ਮੁੱਖ ਨਾਲੇ ਵਿੱਚ ਗੰਦਾ ਪਾਣੀ ਜਮ੍ਹਾਂ ਹੋਣ ਕਾਰਨ ਸਕੂਲੀ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਧੀਕ ਡਿਪਟੀ ਕਮਿਸ਼ਨਰ ਸ਼ਾਲਿਨੀ ਚੇਤਲ ਨੇ ਨਾਲੇ ਦੀ ਨਿਕਾਸੀ ਲਈ ਇੱਕ ਸਥਾਈ ਨਾਲਾ ਬਣਾਉਣ ਦੀ ਬੇਨਤੀ ਕੀਤੀ। ਵਧੀਕ ਡਿਪਟੀ ਕਮਿਸ਼ਨਰ ਸ਼ਾਲਿਨੀ ਚੇਤਲ ਨੇ ਜ਼ਿਲ੍ਹਾ ਪੰਚਾਇਤ ਅਤੇ ਵਿਕਾਸ ਅਧਿਕਾਰੀ ਨੂੰ ਜਗ੍ਹਾ ਦਾ ਮੁਆਇਨਾ ਕਰਨ ਅਤੇ ਅਗਲੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਪਿੰਡ ਖੈਰੀ ਦੇ ਵਸਨੀਕ ਨਰੇਸ਼ ਕੁਮਾਰ ਨੇ ਆਪਣੇ ਖੇਤ ਵਿੱਚੋਂ ਲੰਘਦੀ ਸਥਾਈ ਨਹਿਰ ਦੀ ਮਾਪ ਦੀ ਬੇਨਤੀ ਕੀਤੀ। ਇਸੇ ਤਰ੍ਹਾਂ, ਆਜ਼ਾਦ ਨਗਰ ਦੇ ਵਸਨੀਕ ਧੂਪ ਸਿੰਘ ਵੱਲੋਂ ਬੰਦ ਨਹਿਰ ਨੂੰ ਦੁਬਾਰਾ ਖੋਲ੍ਹਣ ਦੀ ਬੇਨਤੀ ਕਰਨ 'ਤੇ, ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸਾਈਬਰ ਧੋਖਾਧੜੀ ਨੂੰ ਰੋਕਣ ਲਈ ਜਨਤਾ ਨੂੰ ਚੌਕਸ ਰਹਿਣਾ ਚਾਹੀਦਾ : ਸੂਦਨ



ਕੈਥਲ, 11 ਜੂਨ (ਪ.ਪ) : ਸਾਈਬਰ ਅਪਰਾਧ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਅਤੇ ਡਿਜੀਟਲ ਸੁਰੱਖਿਆ ਬਾਰੇ ਜਨਤਕ ਜਾਗਰੂਕਤਾ ਵਧਾਉਣ ਲਈ, ਕੈਥਲ ਜ਼ਿਲ੍ਹਾ ਪੁਲਿਸ ਨੇ ਆਟੋ-ਪੇਅ, ਸਬਸਕ੍ਰਿਪਸ਼ਨ ਅਤੇ ਆਟੋ-ਡੈਬਿਟ ਨਾਲ ਸਬੰਧਤ ਸਾਈਬਰ ਧੋਖਾਧੜੀ ਸੰਬੰਧੀ ਇੱਕ ਮਹੱਤਵਪੂਰਨ ਸਲਾਹ ਜਾਰੀ ਕੀਤੀ ਹੈ। ਕੈਥਲ ਦੇ ਪੁਲਿਸ ਸੁਪਰਡੈਂਟ ਮਨਪ੍ਰੀਤ ਸਿੰਘ ਸੂਦਨ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਮੋਬਾਈਲ ਐਪਸ, ਵੈੱਬਸਾਈਟਾਂ ਅਤੇ ਔਨਲਾਈਨ ਸੇਵਾਵਾਂ ਦੀ ਵਰਤੋਂ ਕਰਦੇ ਸਮੇਂ ਵਿਸ਼ੇਸ਼ ਸਾਵਧਾਨੀ ਵਰਤਣ ਅਤੇ ਆਟੋ-ਪੇਅ ਜਾਂ ਆਟੋ-ਡੈਬਿਟ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਕਿਸੇ ਵੀ ਪਲੇਟਫਾਰਮ ਦੀ ਭਰੋਸੇਯੋਗਤਾ ਦੀ ਚੰਗੀ ਤਰ੍ਹਾਂ ਜਾਂਚ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਸਾਈਬਰ ਅਪਰਾਧੀ ਇਸ ਸਮੇਂ ਜਾਅਲੀ ਮੋਬਾਈਲ ਐਪਸ, ਜਾਅਲੀ ਵੈੱਬਸਾਈਟਾਂ ਅਤੇ ਆਕਰਸ਼ਕ ਪੇਸ਼ਕਸ਼ਾਂ ਰਾਹੀਂ ਲੋਕਾਂ ਨੂੰ ਭਰਮਾਉਂਦੇ ਹਨ। ਬਹੁਤ ਸਾਰੇ ਮਾਮਲਿਆਂ ਵਿੱਚ, ਖਪਤਕਾਰਾਂ ਨੇ ਅਣਜਾਣੇ ਵਿੱਚ OTP ਦਾਖਲ ਕੀਤਾ ਹੈ ਜਾਂ ÷ਆਟੋ ਡੈਬਿਟ ਦੀ ਆਗਿਆ ਦਿਓ÷ ਵਿਕਲਪ ਨੂੰ ਸਵੀਕਾਰ ਕਰ ਲਿਆ ਹੈ, ਜਿਸ ਤੋਂ ਬਾਅਦ ਫੰਡ ਆਪਣੇ ਆਪ ਹੀ ਨਿਰਧਾਰਤ ਅੰਤਰਾਲਾਂ 'ਤੇ ਉਨ੍ਹਾਂ ਦੇ ਬੈਂਕ ਖਾਤੇ ਜਾਂ UPI ਤੋਂ ਕੱਟੇ ਜਾਂਦੇ ਹਨ। ਨਾਗਰਿਕਾਂ ਨੂੰ ਸਿਰਫ਼ ਅਧਿਕਾਰਤ ਅਤੇ ਭਰੋਸੇਯੋਗ ਪਲੇਟਫਾਰਮਾਂ 'ਤੇ ਆਟੋ ਪੇ ਵਿਸ਼ੇਸ਼ਤਾ ਦੀ ਵਰਤੋਂ ਕਰਨੀ ਚਾਹੀਦੀ ਹੈ। ਕਿਸੇ ਵੀ ਅਣਜਾਣ ਲਿੰਕ, ਕਾਲ, ਸੰਦੇਸ਼ ਜਾਂ ਸੋਸ਼ਲ ਮੀਡੀਆ ਇਸ਼ਤਿਹਾਰਾਂ ਦੇ ਪ੍ਰਭਾਵ ਹੇਠ ਬੈਂਕਿੰਗ ਅਨੁਮਤੀਆਂ ਨਾ ਦਿਓ। ਪੁਲਿਸ ਸੁਪਰਡੈਂਟ ਨੇ ਕਿਹਾ ਕਿ ਕਿਸੇ ਵੀ ਸਾਈਬਰ ਧੋਖਾਧੜੀ ਦੇ ਮਾਮਲੇ ਵਿੱਚ, ਨਾਗਰਿਕਾਂ ਨੂੰ ਤੁਰੰਤ ਰਾਸ਼ਟਰੀ ਸਾਈਬਰ ਹੈਲਪਲਾਈਨ ਨੰਬਰ 1930 'ਤੇ ਸ਼ਿਕਾਇਤ ਦਰਜ ਕਰਨੀ ਚਾਹੀਦੀ ਹੈ ਜਾਂ ਪੋਰਟਲ 'ਤੇ ਔਨਲਾਈਨ ਸ਼ਿਕਾਇਤ ਦਰਜ ਕਰਨੀ ਚਾਹੀਦੀ ਹੈ। ਸਮੇਂ ਸਿਰ ਸ਼ਿਕਾਇਤ ਦਰਜ ਕਰਨ ਨਾਲ ਧੋਖਾਧੜੀ ਕੀਤੀ ਗਈ ਰਕਮ ਦੀ ਵਸੂਲੀ ਦੀ ਸੰਭਾਵਨਾ ਵੱਧ ਜਾਂਦੀ ਹੈ।

## ਨਵੀਨ ਜਿੰਦਲ ਫਾਊਂਡੇਸ਼ਨ ਨੇ 86 ਪਿੰਡ ਵਾਸੀਆਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ

ਸ਼ਾਹਾਬਾਦ ਮਾਰਕੰਡਾ, 11 ਜੂਨ (ਪ.ਪ) : ਨਵੀਨ ਜਿੰਦਲ ਫਾਊਂਡੇਸ਼ਨ ਦੁਆਰਾ ਚਲਾਈ ਜਾ ਰਹੀ ਸਿਹਤਮੰਦ ਕੁਰੂਕਸ਼ੇਤਰ ਸੰਸਦੀ ਚੋਣ ਮੁਹਿੰਮ ਦੇ ਤਹਿਤ, ਪੇਂਡੂ ਖੇਤਰਾਂ ਵਿੱਚ ਘਰ-ਘਰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਪਹਿਲਕਦਮੀ ਵਿੱਚ, ਫਾਊਂਡੇਸ਼ਨ ਦੀ ਦੂਜੀ ਮੋਬਾਈਲ ਮੈਡੀਕਲ ਯੂਨਿਟ ਸ਼ਾਹਾਬਾਦ ਵਿਧਾਨ ਸਭਾ ਹਲਕੇ ਦੇ ਝੜੌਲੀ ਕਲਾਂ ਅਤੇ ਮਦੂਦਨ ਪਿੰਡਾਂ ਤੱਕ ਪਹੁੰਚੀ। ਦੋਵਾਂ ਪਿੰਡਾਂ ਦੇ ਵਸਨੀਕਾਂ ਨੇ ਮੁਫ਼ਤ ਸਿਹਤ ਜਾਂਚ, ਡਾਕਟਰੀ ਸਲਾਹ-ਮਸ਼ਵਰੇ ਅਤੇ ਦਵਾਈਆਂ ਦਾ ਲਾਭ ਉਠਾਇਆ। ਮੋਬਾਈਲ ਮੈਡੀਕਲ ਯੂਨਿਟ ਦੇ ਮੈਂਬਰ ਡਾ. ਪੂਰਨਮਲ ਨੇ ਦੱਸਿਆ ਕਿ ਦੋਵਾਂ ਪਿੰਡਾਂ ਵਿੱਚ ਲਗਾਏ ਗਏ ਕੈਂਪਾਂ ਦੌਰਾਨ, ਪਿੰਡ ਵਾਸੀਆਂ ਦੀ ਵਿਸਤ੍ਰਿਤ ਸਿਹਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਵੱਖ-ਵੱਖ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਬਾਰੇ ਜ਼ਰੂਰੀ ਸਲਾਹ ਦਿੱਤੀ ਗਈ। ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਹੋਰ ਆਮ ਸਿਹਤ ਸਮੱਸਿਆਵਾਂ ਦੀ ਵੀ ਜਾਂਚ ਕੀਤੀ ਗਈ। 78 ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ, ਜਦੋਂ ਕਿ 8 ਲੋਕਾਂ ਦੇ ਖੂਨ ਦੇ ਟੈਸਟ ਵੀ ਮੌਕੇ 'ਤੇ ਕੀਤੇ ਗਏ।

# ਜਦੋਂ ਬੱਚਾ ਸਿਹਤਮੰਦ ਹੋਵੇਗਾ ਤਾਂ ਹੀ ਸਮਾਜ ਮਜ਼ਬੂਤ ਅਤੇ ਚੰਗਾ ਬਣੇਗਾ, ਕੈਲਾਸ਼ ਸੈਣੀ ਨੇ ਕਿਹਾ


ਲਾਡਵਾ, 11 ਜੂਨ (ਪ.ਪ) : ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਕੈਲਾਸ਼ ਸੈਣੀ ਨੇ ਕਿਹਾ ਕਿ ਜਦੋਂ ਬੱਚਾ ਸਿਹਤਮੰਦ ਹੋਵੇਗਾ ਤਾਂ ਹੀ ਸਮਾਜ ਮਜ਼ਬੂਤ ? ?ਅਤੇ ਚੰਗਾ ਬਣੇਗਾ। ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਵੱਲੋਂ ਮਾਂ ਅਤੇ ਬੱਚੇ ਦੀ ਸਿਹਤ ਨੂੰ ਮਜ਼ਬੂਤ ਕਰਨ ਲਈ ਸ਼ੁਰੂ ਕੀਤੀ ਗਈ ਇਸ ਮਹੱਤਵਾਕਾਂਖੀ ਮੁਹਿੰਮ ਨੇ ਸਫਲਤਾਪੂਰਵਕ 10 ਸਾਲ ਪੂਰੇ ਕਰ ਲਏ ਹਨ। ਇਹ ਮੁਹਿੰਮ ਗਰਭਵਤੀ ਔਰਤਾਂ ਨੂੰ ਸੁਰੱਖਿਅਤ ਮਾਂ ਬਣਨ ਦੀਆਂ ਸੇਵਾਵਾਂ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਈ ਹੈ। ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਕੈਲਾਸ਼ ਸੈਣੀ ਮੰਗਲਵਾਰ ਨੂੰ ਲਾਡਵਾ ਦੇ ਕਮਿਊਨਿਟੀ ਹੈਲਥ ਸੈਂਟਰ ਵਿਖੇ ਆਯੋਜਿਤ ਪ੍ਰਧਾਨ ਮੰਤਰੀ ਸੁਰੱਖਿਅਤ ਮਾਂ ਬਣਨ ਦੀ ਮੁਹਿੰਮ ਪ੍ਰੋਗਰਾਮ ਵਿੱਚ ਬੋਲ ਰਹੇ ਸਨ। ਪ੍ਰੋਗਰਾਮ ਦੌਰਾਨ, ਕੁੱਲ 72 ਗਰਭਵਤੀ ਔਰਤਾਂ ਦਾ ਏਐਨਸੀ ਚੈੱਕਅੱਪ ਹੋਇਆ, ਜਿਨ੍ਹਾਂ ਵਿੱਚੋਂ 17 ਦੀ ਪਛਾਣ ਉੱਚ-ਜੋਖਮ ਵਾਲੀਆਂ ਗਰਭ ਅਵਸਥਾਵਾਂ ਵਜੋਂ ਕੀਤੀ ਗਈ। ਇਨ੍ਹਾਂ ਔਰਤਾਂ ਦੀ ਪਛਾਣ ਵਿਸ਼ੇਸ਼ ਨਿਗਰਾਨੀ, ਜ਼ਰੂਰੀ ਡਾਕਟਰੀ ਸਲਾਹ-ਮਸ਼ਵਰੇ ਅਤੇ ਢੁਕਵੇਂ ਇਲਾਜ ਲਈ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਹੋਰ ਸਿਹਤ ਸੇਵਾਵਾਂ ਨਾਲ ਜੋੜਿਆ ਗਿਆ ਸੀ। ਇੰਚਾਰਜ ਕੈਲਾਸ਼ ਸੈਣੀ ਨੇ ਦੱਸਿਆ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਸਰਕਾਰ ਔਰਤਾਂ ਅਤੇ ਨਵਜੰਮੇ ਬੱਚਿਆਂ ਦੀ ਸਿਹਤ ਦੀ ਰੱਖਿਆ ਲਈ ਕਈ ਲੋਕ ਭਲਾਈ ਯੋਜਨਾਵਾਂ ਅਤੇ ਪ੍ਰੋਗਰਾਮ ਲਾਗੂ ਕਰ ਰਹੀ ਹੈ, ਜਿਸਦਾ ਉਦੇਸ਼ ਮਾਂ ਅਤੇ ਬਾਲ ਮੌਤ ਦਰ ਨੂੰ ਘਟਾਉਣਾ ਅਤੇ ਹਰੇਕ ਗਰਭਵਤੀ ਔਰਤ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਗਰਭਵਤੀ ਔਰਤਾਂ ਨੂੰ ਨਿਯਮਤ ਤੌਰ 'ਤੇ ਜਨਮ ਤੋਂ ਪਹਿਲਾਂ ਜਾਂਚ ਕਰਵਾਉਣ, ਸੰਤੁਲਿਤ ਅਤੇ ਪੌਸ਼ਟਿਕ ਖੁਰਾਕ ਖਾਣ, ਸਮੇਂ ਸਿਰ ਟੀਕਾਕਰਨ ਕਰਵਾਉਣ ਅਤੇ ਸਿਹਤ ਵਿਭਾਗ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦਾ ਲਾਭ ਲੈਣ ਲਈ ਉਤਸ਼ਾਹਿਤ ਕੀਤਾ।

## ਨਰਵਾਣਾ ਹੱਲ ਕੈਂਪ ਵਿੱਚ ਪੰਜ ਜਨਤਕ ਸ਼ਿਕਾਇਤਾਂ ਉਠਾਈਆਂ

ਨਰਵਾਣਾ, 11 ਜੂਨ (ਪ.ਪ) : ਹਰਿਆਣਾ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ, ਜਨਤਕ ਸ਼ਿਕਾਇਤਾਂ ਦਾ ਜਲਦੀ ਹੱਲ ਕਰਨ ਲਈ ਸੋਮਵਾਰ ਨੂੰ ਸਥਾਨਕ ਮਿੰਨੀ ਸਕੱਤਰੇਤ ਦੇ ਆਡੀਟੋਰੀਅਮ ਵਿੱਚ ਇੱਕ ਸਬ-ਡਵੀਜ਼ਨ ਪੱਧਰੀ ਸੰਕਲਪ ਕੈਂਪ ਲਗਾਇਆ ਗਿਆ। ਐਸਡੀਐਮ ਜਗਦੀਸ਼ ਚੰਦਰ ਨੇ ਕੈਂਪ ਦੀ ਪ੍ਰਧਾਨਗੀ ਕੀਤੀ। ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਜਨਤਕ ਸ਼ਿਕਾਇਤਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਲਈ ਲੋੜੀਂਦੀ ਕਾਰਵਾਈ ਕੀਤੀ।

# ਤਰਬੂਜ ਨਾਲ ਘਰ ਬੈਠੇ ਹੀ ਕਰੋ ਫੇਸ਼ੀਅਲ, 10 ਮਿੰਟਾਂ 'ਚ ਚਮਕਣ ਲੱਗੇ ਸਕਿਨ

ਤਰਬੂਜ ਗਰਮੀਆਂ ਵਿੱਚ ਸਭ ਤੋਂ ਵੱਧ ਪਾਣੀ ਨਾਲ ਭਰਪੂਰ ਫਲ ਹੈ। ਇਸ ਨੂੰ ਖਾਣ ਨਾਲ ਸਰੀਰ 'ਚ ਪਾਣੀ ਦੀ ਕਮੀ ਪੂਰੀ ਹੁੰਦੀ ਹੈ ਅਤੇ ਸਰੀਰ



ਹਾਈਡ੍ਰੇਟ ਰਹਿੰਦਾ ਹੈ। ਤਰਬੂਜ ਖਾਣ ਨਾਲ ਸਰੀਰ ਨੂੰ ਕਈ ਫਾਇਦੇ ਹੁੰਦੇ ਹਨ। ਤਰਬੂਜ ਖਾਣ ਤੋਂ ਇਲਾਵਾ ਇਸ ਨੂੰ ਚਮੜੀ ਤੇ ਲਗਾਉਣ ਨਾਲ ਰੰਗਤ ਚ ਨਿਖਾਰ ਆਉਂਦਾ ਹੈ। ਜੇਕਰ ਤੁਸੀਂ ਪਾਰਲਰ ਜਾ ਕੇ ਮਹਿੰਗੇ ਫੇਸ਼ੀਅਲ ਨਹੀਂ ਕਰਵਾਉਣਾ ਚਾਹੁੰਦੇ ਹੋ ਤਾਂ ਤੁਸੀਂ ਆਸਾਨੀ ਨਾਲ ਘਰ 'ਚ ਤਰਬੂਜ ਨਾਲ ਫੇਸ਼ੀਅਲ ਕਰ ਸਕਦੇ ਹੋ। ਇਸ ਨਾਲ ਤੁਹਾਡੀ ਚਮੜੀ ਚਮਕਦਾਰ ਹੋ ਜਾਵੇਗੀ।

ਤਰਬੂਜ ਨਾਲ ਫੇਸ਼ੀਅਲ ਕਿਵੇਂ ਕਰੀਏ

*ਸਭ ਤੋਂ ਪਹਿਲਾਂ ਚਿਹਰੇ ਨੂੰ ਸਾਫ ਕਰਨ ਲਈ ਤਰਬੂਜ ਦੇ ਰਸ 'ਚ ਥੋੜ੍ਹਾ ਜਿਹਾ ਨਾਰੀਅਲ ਤੇਲ ਮਿਲਾ ਕੇ ਕਲੀਨਜ਼ਰ ਬਣਾਓ ਅਤੇ ਇਸ ਨਾਲ ਆਪਣੀ ਸਕਿਨ ਨੂੰ ਚੰਗੀ ਤਰ੍ਹਾਂ ਸਾਫ ਕਰੋ।

*ਹੁਣ ਤੁਹਾਨੂੰ ਤਰਬੂਜ ਤੋਂ ਇੱਕ ਸਕਰਬ ਤਿਆਰ ਕਰਨਾ ਹੈ।ਇਸ ਦੇ ਲਈ 2 ਚਮਚ ਤਰਬੂਜ ਦਾ ਰਸ ਅਤੇ 1 ਚੱਮਚ ਚੌਲਾਂ ਦਾ ਪਾਊਡਰ ਲੈਣਾ ਹੋਵੇਗਾ। ਹੁਣ ਇਸ ਨੂੰ ਸਰਕੂਲਰ ਮੋਸ਼ਨ 'ਚ ਹੌਲੀ-ਹੌਲੀ ਰਗੜੋ।

*ਤਰਬੂਜ ਤੋਂ ਬਣਿਆ ਸਕਰਬ ਡੈੱਡ ਸਕਿਨ, ਬਲੈਕਹੈੱਡਸ ਅਤੇ ਵ੍ਹਾਈਟਹੈੱਡਸ ਤੋਂ ਛੁਟਕਾਰਾ ਪਾਉਂਦਾ ਹੈ।

*ਤਰਬੂਜ ਨਾਲ ਮਾਲਿਸ਼ ਕਰਨੀ ਹੈ। ਤੁਹਾਡੀ ਚਮੜੀ ਨੂੰ ਐਕਸਫੋਲੀਏਟ ਕਰਨ ਤੋਂ ਬਾਅਦ ਨਮੀ ਦੇਣਾ ਮਹੱਤਵਪੂਰਨ ਹੈ। ਤੁਹਾਨੂੰ ਤਰਬੂਜ ਤੋਂ ਕਰੀਮ ਬਣਾਉਣੀ ਹੈ। ਇਸਦੇ ਲਈ

*ਤੁਹਾਨੂੰ 1 ਚਮਚ ਤਰਬੂਜ ਦਾ ਰਸ, 1/2 ਚਮਚ ਸ਼ਹਿਦ, ਥੋੜ੍ਹਾ ਜਿਹਾ ਨਿੰਬੂ ਦਾ ਰਸ ਅਤੇ 1/2 ਚਮਚ ਨਾਰੀਅਲ ਤੇਲ ਲੈਣਾ ਹੋਵੇਗਾ।

*ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮਿਲਾ ਕੇ ਇੱਕ ਕਰੀਮ ਤਿਆਰ ਕਰੋ ਅਤੇ ਸਰਕੂਲਰ ਮੋਸ਼ਨ ਨਾਲ ਚਿਹਰੇ ਦੀ ਮਾਲਿਸ਼ ਕਰੋ। ਇਸ ਨਾਲ ਬਲੱਡ ਸਰਕੁਲੇਸ਼ਨ ਵਧੇਗਾ ਅਤੇ ਤੁਹਾਡੀ ਚਮੜੀ ਚਮਕਦਾਰ ਹੋਣ ਲੱਗੇਗੀ।

*ਹੁਣ ਤੁਸੀਂ ਇਸ 1 ਚਮਚ ਲਈ ਤਰਬੂਜ ਤੋਂ ਫੇਸ ਮਾਸਕ ਬਣਾ ਸਕਦੇ ਹੋ

*ਛੋਲਿਆਂ ਦਾ ਆਟਾ ਲਓ ਅਤੇ ਇਸ ਵਿਚ 1 ਚਮਚ ਦੁੱਧ, 1/2 ਚਮਚ ਤਰਬੂਜ ਦਾ ਰਸ ਮਿਲਾ ਲਓ। ਹੁਣ ਇਸ ਪੈਕ ਨੂੰ ਚਿਹਰੇ ਤੇ ਲਗਾਓ।

*ਕਰੀਬ 15 ਮਿੰਟ ਲਗਾਉਣ ਤੋਂ ਬਾਅਦ ਜਦੋਂ ਫੇਸ ਪੈਕ ਥੋੜ੍ਹਾ ਸੁੱਕ ਜਾਵੇ ਤਾਂ ਚਿਹਰੇ ਨੂੰ ਸਾਧਾਰਨ ਪਾਣੀ ਨਾਲ ਧੋ ਲਓ।

*ਇਸ ਤਰ੍ਹਾਂ ਕਰਨ ਨਾਲ ਤੁਹਾਡੇ ਚਿਹਰੇ 'ਤੇ ਨਿਖਾਰ ਆਵੇਗਾ ਅਤੇ ਤੁਹਾਡੀ ਚਮੜੀ ਚਮਕਣ ਲੱਗ ਜਾਵੇਗੀ।

# ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਿਆ ਨਗਰਕੋਟ

ਹਿਮਾਚਲ ਪ੍ਰਦੇਸ਼ ਦੀ ਧਰਤੀ ਕੁਦਰਤੀ ਸੁਹੱਪਣ ਦਾ ਖ਼ਜ਼ਾਨਾ ਹੈ। ਇਸ ਦੇ ਨਾਲ ਹੀ ਪਹਾੜੀ ਰਾਜਿਆਂ ਦੀਆਂ ਅਨੇਕਾਂ ਗਾਥਾਵਾਂ ਇੱਥੋਂ ਦੇ ਅਮੀਰ ਸਭਿਆਚਾਰਕ ਵਿਰਸੇ ਦਾ ਅਟੁੱਟ ਅੰਗ ਹਨ। ਪ੍ਰਾਚੀਨ ਕਾਲ ਵਿੱਚ ਸਤਲੁਜ ਅਤੇ ਰਾਵੀ ਦੇ ਵਿਚਕਾਰਲੇ ਪੰਜਾਬ ਦੇ ਤ੍ਰਿਗਾਰਥ (ਜਲੰਧਰ) ਸਮਾਰਾਜ ਦਾ ਅੰਗ ਰਿਹਾ ਕਾਂਗੜਾ ਅਜੋਕੇ ਹਿਮਾਚਲ ਪ੍ਰਦੇਸ਼ ਦਾ ਮਕਬੂਲ ਜ਼ਿਲ੍ਹਾ ਹੈ। ਕਾਂਗੜੇ ਦੇ ਕਿਲੇ ਦਾ ਸਿੱਖ ਇਤਿਹਾਸ ਵਿੱਚ ਵੀ ਅਹਿਮ ਸਥਾਨ ਹੈ। ਇਹ ਕਿਲਾ ਆਪਣੀ ਪ੍ਰਾਚੀਨਤਾ ਕਾਰਨ ਅੱਜ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ। ਚਾਰ ਕਿਲੋਮੀਟਰ ਖੇਤਰ ਵਿੱਚ ਉਸਰੇ ਇਸ ਕਿਲੇ ਦੀਆਂ ਦੀਵਾਰਾਂ ਆਪਣੇ ਅਤੀਤ ਦੀ ਗਵਾਹੀ ਭਰਦੀਆਂ ਹਨ। ਅਨੇਕਾਂ ਪਹਾੜੀ, ਮੁਗ਼ਲ, ਅਫ਼ਗਾਨ ਅਤੇ ਸਿੱਖ ਸ਼ਾਸਕਾਂ ਦੀ ਸੱਤਾ ਦਾ ਕੇਂਦਰ ਰਹੇ ਇਸ ਕਿਲੇ ਦੀ ਮੌਜੂਦਾ ਹਾਲਤ ਬਹੁਤ ਹੀ ਤਰਸਯੋਗ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ 1809 ਵਿੱਚ ਇਹ ਕਿਲਾ ਪਹਾੜੀ ਰਾਜੇ ਸੰਸਾਰ ਚੰਦ ਦੀ ਮਦਦ ਕਰਕੇ ਗੋਰਖਿਆਂ ਤੋਂ ਜਿੱਤਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜੇ ਦੇ ਕਿਲੇ ਨੂੰ ਜਿੱਤ ਕੇ ਨੇਪਾਲੀ ਰਾਜਾ ਅਮਰ ਸਿੰਘ ਥਾਪਾ ਦਾ ਨੇਪਾਲ ਤੋਂ ਕਸ਼ਮੀਰ ਤਕ ਸਾਮਰਾਜ ਦੇ ਵਿਸਥਾਰ ਦਾ ਸੁਪਨਾ ਮਿੱਟੀ ਵਿੱਚ ਰੋਲ ਦਿੱਤਾ ਸੀ। ਇਹ ਕਿਲਾ ਆਪਣੀ ਪੁਰਾਤਨਤਾ ਅਤੇ ਇਮਾਰਤਸਾਜ਼ੀ ਕਾਰਨ ਅੱਜ ਵੀ ਪੂਰੇ ਹਿਮਾਚਲ ਪ੍ਰਦੇਸ਼ ਵਿੱਚ ਪ੍ਰਸਿੱਧ ਹੈ।

ਇਹ ਕਿਲਾ ਅਜੋਕੇ ਕਾਂਗੜਾ ਸ਼ਹਿਰ ਤੋਂ ਪਰ੍ਹੇ ਪਹਾੜ ਦੀ ਟੀਸੀ 'ਤੇ ਬਣਿਆ ਹੋਇਆ ਹੈ। ਬਾਣ ਗੰਗਾ ਅਤੇ ਮਾਝੀ ਦਰਿਆ ਵਿਚਕਾਰ ਪਹਾੜੀ 'ਤੇ ਉਸਰੇ ਕਾਂਗੜੇ ਦੇ ਕਿਲੇ ਵਾਲੇ ਖੇਤਰ ਨੂੰ ਪ੍ਰਾਚੀਨ ਕਾਲ ਵਿੱਚ ਨਗਰਕੋਟ ਜਾਂ ਕੋਟ ਕਾਂਗੜਾ ਵੀ ਕਿਹਾ ਜਾਂਦਾ ਸੀ। ਕੁਝ ਪਹਾੜੀ ਲੋਕ ਇਸ ਕਿਲੇ ਦਾ ਆਕਾਰ ਮਨੁੱਖੀ ਕੰਨ ਵਰਗਾ ਹੋਣ ਕਾਰਨ ਇਸ ਦਾ ਨਾਂ ਕਾਂਗੜਾ ਪਿਆ ਮੰਨਦੇ ਹਨ। ਇਹ ਇਲਾਕਾ ਤਤਕਾਲੀ ਤ੍ਰਿਗਾਰਥ ਸਾਮਰਾਜ ਦਾ ਅੰਗ ਸੀ। ਕਾਂਗੜੇ ਦਾ ਇਤਿਹਾਸਕ ਪਿਛੋਕੜ ਕਾਫ਼ੀ ਪੁਰਾਣਾ ਹੈ। ਅਨੇਕਾਂ ਸ਼ਾਸਕਾਂ ਨੇ ਇਸ ਕਿਲੇ ਨੂੰ ਜਿੱਤ ਕੇ ਪਹਾੜੀ ਖੇਤਰ ਅਤੇ ਆਸ-ਪਾਸ ਦੇ ਇਲਾਕਿਆਂ 'ਤੇ ਰਾਜ ਕਰਨ ਲਈ ਜ਼ੋਰ ਅਜ਼ਮਾਈ ਕੀਤੀ। ਇਸ ਦਾ ਨਿਰਮਾਣ ਕਟੋਚ ਵੰਸ਼ ਦੇ ਰਾਜਿਆਂ ਵੱਲੋਂ ਕਰਵਾਇਆ ਗਿਆ ਮੰਨਿਆ ਜਾਂਦਾ ਹੈ। ਕੁਝ ਇਤਿਹਾਸਕਾਰ ਇਸ ਦਾ ਨਿਰਮਾਣ ਕਟੋਚ ਵੰਸ਼ ਦੇ ਰਾਜਾ ਭੂਮੀ ਚੰਦ ਵੱਲੋਂ ਕਰਵਾਇਆ ਮੰਨਦੇ ਹਨ ਜਦੋਂਕਿ ਕਈ ਇਸ ਦੇ ਪਹਿਲੇ ਨਿਰਮਾਣ ਨੂੰ ਕਟੋਚ ਵੰਸ਼ ਦੇ 234ਵੇਂ ਰਾਜੇ ਸੁਸ਼ਰਮਾਂ ਚੰਦ ਦੇ ਪੁੱਤਰ ਵੱਲੋਂ ਕਰਵਾਇਆ ਗਿਆ ਮੰਨਦੇ ਹਨ। ਕਈ ਇਤਿਹਾਸਕਾਰ ਇਸ ਦਾ ਸਬੰਧ ਪੋਰਸ ਰਾਜੇ ਨਾਲ ਵੀ ਜੋੜਦੇ ਹਨ ਜਿਸ ਨੇ 326 ਈਸਾ ਪੂਰਵ ਵਿੱਚ ਸਿਕੰਦਰ ਨਾਲ ਯੁੱਧ ਕੀਤਾ ਸੀ। ਇਨ੍ਹਾਂ ਵਿਦਵਾਨਾਂ ਮੁਤਾਬਿਕ ਪੋਰਸ ਵੀ ਕਟੋਚ ਰਾਜਾ ਸੀ। ਇਸ ਕਿਲੇ 'ਤੇ ਕਬਜ਼ਾ ਕਰਨ ਅਤੇ ਕਾਂਗੜਾ ਦੇ ਮੰਦਿਰਾਂ ਵਿੱਚੋਂ ਸੋਨਾ, ਚਾਂਦੀ ਅਤੇ ਹੋਰ ਧਨ ਲੁੱਟਣ ਲਈ ਮਹਿਮੂਦ ਗਜ਼ਨਵੀ ਨੇ ਵੀ 1009 ਵਿੱਚ ਇਸ ਪਹਾੜੀ ਖੇਤਰ 'ਤੇ ਹਮਲਾ ਕੀਤਾ ਸੀ। ਇਸ ਉੱਤੇ 1337 ਵਿੱਚ ਦਿੱਲੀ ਦੇ ਅਫ਼ਗਾਨ ਸ਼ਾਸਕ ਮੁਹੰਮਦ ਬਿਨ ਤੁਗਲਕ ਅਤੇ 1366 ਵਿੱਚ ਫਿਰੋਜਸ਼ਾਹ ਤੁਗਲਕ ਵੱਲੋਂ ਵੀ ਹਮਲਾ ਕਰਨ ਦਾ ਜ਼ਿਕਰ ਇਤਿਹਾਸ ਵਿੱਚ ਮਿਲਦਾ ਹੈ। ਮੁਗ਼ਲ ਬਾਦਸ਼ਾਹ ਬਾਬਰ ਦੇ ਪੁੱਤਰ ਹਮਾਯੂੰ ਨੂੰ ਭਾਰਤ ਤੋਂ ਭਜਾਉਣ ਵਾਲੇ ਸ਼ਾਸਕ ਸ਼ੇਰ ਸ਼ਾਹ ਸੂਰੀ ਅਤੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਵੀ ਕਾਂਗੜੇ ਦੇ ਕਿਲੇ ਦੀ ਮਹੱਤਤਾ ਨੂੰ ਸਮਝਦਿਆਂ ਇੱਥੇ ਕਬਜ਼ਾ ਕੀਤਾ। ਜਹਾਂਗੀਰ ਨੇ 1620 ਵਿੱਚ ਇਸ ਕਿਲੇ ਨੂੰ 1 ਸਾਲ 2 ਮਹੀਨੇ ਦੀ ਘੇਰਾਬੰਦੀ ਉਪਰੰਤ ਆਪਣੇ ਅਧੀਨ ਕੀਤਾ। 1622 ਵਿੱਚ ਬਾਦਸ਼ਾਹ ਜਹਾਂਗੀਰ ਅਤੇ ਉਸ ਦੀ ਬੇਗ਼ਮ ਨੂਰਜਹਾਂ ਵੀ ਇੱਥੇ ਆਏ। ਪੰਜਾਬ ਵਿੱਚ ਮੁਗ਼ਲ ਕਾਲ ਦੇ ਪਤਨ ਉਪਰੰਤ ਇਸ ਕਿਲੇ ਨੂੰ ਮੁਗ਼ਲਾਂ ਤੋਂ ਮੁਕਤ ਕਰਵਾਉਣ ਲਈ ਕਟੋਚ ਰਾਜਾ ਸੰਸਾਰ ਚੰਦ ਨੇ ਘਨੱਈਆ ਮਿਸਲ ਦੇ ਮਜ਼ਬੂਤ ਨੇਤਾ ਜੈ ਸਿੰਘ ਕਨੱਈਆ ਦਾ ਸਹਿਯੋਗ ਲਿਆ। 1783 ਵਿੱਚ ਇਨ੍ਹਾਂ ਨੇ ਇਹ ਕਿਲਾ ਮੁਗ਼ਲ ਨਾਜ਼ਿਮ ਸੈਫ਼ ਅਲੀ ਖਾਂ ਤੋਂ ਖੋਹਿਆ, ਪਰ ਫਿਰ ਜੈ ਸਿੰਘ ਘਨੱਈਆ ਨੇ ਕੁਝ ਮੈਦਾਨੀ ਇਲਾਕਿਆਂ ਬਦਲੇ ਕਟੋਚ ਰਾਜਾ ਸੰਸਾਰ ਚੰਦ ਨੂੰ ਇਹ ਕਿਲਾ ਦੇ ਦਿੱਤਾ। ਇਸ ਤਰ੍ਹਾਂ ਰਾਜਾ ਸੰਸਾਰ ਚੰਦ ਕਟੋਚ ਨੇ ਸੁਜਾਨਪੁਰ ਟੀਰਾ, ਜਿੱਥੇ ਰਾਜਾ ਘਮੰਡ ਸਿੰਘ ਨੇ ਕਾਂਗੜੇ ਦੇ ਕਿਲੇ 'ਤੇ ਜਿੱਤ ਦੀ ਅਸਫਲਤਾ ਕਾਰਨ ਕਿਲਾ ਬਣਵਾਇਆ ਸੀ, ਨੂੰ ਆਪਣੀ ਰਾਜਧਾਨੀ ਬਣਾਇਆ। ਰਾਜਾ ਸੰਸਾਰ ਚੰਦ ਨੇ ਤਕਰੀਬਨ ਵੀਹ ਸਾਲ ਕਾਂਗੜੇ ਦੇ ਕਿਲੇ ਤੋਂ ਸ਼ਾਸਨ ਚਲਾਇਆ ਅਤੇ ਪਹਾੜੀ ਹਸਤ ਕਲਾ ਤੇ ਹੋਰ ਕਲਾਵਾਂ ਦੇ ਵਿਕਾਸ ਵਿੱਚ ਯੋਗਦਾਨ ਪਾਇਆ। ਆਲਮਪੁਰ ਵਿੱਚ ਲਾਹੌਰ ਦੇ ਸ਼ਾਲੀਮਾਰ ਬਾਗ਼ ਵਰਗਾ ਬਗੀਚਾ ਲਗਵਾਇਆ। ਉਸ ਨੇ ਮੰਡੀ, ਕੁੱਲੂ ਅਤੇ ਚੰਬਾ ਆਦਿ ਪਹਾੜੀ ਰਿਆਸਤਾਂ ਨੂੰ ਆਪਣੇ ਅਧੀਨ ਕੀਤਾ। ਰਾਜਾ ਸੰਸਾਰ ਚੰਦ ਕਟੋਚ ਨੇ 1803-04 ਵਿੱਚ ਸਿੱਖ ਮਿਸਲਾਂ ਦੇ ਮੈਦਾਨੀ ਇਲਾਕਿਆਂ ਤਕ ਆਪਣੇ ਰਾਜ ਦਾ ਵਿਸਥਾਰ ਕਰਨ ਲਈ ਦੋ ਵਾਰ ਹਮਲਾ ਕੀਤੇ, ਪਰ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਕੋਲੋਂ ਹਾਰ ਦਾ ਸਾਹਮਣਾ ਕਰਨਾ ਪਿਆ। ਜਦੋਂ ਰਾਜਾ ਸੰਸਾਰ ਚੰਦ ਨੇ ਨੇਪਾਲੀ ਰਾਜਾ ਅਮਰ ਸਿੰਘ ਥਾਪਾ ਦੇ ਕਬਜ਼ੇ ਅਧੀਨ ਬਿਲਾਸਪੁਰ ਰਿਆਸਤ ਦੇ ਕੁਝ ਇਲਾਕਿਆਂ ਨੂੰ 1805 ਵਿੱਚ ਆਪਣੇ ਅਧੀਨ ਕਰ ਲਿਆ ਤਾਂ ਹੋਰ ਪਹਾੜੀ ਰਿਆਸਤਾਂ ਸਮੇਤ ਰਾਜਾ ਅਮਰ ਸਿੰਘ ਥਾਪਾ ਵੀ ਉਸ ਦੇ ਵਿਰੁੱਧ ਹੋ ਗਿਆ ਅਤੇ ਉਸ ਨੇ ਬਿਲਾਸਪੁਰ ਤੇ ਹੋਰ ਪਹਾੜੀ ਰਿਆਸਤਾਂ ਦੇ ਮੁਖੀਆਂ ਦੇ ਕਹਿਣ ਉੱਤੇ 1806 ਵਿੱਚ ਰਾਜਾ ਸੰਸਾਰ ਚੰਦ ਨੂੰ ਹਰਾ ਕੇ ਕਾਂਗੜੇ ਦੇ ਕਿਲੇ 'ਤੇ ਕਬਜ਼ਾ ਕਰ ਲਿਆ। ਰਾਜਾ ਸੰਸਾਰ ਚੰਦ ਕਟੋਚ ਨੂੰ ਤਕਰੀਬਨ ਚਾਰ ਸਾਲ ਇਸੇ ਕਿਲੇ ਵਿੱਚ ਕੈਦ ਰੱਖਿਆ ਗਿਆ। ਆਖ਼ਰਕਾਰ ਸੰਸਾਰ ਚੰਦ ਇੱਥੋਂ ਬਚ ਕੇ ਸੁਜਾਨਪੁਰ ਟੀਰਾ ਪਹੁੰਚਿਆ। ਜਦੋਂ 1809 ਵਿੱਚ ਮਹਾਰਾਜਾ ਰਣਜੀਤ ਸਿੰਘ ਜਵਾਲਾ ਜੀ (ਜਵਾਲਾਮੁਖੀ) ਦੀ ਯਾਤਰਾ 'ਤੇ ਆਇਆ ਤਾਂ ਰਾਜਾ ਸੰਸਾਰ ਚੰਦ ਕਟੋਚ ਨੇ ਗੋਰਖਿਆਂ ਤੇ ਪਹਾੜੀ ਰਾਜਿਆਂ ਤੋਂ ਬਦਲਾ ਲੈਣ ਲਈ ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕੀਤੀ। ਇਸ ਬਦਲੇ ਉਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਾਂਗੜੇ ਦਾ ਇਹ ਕਿਲਾ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਦੀ ਸਾਂਝੀ ਫ਼ੌਜ ਨੇ ਗੋਰਖਿਆਂ ਨੂੰ ਕਾਂਗੜੇ ਦੇ ਕਿਲੇ ਵਿੱਚੋਂ ਕੱਢਿਆ ਅਤੇ ਕਾਂਗੜੇ ਦੇ 66 ਪਿੰਡਾਂ ਦਾ ਪ੍ਰਬੰਧ ਆਪਣੇ ਅਧੀਨ ਕੀਤਾ। ਭਾਵੇਂ ਬਾਅਦ ਵਿੱਚ ਸੰਸਾਰ ਚੰਦ ਆਪਣੇ ਵਾਅਦੇ ਤੋਂ ਮੁੱਕਰ ਗਿਆ, ਪਰ ਮਹਾਰਾਜਾ ਰਣਜੀਤ ਸਿੰਘ ਨੇ ਦੇਸਾ ਸਿੰਘ ਮਜੀਠੀਆ ਨੂੰ ਕਿਲੇ ਦਾ ਗਵਰਨਰ ਨਿਯੁਕਤ ਕਰਕੇ ਇੱਥੇ ਆਪਣਾ ਸਿੱਕਾ ਚਲਾਇਆ। ਉਧਰ 1823 ਵਿੱਚ ਰਾਜਾ ਸੰਸਾਰ ਚੰਦ ਦੀ ਸੁਜਾਨਪੁਰ ਟੀਰਾ ਵਿਖੇ ਮੌਤ ਹੋ ਗਈ ਜਿਸ ਕਾਰਨ ਕਾਂਗੜੇ ਦੇ ਕਿਲੇ 'ਤੇ ਮੁੜ ਕਬਜ਼ਾ ਕਰਨ ਦਾ ਉਸ ਦਾ ਸੁਪਨਾ ਅਧੂਰਾ ਰਹਿ ਗਿਆ। ਇਸ ਤੋਂ ਬਾਅਦ ਉਸ ਦਾ ਪੁੱਤਰ ਅਨੀਰੁੱਧ ਚੰਦ ਵੀ ਉਸ ਦਾ ਸੁਪਨਾ ਸਾਕਾਰ ਕਰਨ ਵਿੱਚ ਅਸਫਲ ਰਿਹਾ। ਪਹਿਲੇ ਅੰਗਰੇਜ਼-ਸਿੱਖ ਯੁੱਧ ਦੌਰਾਨ ਲਾਹੌਰ ਦਰਬਾਰ ਦੀ ਅੰਗਰੇਜ਼ਾਂ ਹੱਥੋਂ ਹੋਈ ਹਾਰ ਉਪਰੰਤ ਇਸ ਕਿਲੇ ਦਾ ਇਲਾਕਾ ਬ੍ਰਿਟਿਸ਼ ਸਾਮਰਾਜ ਅਧੀਨ ਆ ਗਿਆ। ਇਸ ਤਰ੍ਹਾਂ ਤਕਰੀਬਨ 37 ਸਾਲ ਭਾਵ 1809 ਤੋਂ 1846 ਤਕ ਇਸ ਕਿਲੇ 'ਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਰਿਹਾ। ਇਸ ਉਪਰੰਤ ਬ੍ਰਿਟਿਸ਼ਾਂ ਨੇ ਇਸ ਇਲਾਕੇ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਿਤ ਕੀਤਾ। ਕਾਂਗੜਾ ਤੋਂ 20 ਕਿਲੋਮੀਟਰ ਦੂਰ ਧਰਮਸ਼ਾਲਾ ਅਤੇ ਮੈਕਲੌਡਗੰਜ ਨੂੰ ਵੀ ਅੰਗਰੇਜ਼ਾਂ ਨੇ ਵਿਕਸਿਤ ਕੀਤਾ।ਮੌਜੂਦਾ ਸਮੇਂ ਕਾਂਗੜੇ ਦੇ ਕਿਲੇ ਦੀ ਸਾਂਭ ਸੰਭਾਲ ਭਾਰਤੀ ਪੁਰਾਤੱਤਵ ਵਿਭਾਗ ਕਰਦਾ ਹੈ। ਕਿਲੇ ਅੰਦਰ ਜਾਣ ਲਈ ਪ੍ਰਤੀ ਯਾਤਰੀ ਪੰਜ ਰੁਪਏ ਫੀਸ ਨਿਸ਼ਚਿਤ ਕੀਤੀ ਗਈ ਹੈ। ਇਸ ਅੰਦਰ ਪ੍ਰਵੇਸ਼ ਕਰਨ ਲਈ ਪਹਾੜੀ ਦੀ ਚੋਟੀ ਤੋਂ ਸਿਰਫ਼ ਇੱਕ ਹੀ ਪ੍ਰਵੇਸ਼ ਦੁਆਰ ਹੈ। ਚਾਰ ਅਪਰੈਲ 1905 ਵਿੱਚ ਆਏ ਭੂਚਾਲ ਕਾਰਨ ਇਹ ਕਿਲਾ ਬੁਰੀ ਤਰ੍ਹਾਂ ਨਸ਼ਟ ਹੋ ਗਿਆ ਸੀ। ਅੰਦਰ ਜਾਣ ਲਈ ਪਹਿਲਾਂ ਰਣਜੀਤ ਸਿੰਘ ਦਰਵਾਜ਼ੇ ਵਿੱਚੋਂ ਦੀ ਲੰਘਣਾ ਪੈਂਦਾ ਹੈ। ਇਸ ਉਪਰੰਤ ਇੱਕ ਲੰਮੇ ਤੰਗ ਰਸਤੇ ਰਾਹੀਂ ਅੱਗੇ ਜਾਣਾ ਪੈਂਦਾ ਹੈ। ਇਸ ਰਸਤੇ ਦੇ ਪਹਾੜ ਨਾਲ ਲੱਗਦੇ ਪਾਸੇ ਤੋਂ ਕਿਲੇ ਦੀ ਸੁਰੱਖਿਆ ਲਈ ਮੋਰਚੇ ਬਣੇ ਹੋਏ ਹਨ ਜਿੱਥੋਂ ਦੂਰ ਤਕ ਦੁਸ਼ਮਣ ਦੀਆਂ ਗਤੀਵਿਧੀਆਂ ਨੂੰ ਦੇਖਿਆ ਜਾ ਸਕਦਾ ਸੀ। ਤੰਗ ਰਸਤੇ ਦੀ ਚੜ੍ਹਾਈ ਚੜ੍ਹਦਿਆਂ ਅੱਗੇ ਅਹਾਨੀ ਅਤੇ ਅਮੀਰੀ ਦਰਵਾਜ਼ਾ ਆਉਂਦਾ ਹੈ ਜੋ ਕਾਂਗੜੇ ਦੇ ਪਹਿਲੇ ਗਵਰਨਰ ਨਵਾਬ ਅਲਿਫ ਖਾਂ ਨਾਲ ਸਬੰਧਿਤ ਹਨ। ਇੱਕ ਤਿੱਖੇ ਮੋੜ ਨਾਲ ਕਿਲੇ ਦੇ ਅੱਗੇ ਜਾਣ ਲਈ ਤਿੱਖੀ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ। ਫਿਰ ਜਹਾਂਗੀਰੀ ਦਰਵਾਜ਼ਾ ਆਉਂਦਾ ਹੈ। ਇਹ ਦਰਵਾਜ਼ਾ ਬਾਦਸ਼ਾਹ ਜਹਾਂਗੀਰ ਦੁਆਰਾ ਇਸ ਕਿਲੇ 'ਤੇ ਜਿੱਤ ਦੀ ਖ਼ੁਸ਼ੀ ਵਜੋਂ 1620 ਵਿੱਚ ਬਣਾਇਆ ਦੱਸਿਆ ਜਾਂਦਾ ਹੈ। ਇਸ ਤੋਂ ਅੱਗੇ ਭੂਚਾਲ ਦੀ ਭੇਂਟ ਚੜ੍ਹ ਚੁੱਕੇ ਅੰਧੇਰੀ ਅਤੇ ਦਰਸ਼ਨੀ ਦਰਵਾਜ਼ੇ ਹਨ। ਕਿਲੇ ਦੇ ਸਿਖਰ ਵੱਲ ਜਾਂਦਿਆਂ ਇੱਕ ਵਿਹੜਾ ਦਿਖਾਈ ਦਿੰਦਾ ਹੈ ਜਿੱਥੇ ਜਾ ਕੇ ਸੈਲਾਨੀਆਂ ਨੂੰ ਚੜ੍ਹਾਈ ਤੋਂ ਥੋੜ੍ਹੀ ਰਾਹਤ ਮਿਲਦੀ ਹੈ। ਇੱਥੇ ਦੋ ਮੰਦਿਰ ਮੌਜੂਦ ਹਨ। ਪਹਿਲਾ ਲਕਸ਼ਮੀ ਨਾਰਾਇਣ ਸੀਤਲਾ ਮੰਦਿਰ ਅਤੇ ਦੂਜਾ ਅੰਬਿਕਾ ਦੇਵੀ ਮੰਦਿਰ ਹੈ। ਅੰਬਿਕਾ ਦੇਵੀ ਕਟੋਚ ਰਾਜਿਆਂ ਦੀ ਕੁਲ ਦੇਵੀ ਸੀ। ਇਨ੍ਹਾਂ ਮੰਦਿਰਾਂ ਦਾ ਸਰੂਪ ਵੀ ਵਿਗੜ ਚੁੱਕਿਆ ਹੈ। ਇਸ ਤੋਂ ਉਪਰ ਜਾਣ ਲਈ ਪੌੜੀਆਂ ਬਣੀਆਂ ਹੋਈਆ ਹਨ ਜੋ ਅਸਲ ਕਿਲੇ ਦੇ ਦਰਸ਼ਨ ਕਰਵਾਉਂਦੀਆਂ ਹਨ। ਪਹਾੜੀ ਦੀ ਟੀਸੀ 'ਤੇ ਬਣੇ ਇਸ ਕਿਲੇ ਦੇ ਸਿਖਰ ਤੋਂ ਪੂਰੀ ਧੌਲਧਾਰ ਪਰਬਤ ਲੜੀ ਦੇ ਦਰਸ਼ਨ ਹੁੰਦੇ ਹਨ। ਇੱਥੋਂ ਦੂਰ ਦੂਰ ਤਕ ਦੇ ਪਹਾੜੀ ਖੇਤਰ 'ਤੇ ਨਜ਼ਰ ਰੱਖੀ ਜਾ ਸਕਦੀ ਹੈ। ਭਾਵੇਂ ਆਧੁਨਿਕ ਦੌਰ ਵਿੱਚ ਸੁਰੱਖਿਆ ਦੇ ਪੱਖ ਤੋਂ ਇਸ ਦੀ ਅਹਿਮੀਅਤ ਘਟ ਗਈ ਹੈ, ਪਰ ਪੁਰਾਤਨ ਸਮੇਂ ਵਿੱਚ ਇਹ ਕਿਹਾ ਜਾਂਦਾ ਸੀ ਕਿ ਕਾਂਗੜਾ ਉਹਦਾ ਜਿਹਦਾ ਕਿਲੇ 'ਤੇ ਕਬਜ਼ਾ। ਇਸ ਲਈ ਹਰ ਸ਼ਾਸਕ ਆਪਣੇ ਇਲਾਕੇ ਨੂੰ ਦੁਸ਼ਮਣਾਂ ਤੋਂ ਸੁਰੱਖਿਅਤ ਕਰਨ ਲਈ ਇਸ ਉੱਤੇ ਕਬਜ਼ਾ ਕਰਨ ਦੀ ਇੱਛਾ ਰੱਖਦਾ ਸੀ। ਧਰਮਸ਼ਾਲਾ ਅਤੇ ਮੈਕਲੌਡਗੰਜ ਜਾਣ ਵਾਲੇ ਸੈਲਾਨੀ ਇਸ ਇਤਿਹਾਸਕ ਕਿਲੇ ਨੂੰ ਦੇਖਣ ਜ਼ਰੂਰ ਜਾਂਦੇ ਹਨ।

# ਵੱਡਾ ਆਤਮਘਾਤੀ ਹਮਲਾ! 18 ਫੌਜੀਆਂ ਦੀ ਮੌਤ; ਬਾਜੌਰ 'ਚ ਫੌਜੀ ਕੈਂਪ ਨੂੰ ਬਣਾਇਆ ਨਿਸ਼ਾਨਾ

ਖੈਬਰ ਪਖਤੂਨਖਵਾ , 11 ਜੂਨ (ਪ.ਪ) : ਪਾਕਿਸਤਾਨ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੇ ਬਾਜੌਰ ਇਲਾਕੇ ਵਿੱਚ ਸਥਿਤ ਪਾਕਿਸਤਾਨੀ ਫੌਜ ਦੇ ਇੱਕ ਕੈਂਪ @ਤੇ ਭਿਆਨਕ ਆਤਮਘਾਤੀ ਹਮਲਾ ਹੋਣ ਦੀ ਜਾਣਕਾਰੀ ਸਾਹਮਣੇ ਆ ਰਹੀ ਹੈ। ਸ਼ੁਰੂਆਤੀ ਰਿਪੋਰਟਾਂ ਅਨੁਸਾਰ, ਇਸ ਵੱਡੇ ਹਮਲੇ ਵਿੱਚ ਘੱਟੋ-ਘੱਟ 18 ਪਾਕਿਸਤਾਨੀ ਫੌਜੀ ਹਲਾਕ ਹੋ ਗਏ ਹਨ ਅਤੇ ਕਈ ਹੋਰ ਜ਼ਖਮੀ ਹੋਏ ਹਨ।ਸੂਤਰਾਂ ਅਨੁਸਾਰ, ਇਹ ਹਮਲਾ ਇੱਕ ਬੇਹੱਦ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਸੀ। ਅੱਤਵਾਦੀਆਂ ਨੇ ਸਭ ਤੋਂ ਪਹਿਲਾਂ ਫੌਜੀ ਸਹੂਲਤ ਵਾਲੇ ਹਿੱਸੇ ਵਿੱਚ ਇੱਕ ਜ਼ੋਰਦਾਰ ਧਮਾਕਾ ਕੀਤਾ, ਜਿਸ ਨਾਲ ਕੈਂਪ ਵਿੱਚ ਹਫੜਾ-ਦਫੜੀ ਮਚ ਗਈ। ਇਸ ਹਫੜਾ-ਦਫੜੀ ਦਾ ਫਾਇਦਾ ਉਠਾਉਂਦੇ ਹੋਏ ਹਥਿਆਰਾਂ ਨਾਲ ਲੈਸ ਅੱਤਵਾਦੀ ਕੈਂਪ ਦੇ ਅੰਦਰ ਦਾਖਲ ਹੋ ਗਏ, ਜਿਸ ਤੋਂ ਬਾਅਦ ਉੱਥੇ ਕਾਫ਼ੀ ਦੇਰ ਤੱਕ ਮੁਕਾਬਲਾ ਜਾਰੀ ਰਿਹਾ।ਅੱਤਵਾਦੀ ਸੰਗਠਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨੇ ਇਸ ਆਤਮਘਾਤੀ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਸੰਗਠਨ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਹਮਲਾ ਉਨ੍ਹਾਂ ਦੀ ਸਪੈਸ਼ਲ ਇਸਤਸ਼ਾਦੀ ਫੋਰਸਿਜ਼ ਦੁਆਰਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅਕਤੂਬਰ 2025 ਵਿੱਚ ਕੁਇਟਾ ਵਿੱਚ ਹੋਏ ਹਮਲੇ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਟੀ.ਟੀ.ਪੀ. ਨੇ ਅਧਿਕਾਰਤ ਤੌਰ @ਤੇ ਕਿਸੇ ਆਤਮਘਾਤੀ ਧਮਾਕੇ ਦੀ ਜ਼ਿੰਮੇਵਾਰੀ ਕਬੂਲੀ ਹੈ।

# ਹਾਸਾ ਭਰ ਦਿੰਦਾ ਹੈ ਜ਼ਿੰਦਗੀ ਦੇ ਜ਼ਖ਼ਮ

ਇਹ ਇਕ ਕੌੜਾ ਸੱਚ ਹੈ ਕਿ ਸੰਸਾਰ ਦਾ ਹਰੇਕ ਜੀਵ ਖ਼ੁਸ਼ ਰਹਿਣਾ ਚਾਹੁੰਦਾ ਹੈ ਪਰ ਉਸਦੇ ਹਾਲਾਤ, ਉਸਦਾ ਸੁਭਾਅ ਤੇ ਉਸ ਦੀ ਸੋਚ ਉਸ ਨੂੰ ਖ਼ੁਸ਼ ਰਹਿਣ ਨਹੀਂ ਦਿੰਦੇ ਹਨ। ਸੰਸਾਰ ਦਾ ਹਰੇਕ ਵਿਅਕਤੀ ਜੇਕਰ 'ਆਪ ਖ਼ੁਸ਼ ਰਹੋ ਤੇ ਦੂਜਿਆਂ ਵਿਚ ਖ਼ੁਸ਼ੀਆਂ ਵੰਡੋ' ਦੇ ਸਿਧਾਂਤ 'ਤੇ ਅਮਲ ਕਰ ਲਏ ਤਾਂ ਸੰਸਾਰ ਦਾ ਮਣਾ ਮੂੰਹੀਂ ਦੁੱਖ-



ਦਰਦ ਤੇ ਪਰੇਸ਼ਾਨੀਆਂ ਘੜੀ-ਪਲ 'ਚ ਕਾਫ਼ੂਰ ਹੋ ਸਕਦੀਆਂ ਹਨ। ਜਿਨ੍ਹਾਂ ਵਿਦਵਾਨਾਂ ਤੇ ਮਹਾਂਪੁਰਸ਼ਾਂ ਨੇ ਜ਼ਿੰਦਗੀ ਦੇ ਸੱਚ ਨੂੰ ਸਮਝਿਆ ਤੇ ਜਾਣਿਆ ਹੈ ਉਨ੍ਹਾਂ ਨੇ ਦੁੱਖ ਤੇ ਸੁੱਖ ਨੂੰ ਇਕ ਸਮਾਨ ਜਾਣ ਕੇ ਅਡੋਲ ਭਾਵ ਨਾਲ ਦੋਵਾਂ ਨੂੰ ਹੰਢਾਉਣ ਦਾ ਉਪਦੇਸ਼ ਦਿੱਤਾ ਹੈ। ਇਹ ਸੱਚ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਜ਼ਿੰਦਗੀ 'ਚ ਚੰਗੇ ਜਾਂ ਸੁੱਖ ਭਰੇ ਦਿਨ ਨਹੀਂ ਰਹੇ ਤਾਂ ਮਾੜੇ ਜਾਂ ਦੁੱਖ ਭਰੇ ਦਿਨ ਵੀ ਸਦਾ ਨਹੀਂ ਰਹਿਣਗੇ। ਸੋ ਹਰ ਹਾਲਾਤ ਵਿਚ ਖ਼ੁਸ਼ ਰਹਿਣ ਵਾਲਾ ਤੇ ਹਰ ਦੁੱਖ-ਸੁੱਖ ਨੂੰ ਪਰਮਾਤਮਾ ਦਾ ਤੋਹਫ਼ਾ ਜਾਣ ਕੇ ਖਿੜੇ ਮੱਥੇ ਕਬੂਲ ਕਰਨ ਵਾਲਾ ਸ਼ਖ਼ਸ ਹੀ ਇਸ ਦੁਨੀਆ ਵਿਚ ਸਫਲ ਜੀਵਨ ਜੀਅ ਕੇ ਜਾਂਦਾ ਹੈ ਬਾਕੀ ਸਭ ਤਾਂ ਕੇਵਲ ਜੂਨ ਹੀ ਭੋਗਦੇ ਹਨ। ਜਿੱਥੋਂ ਤਕ ਵਿਦੇਸ਼ਾਂ ਵਿਚ 'ਹਾਸਾ ਦਿਵਸ' ਮਨਾਉਣ ਦਾ ਸਬੰਧ ਹੈ ਤਾਂ ਕਿਹਾ ਜਾਂਦਾ ਹੈ ਕਿ ਅਮਰੀਕਾ ਦੇ ਲਾਸ ਏਂਜਲਸ ਵਿਚ ਇਹ ਦਿਵਸ ਸੰਨ 2005 ਤੋਂ ਮਨਾਇਆ ਜਾ ਰਿਹਾ ਹੈ। ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਬਣੇ 'ਲਾਫ਼ਟਰ ਕਲੱਬਾਂ' ਦੇ ਮੈਂਬਰ ਆਪਣੇ ਪਰਿਵਾਰਾਂ ਤੇ ਯਾਰਾਂ-ਦੋਸਤਾਂ ਸਣੇ ਇਸ ਦਿਨ ਸਥਾਨਕ, ਰਾਜ ਜਾਂ ਕੌਮੀ ਪੱਧਰ 'ਤੇ ਇਕੱਤਰਤਾਵਾਂ ਕਰਦੇ ਹਨ ਤੇ ਹਾਸਰਸ ਭਰਪੂਰ ਵੱਖ-ਵੱਖ ਵੰਨਗੀਆਂ ਦੇ ਸਮਾਗਮ ਆਯੋਜਿਤ ਕਰਦੇ ਹਨ। ਸੰਨ 2000 ਵਿਚ ਡੈਨਮਾਰਕ ਦੇ ਸ਼ਹਿਰ ਕੋਪਨਹੈਗਨ ਦੇ ਟਾਊਨ ਹਾਲ ਵਿਖੇ 'ਹੈਪੀਡੇਮਿਕ' ਭਾਵ ਹੱਸਣ ਦੀ ਮਹਾਂਮਾਰੀ ਸਿਰਲੇਖ ਹੇਠ ਦਸ ਹਜ਼ਾਰ ਤੋਂ ਵੱਧ ਲੋਕਾਂ ਦੇ ਇਕੱਠ ਨੇ ਹਾਸਰਸ ਭਰਪੂਰ ਸਮਾਗਮ ਕਰ ਕੇ ਵਿਸ਼ਵ ਹਾਸਾ ਦਿਵਸ ਮਨਾਇਆ ਸੀ ਜੋ ਕਿ ਉਸ ਵੇਲੇ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਦਰਜ ਕੀਤਾ ਗਿਆ ਸੀ। ਵਿਸ਼ਵ ਪ੍ਰਸਿੱਧ ਹਾਸਰਸ ਕਲਾਕਾਰ ਚਾਰਲੀ ਚੈਪਲਿਨ ਨੇ ਕਿਹਾ ਸੀ- "ਹੱਸਣ ਤੋਂ ਬਿਨਾਂ ਗੁਜ਼ਾਰਿਆ ਦਿਨ ਵਿਅਰਥ ਹੀ ਹੁੰਦਾ ਹੈ। ਹਾਸਾ ਤਾਂ ਦੁੱਖ-ਦਰਦ ਤੋਂ ਨਿਜਾਤ ਦੁਆਉਣ ਵਾਲਾ ਇਕ ਕੀਮਤੀ ਟੌਨਿਕ ਹੈ"। ਇਸੇ ਤਰ੍ਹਾਂ ਹਿਆਮ ਅਬੀਬ ਦੇ ਬੋਲ ਹਨ-"ਹਾਸਾ ਦਰਅਸਲ ਤੁਹਾਡੀ ਰੂਹ ਲਈ ਇਕ ਦਵਾਈ ਹੈ।" ਉਪਰੋਕਤ ਦੋਵੇਂ ਕਥਨ ਮੈਡੀਕਲ ਪੱਖੋਂ ਪੂਰੀ ਤਰ੍ਹਾਂ ਸੱਚ ਹਨ ਕਿਉਂਕਿ ਮੈਡੀਕਲ ਮਾਹਿਰਾਂ ਦਾ ਮੰਨਣਾ ਹੈ ਕਿ ਹੱਸਣ ਨਾਲ ਸਰੀਰ ਅੰਦਰ ਅਜਿਹੇ ਪਰਿਵਰਤਨ ਆਉਂਦੇ ਹਨ ਜੋ ਸਰੀਰ ਨੂੰ ਰੋਗ ਮੁਕਤ ਹੋਣ 'ਚ ਸਹਾਈ ਹੁੰਦੇ ਹਨ। ਮੈਡੀਕਲ ਸਾਇੰਸ ਮੰਨਦੀ ਹੈ ਕਿ ਸਰੀਰ ਅੰਦਰ ਮੌਜੂਦ ਰੋਗਾਂ ਨਾਲ ਲੜਨ ਦੀ ਪ੍ਰਣਾਲੀ ਵਿਚ 'ਟੀ ਸੈੱਲ' ਮੌਜੂਦ ਹੁੰਦੇ ਹਨ ਜੋ ਉਦੋਂ ਹੀ ਐਕਟਿਵ ਹੁੰਦੇ ਹਨ ਜਦੋਂ ਅਸੀਂ ਹੱਸਦੇ ਹਾਂ। ਇਸ ਤਰ੍ਹਾਂ ਸਾਡੇ ਸਰੀਰ ਅੰਦਰ 'ਐਂਡੋਰਫਿਨ' ਨਾਮੀ ਪੇਨ ਕਿਲਰ ਭਾਵ ਦਰਦ ਨਿਵਾਰਕ ਵੀ ਮੌਜੂਦ ਹੁੰਦਾ ਹੈ ਜੋ ਉਦੋਂ ਹੀ ਰਿਲੀਜ਼ ਹੁੰਦਾ ਹੈ ਜਦੋਂ ਅਸੀਂ ਖਿੜਖਿੜਾ ਕੇ ਹੱਸਦੇ ਹਾਂ। ਹਿਰਦਾ ਰੋਗ ਮਾਹਿਰਾਂ ਦਾ ਮੰਨਣਾ ਹੈ ਕਿ ਹੱਸਣਾ ਤਾਂ ਦਿਲ ਲਈ ਇਕ ਲਾਭਦਾਇਕ ਕਸਰਤ ਹੈ। ਖਿੜਖਿੜਾ ਕੇ ਹੱਸਣ ਨਾਲ ਨਾ ਕੇਵਲ ਹਾਰਟ ਪੰਪ ਕਰਦਾ ਹੈ ਸਗੋਂ ਕੈਲਰੀਜ਼ ਦੀ ਵੀ ਖਪਤ ਹੁੰਦੀ ਹੈ। ਹੱਸਣ ਸਮੇਂ ਪੇਟ ਤੇਜ਼ੀ ਨਾਲ ਅੱਗੇ ਪਿੱਛੇ ਹੁੰਦਾ ਹੈ ਇਸ ਤਰ੍ਹਾਂ ਸਾਡੀਆਂ ਐਬਜ਼ ਦੀ ਵੀ ਕਸਰਤ ਤੇ ਟੋਨਿੰਗ ਹੋ ਜਾਂਦੀ ਹੈ। ਸਰੀਰ ਅੰਦਰ ਮੌਜੂਦ ਤਣਾਅ ਪੈਦਾ ਕਰਨ ਵਾਲੇ ਹਾਰਮੋਨਜ਼ ਅਤੇ ਬਲੱਡ ਪ੍ਰੈਸ਼ਰ ਵਿਚ ਕਮੀ ਆ ਜਾਂਦੀ ਹੈ ਜਿਸ ਨਾਲ ਹਾਰਟ ਅਟੈਕ ਦਾ ਖ਼ਤਰਾ ਘਟ ਜਾਂਦਾ ਹੈ। ਮਾਹਿਰਾਂ ਦੀ ਰਾਇ ਹੈ ਕਿ ਹੱਸਣ ਨਾਲ ਖ਼ੂਨ ਵਿਚ ਆਕਸੀਜਨ ਦਾ ਪੱਧਰ ਵਧ ਜਾਂਦਾ ਹੈ ਜਿਸ ਨਾਲ ਸਰੀਰ ਵੱਧ ਚੁਸਤ-ਫ਼ੁਰਤ ਹੋ ਜਾਂਦਾ ਹੈ ਤੇ ਹੱਸਣ ਨਾਲ ਯਾਦ ਸ਼ਕਤੀ ਵਿਚ ਵੀ ਵਾਧਾ ਹੋ ਸਕਦਾ ਹੈ। ਸੋ ਮੁੱਕਦੀ ਗੱਲ ਇਹ ਹੈ ਕਿ ਜ਼ਿੰਦਗੀ ਵਿਚ ਹੱਸਣ ਨੂੰ ਪ੍ਰਮੁੱਖਤਾ ਦੇਣੀ ਹੀ ਚਾਹੀਦੀ ਹੈ ਤੇ ਹੱਸਣ ਲਈ ਹਾਸੇ ਵਾਲਾ ਸਾਹਿਤ ਪੜ੍ਹਨਾ,ਹਾਸੇ ਵਾਲੇ ਟੀ.ਵੀ.ਲੜੀਵਾਰ, ਫ਼ਿਲਮਾਂ ਜਾਂ ਵੀਡੀਓ ਵੇਖਣਾ, ਪਰਿਵਾਰ 'ਚ ਬੈਠ ਕੇ ਜ਼ਿੰਦਗੀ ਦੇ ਖ਼ੁਸ਼ੀਆਂ ਜਾਂ ਹਾਸੇ ਵਾਲੇ ਪਲ ਸਾਂਝੇ ਕਰਨਾ, ਚੁਟਕਲੇ ਪੜ੍ਹਨਾ, ਸੁਣਨਾ ਜਾਂ ਸੁਣਾਉਣਾ ਆਦਿ ਜਿਹੇ ਅਨੇਕਾਂ ਮਾਧਿਅਮ ਅਪਣਾਏ ਜਾ ਸਕਦੇ ਹਨ। ਦੁਨੀਆ ਭਰ ਦੇ 105 ਤੋਂ ਵੱਧ ਮੁਲਕਾਂ ਵਿਚ ਹਜ਼ਾਰਾਂ ਹੀ 'ਲਾਫ਼ਟਰ ਕਲੱਬ' ਬਣੇ ਹੋਏ ਹਨ ਜਿਨ੍ਹਾਂ ਦੇ ਮੈਂਬਰ ਬਣਨਾ ਚਾਹੀਦਾ ਹੈ ਤੇ ਹੋ ਸਕੇ ਤਾਂ ਯੋਗਾ ਵਿਚ ਮੌਜੂਦ ਦਿਲ ਖੋਲ੍ਹ ਕੇ ਹੱਸਣ ਵਾਲੇ ਆਸਣ ਦਿਨ ਵਿਚ ਦੋ ਵਾਰ ਜ਼ਰੂਰ ਕਰਨੇ ਚਾਹੀਦੇ ਹਨ। ਚੇਤੇ ਰੱਖੋ ਦੁੱਖਾਂ ਤੇ ਕਸ਼ਟਾਂ ਵਿੱਚੋਂ ਬਾਹਰ ਕੱਢ ਕੇ ਇਕ ਹੀ ਚੀਜ਼ ਤੁਹਾਨੂੰ ਤੇ ਤੁਹਾਡੇ ਚਾਹੁੰਣ ਵਾਲਿਆਂ ਸਕੂਨ ਦੇ ਸਕਦੀ ਹੈ ਤੇ ਉਹ ਹੈਹਾਸਾ। ਅੰਤ ਵਿਚ ਆਓ ਐੱਲ.ਐੱਮ.ਮਿੰਟਗੁਮਰੀ ਦੇ ਕਹੇ ਇਨ੍ਹਾਂ ਸ਼ਬਦਾਂ ਨੂੰ ਪੱਲੇ ਬੰਨ੍ਹ ਲਈਏ ਤੇ ਜ਼ਿੰਦਗੀ ਵਿਚ ਕੁਝ ਪਰਿਵਰਤਨ ਲਿਆਈਏ। ਉਸ ਨੇ ਕਿਹਾ ਸੀ -'ਜੇ ਜ਼ਿੰਦਗੀ ਵਿਚ ਹਾਸਾ ਹੈ ਤਾਂ ਜ਼ਿੰਦਗੀ ਸਚਮੁੱਚ ਹੀ ਜਿਊਣ ਦੇ ਲਾਇਕ ਹੈ। ਸਾਨੂੰ ਇਹ ਤੱਥ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਹਾਸਾ ਚਾਹੇ ਜ਼ਿੰਦਗੀ ਦੇ ਸਾਲ ਤਾਂ ਨਹੀਂ ਵਧਾ ਸਕਦਾ ਹੈ ਪਰ ਇਹ ਉਨ੍ਹਾਂ ਨੂੰ ਜ਼ਿੰਦਗੀ ਜ਼ਰੂਰ ਪ੍ਰਦਾਨ ਕਰ ਸਕਦਾ ਹੈ। ਇਸ ਲਈ ਹੱਸਣ ਦੀ ਆਦਤ ਪਾਓ ਤੇ ਦੁੱਖਾਂ, ਕਲੇਸ਼ਾਂ ਤੇ ਰੋਗਾਂ ਤੋਂ ਛੁਟਕਾਰਾ ਪਾਓ। ਵਿਸ਼ਵ ਪ੍ਰਸਿੱਧ ਹਸਤੀ ਪਾਬਲੋ ਨਰੂਦਾ ਦੇ ਬੋਲ ਹਨ " ਹਾਸਾ ਤਾਂ ਆਤਮਾ ਦੀ ਜ਼ੁਬਾਨ ਹੈ "। ਸੋ ਖ਼ੁਸ਼ੀ ਦਾ ਪ੍ਰਗਟਾਵਾ ਬਹੁਤੀ ਵਾਰ ਮਿੰਨ੍ਹਾ-ਮਿੰਨ੍ਹਾ ਤੇ ਕਈ ਵਾਰ ਖੁੱਲ੍ਹ ਕੇ ਹੱਸ ਕੇ ਕੀਤਾ ਜਾਂਦਾ ਹੈ। ਹਰ ਸ਼ਖ਼ਸ ਦਾ ਹੱਸਣ ਦਾ ਅੰਦਾਜ਼ ਆਪਣਾ ਹੈ ਤੇ ਵਿਲੱਖਣ ਹੈ। ਦਰਅਸਲ ਹਾਸਾ ਤਾਂ ਤਨ ਅਤੇ ਮਨ ਨੂੰ ਸਕੂਨ ਦੇਣ ਅਤੇ ਚਿੰਤਾ ਤੇ ਫ਼ਿਕਰ ਨੂੰ ਕਾਫ਼ੂਰ ਕਰਨ ਦਾ ਇਕ ਸਾਧਨ ਹੈ। ਦੁਨੀਆ ਭਰ ਵਿਚ ਜਿੱਥੇ ਵੱਖ-ਵੱਖ ਮੌਕਿਆਂ ਲਈ ਵਿਸ਼ੇਸ਼ ਦਿਨ ਨਿਰਧਾਰਤ ਕੀਤੇ ਗਏ ਹਨ ਉੱਥੇ ਹੀ ਹਾਸੇ ਲਈ ਵੀ ਕੌਮਾਂਤਰੀ ਪੱਧਰ 'ਤੇ ਇਕ ਦਿਨ ਨਿਸ਼ਚਿਤ ਕੀਤਾ ਗਿਆ ਹੈ ਜਿਸ ਨੂੰ 'ਵਿਸ਼ਵ ਹਾਸਾ ਦਿਵਸ' ਵਜੋਂ ਹਰ ਸਾਲ ਮਈ ਮਹੀਨੇ ਦੇ ਪਹਿਲੇ ਐਤਵਾਰ ਵਾਲੇ ਦਿਨ ਮਨਾਇਆ ਜਾਂਦਾ ਹੈ ਜੋ ਕਿ ਇਸ ਵਾਰ 1 ਮਈ ਦਾ ਭਾਵ ਅੱਜ ਦਾ ਮੁਬਾਰਕ ਦਿਨ ਹੈ। ਜਿੱਥੋਂ ਤਕ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਦਾ ਸਬੰਧ ਹੈ ਤਾਂ ਭਾਰਤ ਵਿਚ ਸੰਨ 1998 ਵਿਚ ਇਸ ਦਿਵਸ ਨੂੰ ਮਨਾਉਣ ਦੀ ਆਰੰਭਤਾ ਡਾ. ਮਦਨ ਕਟਾਰੀਆ ਨੇ ਕੀਤੀ ਸੀ। ਉਸਨੇ ਸੰਨ 1995 ਵਿਚ 'ਲਾਫ਼ਟਰ ਯੋਗਾ' ਨਾਮਕ ਮੁਹਿੰਮ ਦਾ ਆਗ਼ਾਜ਼ ਕੀਤੀ ਸੀ ਤੇ ਹਾਸੇ ਨੂੰ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਤਣਾਅ ਤੋਂ ਮੁਕਤੀ ਦਾ ਵੱਡਾ ਸਾਧਨ ਦੱਸਦਿਆਂ ਹੋਇਆਂ ਲੋਕਾਂ ਨੂੰ ਵੱਖ-ਵੱਖ ਸਾਧਨਾਂ ਦੀ ਵਰਤੋਂ ਕਰ ਕੇ ਰੋਜ਼ਾਨਾ ਹੱਸਣ ਲਈ ਕੁਝ ਪਲ ਕੱਢਣ ਦੀ ਤਾਕੀਦ ਕੀਤੀ ਸੀ।

# ਪਨੀਰ ਤੇਜ਼ੀ ਨਾਲ ਭਾਰ ਘਟਾਉਣ 'ਚ ਹੈ ਮਦਦਗਾਰ, ਇਸ ਸਮੇਂ ਖਾਣ ਨਾਲ ਮਿਲਦੈ ਫਾਇਦਾ

ਜਦੋਂ ਭਾਰ ਘਟਾਉਣ ਦੀ ਗੱਲ ਆਉਂਦੀ ਹੈ, ਤਾਂ ਜ਼ਿਆਦਾਤਰ ਲੋਕ ਆਪਣੀ ਖੁਰਾਕ ਨੂੰ ਲੈ ਕੇ ਉਲਝਣ ਵਿਚ ਰਹਿੰਦੇ ਹਨ। ਭਾਰ ਘਟਾਉਣ ਲਈ, ਤੁਹਾਨੂੰ ਆਪਣੀ ਖੁਰਾਕ ਅਤੇ ਜੀਵਨ ਸ਼ੈਲੀ ਵਿੱਚ ਕੁਝ ਬਦਲਾਅ ਕਰਨੇ ਪੈਣਗੇ। ਇਸ ਤੋਂ ਇਲਾਵਾ ਭੋਜਨ ਵਿਚ ਕੁਝ ਚੀਜ਼ਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਇੱਥੇ ਅਸੀਂ ਪਨੀਰ ਨਾਲ ਜੁੜੀਆਂ ਕੁਝ ਚੀਜ਼ਾਂ ਬਾਰੇ ਦੱਸ ਰਹੇ ਹਾਂ। ਭਾਰ ਘਟਾਉਣ ਲਈ ਪ੍ਰੋਟੀਨ ਵਾਲੇ ਭੋਜਨ ਦੀ ਮਾਤਰਾ ਵਧਾਉਣੀ ਪੈਂਦੀ ਹੈ। ਪ੍ਰੋਟੀਨ ਨਾਲ ਭਰਪੂਰ ਚੀਜ਼ਾਂ ਨੂੰ ਪਚਣ 'ਚ ਜ਼ਿਆਦਾ ਸਮਾਂ ਲੱਗਦਾ ਹੈ, ਇਸ ਲਈ ਤੁਹਾਨੂੰ ਵਾਰ-ਵਾਰ ਭੁੱਖ ਨਹੀਂ ਲੱਗਦੀ ਅਤੇ ਤੁਸੀਂ ਭਾਰ ਘਟਾਉਣ 'ਚ ਸਫਲ ਹੋ ਜਾਂਦੇ ਹੋ। ਜੇਕਰ ਤੁਸੀਂ ਸ਼ਾਕਾਹਾਰੀ ਹੋ ਤਾਂ ਪਨੀਰ ਪ੍ਰੋਟੀਨ ਦਾ ਚੰਗਾ ਸਰੋਤ ਹੈ। ਪਨੀਰ ਸਿਹਤਮੰਦ ਚਰਬੀ, ਪ੍ਰੋਟੀਨ ਨਾਲ ਭਰਪੂਰ ਹੁੰਦਾ ਹੈ ਅਤੇ ਕਾਰਬੋਹਾਈਡਰੇਟ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਇਹ ਭਾਰ ਘਟਾਉਣ ਅਤੇ ਸ਼ੂਗਰ ਦੇ ਮਰੀਜ਼ਾਂ ਲਈ ਵੀ ਚੰਗਾ ਹੋ ਸਕਦਾ ਹੈ। ਤੁਸੀਂ ਜਾਂ ਤਾਂ ਇਸਨੂੰ ਕੱਚਾ ਖਾ ਸਕਦੇ ਹੋ, ਜਾਂ ਤੁਸੀਂ ਇਸਨੂੰ ਬਣਾ ਕੇ ਸਿਹਤਮੰਦ ਤਰੀਕੇ ਨਾਲ ਖਾ ਸਕਦੇ ਹੋ। ਇਹ ਪ੍ਰੋਟੀਨ ਨਾਲ ਭਰਪੂਰ ਹੁੰਦਾ ਹੈ- ਹਾਲਾਂਕਿ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਦੁੱਧ ਦਾ ਪਨੀਰ ਕਿਸ ਕਿਸਮ ਤੋਂ ਕੱਢਿਆ ਜਾਂਦਾ ਹੈ। ਜੇਕਰ ਇਹ ਫੁੱਲ ਕਰੀਮ ਵਾਲੇ ਦੁੱਧ ਤੋਂ ਹੈ, ਤਾਂ ਇਹ ਪ੍ਰੋਟੀਨ ਦੇ ਨਾਲ-ਨਾਲ ਚਰਬੀ ਨਾਲ ਭਰਪੂਰ ਹੋਵੇਗਾ। ਪਨੀਰ ਵਿੱਚ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਵਰਗੇ ਖਣਿਜ ਹੁੰਦੇ ਹਨ। ਘੱਟ ਚਰਬੀ ਵਾਲੀ ਗਾਂ ਦੇ ਦੁੱਧ ਤੋਂ ਬਣੇ ਪਨੀਰ ਵਿੱਚ ਚਰਬੀ ਘੱਟ ਅਤੇ ਪ੍ਰੋਟੀਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਲਈ, ਇਹ ਤੁਹਾਡੀ ਸਿਹਤ ਨੂੰ ਪੋਸ਼ਣ ਦੇ ਕੇ ਤੁਹਾਡੀ ਮਦਦ ਕਰੇਗਾ। ਕਾਰਬੋਹਾਈਡਰੇਟ ਘੱਟ ਹੁੰਦਾ ਹੈ- ਗਾਂ ਦੇ ਦੁੱਧ ਤੋਂ ਬਣਿਆ 100 ਗ੍ਰਾਮ ਪਨੀਰ 1.2 ਗ੍ਰਾਮ ਕਾਰਬੋਹਾਈਡਰੇਟ ਦਿੰਦਾ ਹੈ। ਕਾਰਬੋਹਾਈਡਰੇਟ ਤੇਜ਼ੀ ਨਾਲ , ਇਸੇ ਕਰਕੇ ਪੋਸ਼ਣ ਵਿਗਿਆਨੀ ਅਕਸਰ ਘੱਟ ਕਾਰਬੋਹਾਈਡਰੇਟ ਭੋਜਨ ਖਾਣ ਦੀ ਸਿਫਾਰਸ਼ ਕਰਦੇ ਹਨ। ਪਨੀਰ ਵਿਚ ਚੰਗੀ ਚਰਬੀ ਹੁੰਦੀ ਹੈ- ਪਨੀਰ ਚੰਗੀ ਚਰਬੀ ਦਾ ਸਰੋਤ ਹੈ। ਚੰਗੀ ਚਰਬੀ ਵੀ ਜ਼ਰੂਰੀ ਹੈ। ਚਰਬੀ ਦੀ ਇੱਕ ਨਿਯੰਤਰਿਤ ਮਾਤਰਾ ਖਾਣ ਨਾਲ ਭਾਰ ਘਟਾਉਣ ਦੀ ਪ੍ਰਕਿਰਿਆ ਵਿੱਚ ਬਹੁਤ ਲੰਮਾ ਸਮਾਂ ਜਾ ਸਕਦਾ ਹੈ। ਤੁਹਾਡਾ ਸਰੀਰ ਊਰਜਾ ਬਰਬਾਦ ਕਰਨ ਦੀ ਬਜਾਏ ਚਰਬੀ ਨੂੰ ਘਟਾ ਦੇਵੇਗਾ, ਜਿਸ ਨਾਲ ਭਾਰ ਘਟੇਗਾ। ਕੈਲੋਰੀ ਕਾਊਂਟ ਘੱਟ ਹੈ- 100 ਗ੍ਰਾਮ ਗੈਰ-ਚਰਬੀ ਵਾਲੇ ਪਨੀਰ ਵਿਚ ਲਗਭਗ 72 ਕੈਲੋਰੀਆਂ ਹੁੰਦੀਆਂ ਹਨ, ਜੋ ਕਿ ਜ਼ਿਆਦਾ ਨਹੀਂ ਹੁੰਦੀਆਂ। ਧਿਆਨ ਰਹੇ ਕਿ ਪਨੀਰ ਫੁੱਲ ਫੈਟ ਵਾਲੇ ਦੁੱਧ ਤੋਂ ਨਹੀਂ ਬਣਾਇਆ ਜਾਂਦਾ। ਜਿਸ ਤਰੀਕੇ



ਨਾਲ ਤੁਸੀਂ ਆਪਣੇ ਪਨੀਰ ਨੂੰ ਪਕਾਉਂਦੇ ਹੋ ਉਹ ਵੀ ਕੈਲੋਰੀ ਲੋਡ ਨੂੰ ਵਧਾਉਂਦਾ ਹੈ। ਖਾਣਾ ਪਕਾਉਂਦੇ ਸਮੇਂ, ਤੁਸੀਂ ਬੇਕਿੰਗ ਜਾਂ ਗ੍ਰਿਲਿੰਗ ਵਰਗੇ ਵਿਕਲਪ ਚੁਣ ਸਕਦੇ ਹੋ। ਪਨੀਰ ਭਾਰ ਘਟਾਉਣ ਲਈ ਵਧੀਆ ਹੈ ਕਿਉਂਕਿ ਇਹ ਪ੍ਰੋਟੀਨ ਨਾਲ ਭਰਪੂਰ ਹੁੰਦਾ ਹੈ। ਇਹ ਤੁਹਾਡੀ ਭੁੱਖ ਨੂੰ ਘਟਾਉਂਦਾ ਹੈ, ਪੇਟ ਦੀ ਚਰਬੀ ਨੂੰ ਘਟਾਉਣ ਵਿੱਚ ਤੁਹਾਡੀ ਮਦਦ ਕਰਦਾ ਹੈ ਅਤੇ ਭਾਰ ਨੂੰ ਕੰਟਰੋਲ ਕਰਨ ਵਾਲੇ ਹਾਰਮੋਨਾਂ ਦੇ ਪੱਧਰਾਂ ਨੂੰ ਬਦਲਦਾ ਹੈ। ਪਨੀਰ ਹੌਲੀ-ਹੌਲੀ ਹਜ਼ਮ ਹੁੰਦਾ ਹੈ ਅਤੇ ਤੁਹਾਨੂੰ ਲੰਬੇ ਸਮੇਂ ਤਕ ਪੇਟ ਭਰਿਆ ਮਹਿਸੂਸ ਕਰਦਾ ਹੈ। ਨਾਲ ਹੀ, ਇਸ ਵਿਚ ਕੈਲਸ਼ੀਅਮ, ਮੈਗਨੀਸ਼ੀਅਮ, ਚਰਬੀ, ਆਇਰਨ ਵਰਗੇ ਹੋਰ ਜ਼ਰੂਰੀ ਪੌਸ਼ਟਿਕ ਤੱਤ ਹੁੰਦੇ ਹਨ ਜੋ ਫਿੱਟ ਅਤੇ ਵਧੀਆ ਸਰੀਰ ਪ੍ਰਾਪਤ ਕਰਨ ਲਈ ਇਕ ਵਧੀਆ ਵਿਕਲਪ ਮੰਨਿਆ ਜਾਂਦਾ ਹੈ। ਭਾਰ ਘਟਾਉਣ ਲਈ, ਤੁਹਾਡੇ ਸਰੀਰ ਨੂੰ ਕੈਲੋਰੀ ਬਰਨ ਕਰਨ ਵਿੱਚ ਮਦਦ ਕਰਨ ਲਈ, ਆਪਣੇ ਮੈਟਾਬੋਲਿਜ਼ਮ ਨੂੰ ਸ਼ੁਰੂ ਕਰਨਾ ਮਹੱਤਵਪੂਰਨ ਹੈ। ਤੁਸੀਂ ਸਵੇਰੇ ਕੱਚਾ ਪਨੀਰ ਵਰਗੇ ਸਿਹਤਮੰਦ ਭੋਜਨ ਦੇ ਵਿਕਲਪ ਖਾ ਸਕਦੇ ਹੋ। ਨਾਸ਼ਤੇ ਵਿੱਚ ਪਨੀਰ ਨੂੰ ਸ਼ਾਮਲ ਕਰਨ ਨਾਲ ਊਰਜਾ ਦਾ ਪੱਧਰ ਉੱਚਾ ਰੱਖਿਆ ਜਾ ਸਕਦਾ ਹੈ। ਭਾਰ ਘਟਾਉਣ ਲਈ ਪਨੀਰ ਸਭ ਤੋਂ ਉੱਪਰ ਰਹਿੰਦਾ ਹੈ ਕਿਉਂਕਿ ਇਸ ਵਿੱਚ ਕਾਰਬੋਹਾਈਡਰੇਟ ਦੀ ਮਾਤਰਾ ਘੱਟ ਹੁੰਦੀ ਹੈ। ਰਿਪੋਰਟਾਂ ਮੁਤਾਬਕ 28 ਗ੍ਰਾਮ ਪਨੀਰ ਚ ਸਿਰਫ 82.5 ਕੈਲੋਰੀ ਹੁੰਦੀ ਹੈ। ਅਜਿਹੇ ਚ ਤੁਸੀਂ ਨਾਸ਼ਤੇ ਚ 150 ਤੋਂ 200 ਗ੍ਰਾਮ ਪਨੀਰ ਖਾ ਸਕਦੇ ਹੋ।



# ਇਉਂ ਰਹਿ ਸਕਦੇ ਨੇ ਸਾਡੇ ਬਜ਼ੁਰਗ ਮਰ ਕੇ ਵੀ ਜਿਉਂਦੇ

**ਅੱਧ-ਪਚੱਧੀ ਪੰਜਾਬੀ ਤੇ ਅੰਗਰੇਜ਼ੀ 'ਚ ਲਿਖੇ ਇਹ ਪੱਤਰੇ, ਕਿਸੇ ਇਤਿਹਾਸਕ ਦਸਤਾਵੇਜ਼ ਤੋਂ ਘੱਟ ਨਹੀਂ ਸਨ ਜਾਪ ਰਹੇ। ਸਸਕਾਰ ਤੋਂ ਵਾਪਸ ਪਰਤਦਿਆਂ ਮਨ 'ਚ ਖਿਆਲ ਆਇਆ ਕਿ ਹਰੇਕ ਪਰਿਵਾਰ ਦੇ ਬਜ਼ੁਰਗ ਨੇ ਆਪਣੇ ਅੰਦਰ ਇਕ ਇਤਿਹਾਸ ਸਾਂਭਿਆ ਹੋਇਆ ਹੈ। ਜੇਕਰ ਉਹ ਕਿਸੇ ਨਾ ਕਿਸੇ ਤਰ੍ਹਾਂ ਅਗਲੀ ਪੀੜ੍ਹੀ ਤੱਕ ਨਹੀਂ ਪੁੱਜਦਾ, ਤਾਂ ਸਾਹਾਂ ਦੀ ਡੋਰ ਟੁੱਟਦਿਆਂ ਸਾਰ ਹੀ ਸਭ ਕੁਝ ਮੁੱਕ ਜਾਵੇਗਾ। ਦੂਜੇ ਪਾਸੇ ਆਪਣੇ ਵਡੇਰਿਆਂ ਅੰਦਰ ਛੁਪੇ ਖਜ਼ਾਨੇ ਨੂੰ, ਇਸ ਤੋਂ ਪਹਿਲਾਂ ਸਾਂਭ ਲਿਆ ਜਾਏ, ਤਾਂ ਇਹ ਭੰਡਾਰ ਖੋਜ ਸਮੱਗਰੀ ਦੇ ਰੂਪ 'ਚ ਚਾਨਣ-ਮੁਨਾਰਾ ਬਣ ਸਕਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਵੱਡੇ-ਵਡੇਰਿਆਂ ਦੀ ਵਿੱਤੀ ਦੌਲਤ ਦਾ ਖਜ਼ਾਨਾ ਸਾਂਭਣ ਨੂੰ ਤਾਂ ਸਾਰੇ ਪੁੱਤਰ-ਧੀਆਂ ਉਤਾਵਲੇ ਹੁੰਦੇ ਹਨ ਪਰ ਗਿਆਨ ਰੂਪੀ ਪੂੰਜੀ ਦੇ, ਪਿਉ ਦਾਦੇ ਦੇ ਭੰਡਾਰਾਂ ਦੀ ਕੋਈ ਵਿਰਲਾ ਹੀ ਪਰਵਾਹ ਕਰਦਾ ਹੈ। ਸਮਾਂ ਨਿੱਤ ਬਦਲ ਰਿਹਾ ਹੈ। ਬੀਤੇ ਦਿਨਾਂ ਦੀਆਂ ਨਿਸ਼ਾਨੀਆਂ ਮਿਟਦੀਆਂ ਜਾ ਰਹੀਆਂ ਹਨ।**

ਸੰਨ 1905 'ਚ ਕੈਨੇਡਾ ਆ ਕੇ ਵਸੇ ਜ਼ਿਲ੍ਹਾ ਲੁਧਿਆਣਾ ਦੇ ਲੱਖਾ ਪਿੰਡ ਦੇ ਫ਼ੌਜੀ ਜਰਨੈਲ ਸਰਦਾਰਾ ਸਿੰਘ ਨਿੱਝਰ ਦੀ ਧੀ, 1924 ਵਿਚ ਨਿਊਵੈਸਟ ਮਿਨਿਸਟਰ ਸ਼ਹਿਰ 'ਚ ਪੈਦਾ ਹੋਈ ਕਿਊਨਜ਼ਬਰੋ ਸਕੂਲ 'ਚ ਪੜ੍ਹੀ ਤੇ ਕੈਨੇਡਾ ਤੋਂ ਭਾਰਤ ਜਾ ਕੇ ਵਿਆਹ ਮਗਰੋਂ ਪਟਨਾ ਸ਼ਹਿਰ 'ਚ ਵਸਣ ਕਰਕੇ 'ਪਟਨੇ ਵਾਲੀ ਬੀਬੀ' ਕਰਕੇ ਜਾਣੀ ਜਾਂਦੀ ਮਾਤਾ ਜਸਵੰਤ ਕੌਰ ਸਿੱਧੂ ਦੀ ਸੰਸਾਰ ਤੋਂ ਵਿਦਾਇਗੀ (ਸਸਕਾਰ) ਮੌਕੇ, ਉਨ੍ਹਾਂ ਦੇ ਪਰਿਵਾਰ ਨੇ ਇਸ ਬਜ਼ੁਰਗ ਮਾਈ ਵੱਲੋਂ ਲਿਖੇ ਡਾਇਰੀ ਦੇ ਪੰਨੇ ਵਿਖਾਏ, ਜਿਨ੍ਹਾਂ 'ਚ ਪਰਿਵਾਰਕ ਘਟਨਾਵਾਂ ਤੋਂ ਇਲਾਵਾ ਉਸ ਵੇਲੇ ਤੋਂ ਹੁਣ ਤੱਕ ਦੀਆਂ ਕੈਨੇਡਾ ਵਸਦੇ ਪੰਜਾਬੀਆਂ ਨਾਲ ਸਬੰਧਤ ਅਹਿਮ ਗੱਲਾਂ ਬਾਰੇ ਭਰਪੂਰ ਜਾਣਕਾਰੀ ਅੰਕਿਤ ਸੀ। ਅੱਧ-ਪਚੱਧੀ ਪੰਜਾਬੀ ਤੇ ਅੰਗਰੇਜ਼ੀ 'ਚ ਲਿਖੇ ਇਹ ਪੱਤਰੇ, ਕਿਸੇ ਇਤਿਹਾਸਕ ਦਸਤਾਵੇਜ਼ ਤੋਂ ਘੱਟ ਨਹੀਂ ਸਨ ਜਾਪ ਰਹੇ। ਸਸਕਾਰ ਤੋਂ ਵਾਪਸ ਪਰਤਦਿਆਂ ਮਨ 'ਚ ਖਿਆਲ ਆਇਆ ਕਿ ਹਰੇਕ ਪਰਿਵਾਰ ਦੇ ਬਜ਼ੁਰਗ ਨੇ ਆਪਣੇ ਅੰਦਰ ਇਕ ਇਤਿਹਾਸ ਸਾਂਭਿਆ ਹੋਇਆ ਹੈ। ਜੇਕਰ ਉਹ ਕਿਸੇ ਨਾ ਕਿਸੇ ਤਰ੍ਹਾਂ ਅਗਲੀ ਪੀੜ੍ਹੀ ਤੱਕ ਨਹੀਂ ਪੁੱਜਦਾ, ਤਾਂ ਸਾਹਾਂ ਦੀ ਡੋਰ ਟੁੱਟਦਿਆਂ ਸਾਰ ਹੀ ਸਭ ਕੁਝ ਮੁੱਕ ਜਾਵੇਗਾ। ਦੂਜੇ ਪਾਸੇ ਆਪਣੇ ਵਡੇਰਿਆਂ ਅੰਦਰ ਛੁਪੇ ਖਜ਼ਾਨੇ ਨੂੰ, ਇਸ ਤੋਂ ਪਹਿਲਾਂ ਸਾਂਭ ਲਿਆ ਜਾਏ, ਤਾਂ ਇਹ ਭੰਡਾਰ ਖੋਜ ਸਮੱਗਰੀ ਦੇ ਰੂਪ 'ਚ ਚਾਨਣ-ਮੁਨਾਰਾ ਬਣ ਸਕਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਵੱਡੇ-ਵਡੇਰਿਆਂ ਦੀ ਵਿੱਤੀ ਦੌਲਤ ਦਾ ਖਜ਼ਾਨਾ ਸਾਂਭਣ ਨੂੰ ਤਾਂ ਸਾਰੇ ਪੁੱਤਰ-ਧੀਆਂ ਉਤਾਵਲੇ ਹੁੰਦੇ ਹਨ ਪਰ ਗਿਆਨ ਰੂਪੀ ਪੂੰਜੀ ਦੇ, ਪਿਉ ਦਾਦੇ ਦੇ ਭੰਡਾਰਾਂ ਦੀ ਕੋਈ ਵਿਰਲਾ ਹੀ ਪਰਵਾਹ ਕਰਦਾ ਹੈ। ਸਮਾਂ ਨਿੱਤ ਬਦਲ ਰਿਹਾ ਹੈ। ਬੀਤੇ ਦਿਨਾਂ ਦੀਆਂ ਨਿਸ਼ਾਨੀਆਂ ਮਿਟਦੀਆਂ ਜਾ ਰਹੀਆਂ ਹਨ। ਸਾਡੇ ਵਡੇਰਿਆਂ ਸਮੇਂ ਰਹਿਣ-ਸਹਿਣ ਕਿਹੋ ਜਿਹਾ ਸੀ? ਰਿਸ਼ਤੇ-ਨਾਤੇ ਕਿਸ ਤਰ੍ਹਾਂ ਦੇ ਸਨ? ਲੋਕਾਂ ਅੰਦਰ ਭਾਈਚਾਰਕ ਸਬੰਧ ਕਿਹੋ ਜਿਹੇ ਸਨ? ਵਿਆਹ-ਸ਼ਾਦੀਆਂ ਵੇਲੇ ਮੰਜੇ-ਬਿਸਤਰੇ ਕਿਵੇਂ ਇਕੱਠੇ ਕੀਤੇ ਜਾਂਦੇ ਸਨ? ਡੋਲਣਿਆਂ 'ਚ ਦੁੱਧ ਪਾ ਕੇ ਖੁਸ਼ੀ ਜਾਂ ਗ਼ਮੀ ਸਮੇਂ ਕਿਵੇਂ ਸਹਿਯੋਗ ਦਿੱਤਾ ਜਾਂਦਾ ਸੀ? ਬਾਹਰਲੀ 'ਕੇਟਰਿੰਗ' ਦੀ ਥਾਂ, ਸ਼ਗਨਾਂ ਵਾਲੇ ਘਰ ਆਂਢੀ-ਗੁਆਂਢੀ ਇਕੱਠੇ ਹੋ ਕੇ ਕਿਵੇਂ ਲੱਡੂ ਵੱਟਦੇ ਸਨ, ਜਲੇਬੀਆਂ ਕੱਢਦੇ ਸਨ, 'ਮੈਰਿਜ ਪੈਲਸਾਂ' ਦੀ ਥਾਂ ਖੁੱਲ੍ਹੇ ਵਿਹੜਿਆਂ 'ਚ ਕਨਾਤਾਂ ਲਾ ਕੇ ਕਿਵੇਂ ਘਰਾਂ 'ਚ ਹੀ ਵਿਆਹ-ਸ਼ਾਦੀਆਂ ਹੁੰਦੀਆਂ ਸਨ, ਇਨ੍ਹਾਂ ਬਾਰੇ ਹੱਡ-ਬੀਤੀਆਂ ਦੱਸਣ ਵਾਲੇ ਆਪਣੇ ਬਜ਼ੁਰਗਾਂ ਕੋਲ ਬਹਿ ਕੇ, ਕੀ ਅਸੀਂ ਇਹ ਸਭ ਕੁਝ ਜਾਣਨ ਤੇ ਸਾਂਭਣ ਦੀ ਕੋਸ਼ਿਸ਼ ਕੀਤੀ ਹੈ, ਸ਼ਾਇਦ ਨਹੀਂ। ਨਤੀਜਾ ਇਹ ਹੈ ਕਿ ਸਾਡੇ ਬੱਚਿਆਂ ਨੂੰ ਖੂਹ ਦੀਆਂ ਟਿੰਡਾਂ, ਊਠ ਤੇ ਬਲਦਾਂ ਦੇ ਗਲ਼ ਟੱਲੀਆਂ, ਦੁੱਧ ਦੇ ਛੰਨਿਆਂ, ਚਰਖਿਆਂ, ਪੂਣੀਆਂ, ਸਬਾਤਾਂ, ਦਲਾਨਾਂ, ਛੱਪੜਾਂ, ਬਰੋਟਿਆਂ, ਪਿੱਪਲਾਂ, ਸੱਥਾਂ, ਖੂੰਢਾਂ ਆਦਿ ਦੀਆਂ ਗੱਲਾਂ ਓਪਰੀਆਂ ਜਾਪਦੀਆਂ ਹਨ, ਕਿਉਂਕਿ ਉਨ੍ਹਾਂ ਦੇ ਦਾਦੇ-ਦਾਦੀਆਂ ਜਾਂ ਨਾਨੇ-ਨਾਨੀਆਂ ਦੀਆਂ ਆਤਮ-ਕਥਾਵਾਂ, ਇਨ੍ਹਾਂ ਗੱਲਾਂ ਦੇ ਪ੍ਰਗਟਾਵੇ ਨਹੀਂ ਕਰਦੀਆਂ। ਕਿਤਾਬਾਂ 'ਚ ਲਿਖਿਆ ਪੜ੍ਹਨ ਨਾਲੋਂ ਕਿਸੇ ਵੱਲੋਂ ਆਪਬੀਤੀ ਰਾਹੀਂ ਦੱਸਣ ਨਾਲ ਮਿਲਿਆ ਗਿਆਨ, ਜੀਵਨ ਦਾ ਅਭੁੱਲ ਸਰਮਾਇਆ ਹੋ ਨਿੱਬੜਦਾ ਹੈ। ਅੱਜ ਦੇ ਆਧੁਨਿਕ ਯੁੱਗ ਦੀਆਂ ਬਰਕਤਾਂ ਨੂੰ ਇਸ ਮੰਤਵ ਲਈ ਵੱਧ ਤੋਂ ਵੱਧ ਵਰਤਿਆ ਜਾਏ। ਜਿਨ੍ਹਾਂ ਦੇ ਦਾਦੇ-ਪੜਦਾਦੇ ਪੜ੍ਹੇ-ਲਿਖੇ ਨਹੀਂ ਜਾਂ ਵਧੇਰੇ ਬਿਰਧ ਹਨ, ਉਨ੍ਹਾਂ ਦੀ ਟੇਪ ਜਾਂ ਵੀਡੀਓ ਰਿਕਾਰਡਿੰਗ ਰਾਹੀਂ ਸਾਰੀ ਕਹਾਣੀ ਸੰਭਾਲ ਲਈਏ। ਉਨ੍ਹਾਂ ਤੋਂ ਵੱਡੇ-ਵਡੇਰਿਆਂ ਬਾਰੇ, ਆਪੋ-ਆਪਣੇ ਪਿੰਡ ਦੇ ਇਤਿਹਾਸ ਸਬੰਧੀ ਅਤੇ ਸਮੇਂ ਨਾਲ ਮਿਟ ਰਹੀਆਂ ਨਿਸ਼ਾਨੀਆਂ ਬਾਰੇ ਯਾਦਾਂ ਸਾਂਭ ਲਈਏ। ਬਜ਼ੁਰਗਾਂ ਦੇ ਅਜਿਹੇ ਗਿਆਨ ਦੀ ਸੰਭਾਲ, ਉਨ੍ਹਾਂ ਨੂੰ ਸਦਾ ਜਿਉਂਦੇ ਰੱਖ ਸਕਦੀ ਹੈ, ਨਾ ਕਿ ਮੌਤ ਮਗਰੋਂ ਸਰਾਧ ਕਰਕੇ, ਬਰਸੀਆਂ ਮਨਾ ਕੇ ਜਾਂ ਪਿਤਰ ਪੂਜਾ ਕਰਕੇ, ਉਨ੍ਹਾਂ ਨੂੰ ਅਮਰ ਕੀਤਾ ਜਾ ਸਕਦਾ ਹੈ। ਸੱਚਾ ਪਿਆਰ-ਸਤਿਕਾਰ ਉਨ੍ਹਾਂ ਦੇ ਜਿਉਂਦੇ ਜੀਅ ਉਨ੍ਹਾਂ ਦੇ ਗਿਆਨ ਰਾਹੀਂ ਸੇਧ ਲੈਣਾ ਹੀ ਹੋ ਸਕਦਾ ਹੈ। ਇਹ ਗਿਆਨ ਕਿਵੇਂ ਲਾਹੇਵੰਦ ਸਾਬਤ ਹੋ ਸਕਦਾ ਹੈ, ਇਸ ਦੀ ਮਿਸਾਲ ਕੁਝ ਦਿਨ ਪਹਿਲਾਂ ਵੈਨਕੂਵਰ 'ਚ ਕੈਨੇਡੀਅਨ ਜੰਮਪਲ ਪੁੱਤਰ ਅਮਰਜੀਤ ਸਿੰਘ ਬਰਾੜ ਵੱਲੋਂ ਆਪਣੇ ਪਿਤਾ ਸ: ਅਰਜੁਨ ਸਿੰਘ 'ਚੰਦ ਨਵਾਂ' ਵੱਲੋਂ, 1908 ਤੋਂ 1947 ਤੱਕ ਦੀਆਂ ਇਥੋਂ ਦੀ ਇਤਿਹਾਸਕ ਘਟਨਾਵਾਂ ਬਾਰੇ, ਲਿਖੀ ਡਾਇਰੀ ਨੂੰ ਲੋਕ ਅਰਪਿਤ ਕਰਨ ਵੇਲੇ ਮਿਲੀ, ਜਦੋਂ ਸ: ਬਰਾੜ ਨੇ ਦੱਸਿਆ ਕਿ 10-12 ਸਾਲ ਦੀ ਉਮਰ 'ਚ, ਮੇਰੇ ਪਿਤਾ ਗੁਜ਼ਰ ਗਏ, ਮੈਨੂੰ ਉਨ੍ਹਾਂ ਦੀਆਂ ਲਿਖਤਾਂ ਬਾਰੇ ਕੋਈ ਸਮਝ ਨਹੀਂ ਸੀ ਤੇ ਨਾ ਹੀ ਪੰਜਾਬੀ ਭਾਸ਼ਾ ਆਉਂਦੀ ਸੀ, ਪਰ ਮਨ ਅੰਦਰ ਅਥਾਹ ਪਿਆਰ ਸੀ ਕਿ ਬਾਪ ਦੀਆਂ ਹੱਥ ਲਿਖਤਾਂ ਦਾ ਟਰੰਕ ਸਭ ਤੋਂ ਕੀਮਤੀ ਹੈ, ਇਨ੍ਹਾਂ ਬਾਰੇ ਸਮਝ ਉਦੋਂ ਪਈ ਜਦੋਂ ਸਾਡੇ ਘਰ ਆ ਕੇ ਪੱਤਰਕਾਰ ਖੁਸ਼ਵੰਤ ਸਿੰਘ, ਨਾਵਲਕਾਲ ਕੇਸਰ ਸਿੰਘ, ਇਤਿਹਾਸਕਾਰ ਗੁਰਚਰਨ ਸਿੰਘ ਸਹਿੰਸਰਾ ਤੇ ਕਈ ਦਸਤਾਵੇਜ਼ੀ ਫ਼ਿਲਮਾਂ ਵਾਲਿਆਂ ਨੇ, ਇਸ ਡਾਇਰੀ ਤੋਂ ਵਡਮੁੱਲੀ ਜਾਣਕਾਰੀ ਲਈ। ਉਸ ਸਮਾਗਮ ਤੋਂ ਘਰੇ ਪਹੁੰਚ ਕੇ ਮੈਂ ਮਾਣਯੋਗ ਪਿਤਾ ਜੀ ਨੂੰ ਟੇਪ ਰਿਕਾਰਡਰ ਤੇ ਕੈਸੇਟਾਂ ਸੌਂਪਦਿਆਂ ਕਿਹਾ ਕਿ ਉਹ ਆਪਣੀ ਸੁਰਤ ਸੰਭਾਲਣ ਤੋਂ ਲੈ ਕੇ ਅੱਜ ਤੱਕ ਸਾਰੀਆਂ ਗੱਲਾਂ ਰਿਕਾਰਡ ਕਰ ਦੇਣ। ਹੁਣ ਇਨ੍ਹਾਂ ਟੇਪਾਂ ਦੀ ਗਿਣਤੀ ਦਰਜਨ ਤੋਂ ਵੱਧ ਹੈ ਜੋ ਕਿ ਸਾਡੇ ਪਰਿਵਾਰ ਲਈ ਵਡਮੁੱਲਾ ਤੋਹਫ਼ਾ ਹਨ। ਕੈਨੇਡਾ ਦੀ ਸਾਇਮਨ ਫਰੇਜ਼ਰ ਯੂਨੀਵਰਸਿਟੀ ਦੇ ਤਿੰਨ ਦਹਾਕਿਆਂ ਤੱਕ ਪ੍ਰੋਫੈਸਰ ਰਹੇ ਮਰਹੂਮ ਡਾ: ਹਰੀ ਸ਼ਰਮਾ ਨੇ ਵੈਨਕੂਵਰ 'ਚ ਪਰਿਵਾਰਾਂ ਦੀਆਂ ਇੰਟਰਵਿਊਆਂ ਕਰਨ ਦਾ ਬੀੜਾ ਚੁੱਕਿਆ ਸੀ, ਜੋ ਅੱਜ ਦੇ ਵਿਦਿਆਰਥੀਆਂ ਦੀ ਖੋਜ ਲਈ ਮਹਾਨ ਸਮੱਗਰੀ ਸਿੱਧ ਹੋ ਰਹੀ ਹੈ। ਸਮੇਂ ਦੀ ਧੂੜ 'ਚ ਕੀਮਤੀ ਲਾਲ ਗੁਆਚਣ ਤੋਂ ਪਹਿਲਾਂ ਜੇਕਰ ਉਨ੍ਹਾਂ ਤੋਂ, ਇਨ੍ਹਾਂ ਮੋਤੀਆਂ ਨਾਲ ਝੋਲੀਆਂ ਭਰ ਲਈਏ, ਤਾਂ ਅਸੀਂ ਦੁਨੀਆ ਦੇ ਅਸਲੀ ਧਨਵਾਨ ਕਹਾਉਣ ਦੇ ਹੱਕਦਾਰ ਹਾਂ। ਜਿਸ ਘਰ ਅੰਦਰ ਬਜ਼ੁਰਗਾਂ ਦੇ ਪੈਸਿਆਂ ਲਈ ਤਾਂ ਜਗ੍ਹਾ ਹੈ ਪਰ ਉਨ੍ਹਾਂ ਦੀਆਂ ਯਾਦਾਂ ਦੀ ਪੂੰਜੀ ਲਈ ਥਾਂ ਨਹੀਂ, ਉਹ ਘਰ-ਪਰਿਵਾਰ ਸਭ ਤੋਂ ਵੱਡੇ ਕੰਗਾਲ ਕਹੇ ਜਾ ਸਕਦੇ ਹਨ। ਸਾਡਾ ਵੱਡੇ ਧਨਾਢ, ਵਿਦਵਾਨ, ਰਾਜਨੇਤਾ, ਧਰਮੀਪੁਰਸ਼, ਅਗਾਂਹਵਧੂ ਜਾਂ ਸਾਹਿਤਕਾਰ ਹੋਣ ਦਾ ਕੀ ਅਰਥ, ਜੇਕਰ ਅਸੀਂ ਆਪਣੇ ਬਜ਼ੁਰਗਾਂ ਅੰਦਰਲੇ ਡੂੰਘੇ ਸਮੁੰਦਰ 'ਚ ਤਾਰੀਆਂ ਹੀ ਨਹੀਂ ਲਾਈਆਂ, ਉਨ੍ਹਾਂ ਦੇ ਗਿਆਨ ਭਰਪੂਰ ਇਤਿਹਾਸ ਨੂੰ ਸਾਂਭਣ ਦਾ ਯਤਨ ਹੀ ਨਹੀਂ ਕੀਤਾ ਤੇ ਆਪਣੀ ਹੀ ਹਉਮੈ ਨੂੰ ਪੱਠੇ ਪਾਉਣ 'ਚ ਗਲਤਾਨ ਰਹੇ। ਦੂਸਰੇ ਪਾਸੇ ਸਿਹਤਯਾਬ ਬਜ਼ੁਰਗਾਂ ਨੂੰ ਵੀ ਚਾਹੀਦਾ ਹੈ ਕਿ ਉਹ ਜਿਵੇਂ ਵੀ ਆਪਣੇ ਵੇਲੇ ਦੀਆਂ ਵਡਮੁੱਲੀਆਂ ਗੱਲਾਂ, ਬੱਚਿਆਂ ਤੇ ਨੌਜਵਾਨਾਂ ਕੋਲ ਪਹੁੰਚਾ ਸਕਣ, ਜ਼ਰੂਰ ਪਹੁੰਚਾਉਣ। ਜਿਹੜੇ ਲਿਖਣ ਦੇ ਸਮਰੱਥ ਹਨ, ਕਲਮ ਉਠਾਉਣ, ਆਪਣੇ ਵੱਡਿਆਂ ਤੋਂ ਲੈ ਕੇ ਆਪਣੇ ਬਚਪਨ, ਜਵਾਨੀ, ਬੁਢੇਪੇ, ਪਿੰਡ-ਸ਼ਹਿਰ, ਰਹਿਣ-ਸਹਿਣ, ਵਿਰਸੇ ਤੇ ਸੱਭਿਆਚਾਰ ਆਦਿ ਬਾਰੇ ਜ਼ਰੂਰ ਲਿਖਣ। ਇਹ ਜ਼ਰੂਰੀ ਨਹੀਂ ਕਿ 'ਖਾਸ ਕਿਸਮ' ਦੇ ਲੋਕ ਹੀ 'ਸਾਹਿਤਕਾਰ' ਹੁੰਦੇ ਹਨ, ਦਰਅਸਲ ਉਹ ਹਰ ਵਿਅਕਤੀ ਸਾਹਿਤਕਾਰ ਹੈ, ਜਿਹੜਾ ਆਪਣੇ ਅੰਦਰਲੇ ਖਿਆਲਾਂ ਦੇ ਸਮੁੰਦਰ ਨੂੰ ਰਿੜਕ ਕੇ ਸਾਦ-ਮੁਰਾਦੇ ਸ਼ਬਦਾਂ ਰਾਹੀਂ ਬਾਹਰ ਕੱਢਦਾ ਹੈ। ਜਿਵੇਂ ਭੁੱਖ ਵੇਲੇ ਬੰਦਾ ਖਾਣ ਦੇ ਢੰਗ ਨਹੀਂ ਲੱਭਦਾ, ਉਵੇਂ ਵਿਚਾਰਾਂ ਦੇ ਵੇਗ ਕਿਸੇ ਵਿਸ਼ੇਸ਼ ਲਿਖਣ ਢੰਗ ਦੇ ਮੁਹਤਾਜ ਨਹੀਂ ਹੁੰਦੇ। ਇਸ ਤੋਂ ਪਹਿਲਾਂ ਕਿ ਇਹ ਜਿਸਮ ਮਿੱਟੀ ਹੋ ਜਾਏ, ਆਪਣੇ ਅੰਦਰਲੇ ਸਾਗਰ ਨੂੰ ਬਾਹਰ ਕੱਢੀਏ, ਚਾਹੇ ਬੋਲਾਂ ਰਾਹੀਂ, ਕੈਮਰੇ ਰਾਹੀਂ, ਆਪਣੇ ਅੰਦਰਲੇ ਸਾਗਰ ਨੂੰ ਬਾਹਰ ਕੱਢੀਏ, ਚਾਹੇ ਬੋਲਾਂ ਰਾਹੀਂ, ਕੈਮਰੇ ਰਾਹੀਂ ਜਾਂ ਕਾਗਜ਼ਾਂ ਰਾਹੀਂ, ਤਾਂ ਕਿ ਆਉਂਦੀਆਂ ਪੀੜ੍ਹੀਆਂ ਕੋਲ ਵਡਮੁੱਲਾ ਖਜ਼ਾਨਾ ਬਚਿਆ ਰਹਿ ਸਕੇ, ਤੇ ਖ਼ੁਦ ਵੀ ਪਦਮ ਸ੍ਰੀ ਸੁਰਜੀਤ ਪਾਤਰ ਦੇ ਕਹਿਣ ਵਾਂਗ ਸਦੀਵੀ ਕਾਇਮ ਰਹਿ ਸਕੀਏ

'ਜਦੋਂ ਤੱਕ ਸ਼ਬਦ ਜੀਂਦੇ ਨੇ,
ਸੁਖਨਵਰ ਜੀਣ ਮਰ ਕੇ ਵੀ,
ਉਹ ਕੇਵਲ ਜਿਸਮ ਹੁੰਦੇ ਨੇ,
ਜੋ ਸਿਵਿਆਂ ਵਿਚ ਸੁਆਹ ਬਣਦੇ।'

# ਅਲੋਪ ਹੋ ਪੰਜਾਬ ਵਿਚੋਂ ਮੰਜੇ ਤੇ ਪੀੜ੍ਹੀਆਂ

ਕਿਸੇ ਸਮੇਂ ਸਾਰੀ ਇਨਸਾਨੀ ਵਸੋਂ ਧਰਤੀ ਉਪਰ ਸੌਂਦੀ ਸੀ। ਅੱਜ ਵੀ ਦੁਨੀਆਂ ਦੀ ਵਸੋਂ ਦਾ ਕਾਫ਼ੀ ਹਿੱਸਾ ਧਰਤੀ ਉਪਰ ਸੌਂਦਾ ਹੈ। ਜਿਵੇਂ ਜਿਵੇਂ ਮਨੁੱਖੀ ਸੂਝ ਵਧਦੀ ਗਈ, ਇਨਸਾਨ ਨੇ ਆਪਣੀ ਲੋੜ ਅਨੁਸਾਰ ਨਿੱਤ ਵਰਤੋਂ ਦੀਆਂ ਵਸਤਾਂ ਦੀ ਈਜਾਦ ਕਰਨੀ ਸ਼ੁਰੂ ਕਰ ਦਿੱਤੀ। ਮੰਜੇ, ਪੀੜ੍ਹੀਆਂ ਏਸ ਨਿੱਤ ਦੀ ਲੋੜ ਨੇ ਹੀ ਈਜਾਦ ਕੀਤੇ ਹਨ। ਫੇਰ ਇਕ ਅਜਿਹਾ ਸਮਾਂ ਆਇਆ ਕਿ ਮੰਜੇ ਹੀ ਘਰ ਦੀ ਬਹੁ-ਮੰਤਵੀ ਵਸਤ ਬਣ ਗਏ। ਬੈਠਣ, ਲੰਮੇ ਪੈਣ, ਸੌਣ, ਘਰ ਦਾ ਸਾਮਾਨ ਰੱਖਣ, ਲਾਂਗਾ ਢੋਣ, ਕੁੱਪ ਬੰਨ੍ਹਣ ਲਈ ਮੰਜਿਆਂ ਦੀ ਵਰਤੋਂ ਕੀਤੀ ਜਾਣ ਲੱਗੀ। ਸ਼ੁਰੂ ਸ਼ੁਰੂ ਵਿਚ ਜੰਗਲਾਂ ਵਿਚੋਂ ਜਿਹੋ ਜਿਹੀ ਲੱਕੜ ਮਿਲਦੀ ਸੀ, ਉਸ ਦੀ ਚੁਗਾਠ ਬਣਾ ਲਈ ਜਾਂਦੀ ਸੀ। ਜੰਗਲਾਂ ਵਿਚੋਂ ਜੋ ਮੁੰਜ ਜਾਂ ਘਾਹ ਮਿਲਦਾ ਹੁੰਦਾ ਸੀ, ਉਸ ਦੀ ਰੱਸੀ ਬਣਾ ਕੇ ਮੰਜਾ ਬੁਣ ਲੈਂਦੇ ਸਨ। ਪੀੜ੍ਹੀ ਮੰਜੇ ਦਾ ਹੀ ਛੋਟਾ ਰੂਪ ਹੈ, ਜੋ ਸਿਰਫ਼ ਬੈਠਣ ਦੇ ਹੀ ਕੰਮ ਆਉਂਦੀ ਸੀ। ਸਮੇਂ ਦੇ ਗੁਜ਼ਰਨ ਨਾਲ ਤੇ ਆਉਣ ਜਾਣ ਦੇ ਸਾਧਨਾਂ ਵਿਚ ਤਰੱਕੀ ਹੋਣ ਨਾਲ ਮੰਜੇ ਅਤੇ ਪੀੜ੍ਹੀਆਂ ਦੀਆਂ ਚੁਗਾਠਾਂ ਵਿਚ ਚੰਗੀਆਂ ਲੱਕੜਾਂ ਲੱਗਣ ਲੱਗ ਪਈਆਂ। ਬਾਂਸ ਦੀਆਂ ਲੱਕੜਾਂ ਦੇ ਮੰਜੇ, ਪੀੜ੍ਹੀਆਂ ਬਣਨ ਲੱਗੇ। ਮੰਜੇ ਅਤੇ ਪੀੜ੍ਹੀਆਂ ਦੇ ਪਾਵਿਆਂ ਵਿਚ ਵੰਨ-ਸਵੰਨਤਾ ਆਉਣ ਲੱਗੀ। ਟਾਹਲੀ ਦੇ ਖਰਾਦੇ ਹੋਏ ਪਾਵੇ ਚੰਗੇ ਮੰਨੇ ਜਾਣ ਲੱਗੇ। ਮੁੰਜ ਦੀ ਥਾਂ ਮੰਜਿਆਂ ਨੂੰ ਸਣ ਦੀ ਰੱਸੀ ਨਾਲ, ਸੂਤ ਤੇ ਨੁਮਾਰ ਨਾਲ ਬੁਣਿਆ ਜਾਣ ਲੱਗਿਆ। ਜਿਹੜੇ ਮੰਜੇ ਸਬਾਤਾਂ, ਬੈਠਕਾਂ ਜਾਂ ਇਕ ਥਾਂ ਪੱਕੇ ਤੌਰ ਤੇ ਰੱਖੇ ਜਾਂਦੇ ਸਨ, ਉਨ੍ਹਾਂ ਦੀਆਂ ਚੁਗਾਠਾਂ ਤੇ ਪਾਵੇ ਬੜੇ ਅਕਾਰ ਦੇ ਤੇ ਵਧੀਆ ਲੱਕੜ ਦੇ ਹੁੰਦੇ ਸਨ। ਰੰਗ ਬਰੰਗੇ ਸੂਤ ਤੇ ਨੁਮਾਰ ਨਾਲ ਬੁਣੇ ਹੁੰਦੇ ਸਨ। ਪਰ ਵਿਚਾਰੇ ਛੜਿਆਂ ਦੇ ਹਿੱਸੇ ਤਾਂ ਮੁੰਜ ਦੀ ਮੰਜੀ ਹੀ ਆਉਂਦੀ ਹੁੰਦੀ ਸੀ-

ਰੰਨਾਂ ਵਾਲਿਆਂ ਦੇ ਪਲੰਘ ਨਮਾਰੀ,
ਛੜਿਆਂ ਦੀ ਮੁੰਜ ਦੀ ਮੰਜੀ।

ਪਹਿਲੇ ਸਮਿਆਂ ਵਿਚ ਅਤੇ ਅੱਜ ਵੀ ਮੁੰਡੇ ਕੁੜੀਆ ਦੇ ਵਿਆਹਾਂ ਲਈ ਸਾਰੇ ਪਿੰਡ ਵਿਚੋਂ ਮੰਜੇ 'ਕੱਠੇ ਕਰਨ ਦਾ ਰਿਵਾਜ ਹੈ। ਵਿਆਹਾਂ ਵਿਚ ਨਾਨਕੀਆਂ ਜਦ ਜਾਗੋ ਕੱਢਦੀਆਂ ਸਨ, ਉਸ ਸਮੇਂ ਜੇ ਕਰ ਰਸਤੇ ਵਿਚ ਕੋਈ ਮੰਜੇ ਤੇ ਪਿਆ ਮਿਲ ਜਾਂਦਾ ਸੀ ਤਾਂ ਉਸ ਦਾ ਮੰਜਾ ਮੂਧਾ ਮਾਰ ਦਿੰਦੀਆਂ ਸਨ। ਸਾਡੇ ਸਮਾਜ ਵਿਚ ਜੀਜੇ ਅਤੇ ਸਾਲੀ ਦਾ ਰਿਸ਼ਤਾ ਬਹੁਤ ਰੁਮਾਂਚਿਕ ਰਿਹਾ ਹੈ। ਵਿਆਹਾਂ ਵਿਚ ਸਾਲੀਆਂ ਆਪਣੇ ਜੀਜੇ ਤੋਂ ਛੰਦ ਸੁਣਦੀਆਂ ਹੁੰਦੀਆਂ ਸਨ। ਉਸ ਨੂੰ ਸਿੱਠਣੀਆਂ ਵੀ ਦਿੰਦੀਆਂ ਹੁੰਦੀਆਂ ਸਨ-

ਜੀਜਾ ਜੁੜ ਗਿਆ ਮੰਜੇ ਦੇ ਨਾਲ, ਜੀਜਾ, ਮੰਜਾ ਤੇਰਾ ਕੀ ਲੱਗਦਾ?

ਪਹਿਲੇ ਸਮਿਆਂ ਵਿਚ ਛੋਟੀ ਉਮਰ ਵਿਚ ਵਿਆਹ ਕਰਨ ਦਾ ਰਿਵਾਜ ਸੀ। ਕਈ ਕਈ ਸਾਲਾਂ ਬਾਅਦ ਮੁੰਡੇ ਕੁੜੀ ਦੇ ਜੁਆਨ ਹੋਣ ਤੇ ਮੁਕਲਾਵਾ ਦਿੱਤਾ ਜਾਂਦਾ ਸੀ। ਨਵੀਂ ਵਹੁਟੀ ਨੂੰ ਰੱਥ ਵਿਚੋਂ ਲਾਹ ਕੇ, ਚੌਂਕੀ ਚੜ੍ਹਾਉਣ ਦੀ ਰਸਮ ਕਰਨ ਪਿਛੋਂ ਰੰਗ ਬਰੰਗੇ ਸੂਤ ਦੀ ਬੁਣੀ ਤੇ ਰੰਗ ਬਰੰਗੇ ਪਾਵਿਆਂ ਵਾਲੀ ਪੀੜ੍ਹੀ ਤੇ ਬਿਠਾਉਣ ਦਾ ਰਿਵਾਜ ਸੀ। ਉਨ੍ਹਾਂ ਸਮਿਆਂ ਵਿਚ ਘੁੰਡ ਕੱਢਣ ਦਾ ਰਿਵਾਜ ਵੀ ਹੁੰਦਾ ਸੀ। ਪੀੜ੍ਹੀ ਉਪਰ ਬੈਠੀ ਨਵੀਂ ਬਹੂ ਦਾ ਸਾਰੀਆਂ ਮੇਲਣਾਂ, ਸ਼ਰੀਕੇ ਵਾਲੀਆਂ ਜਨਾਨੀਆਂ, ਕੁੜੀਆਂ ਘੁੰਡ ਚੁੱਕ ਕੇ ਮੂੰਹ ਵੇਖਦੀਆਂ ਹੁੰਦੀਆਂ ਸਨ -

ਨਵੀਂ ਬਹੂ ਮੁਕਲਾਵੇ ਆਈ,
ਬਹਿ ਗਈ ਪੀੜ੍ਹਾ ਡਾਹ ਕੇ।
ਲਹਿੰਗਾ ਜਾਮਣੀ, ਕੁੜਤੀ ਵਰੀ ਦੀ, ਬਹਿ ਗਈ ਚੌਂਕ ਚੰਦ ਲਾ ਕੇ।
ਪਿੰਡ ਦੀਆਂ ਕੁੜੀਆਂ ਚਾਵਾਂ ਮੱਤੀਆਂ, ਆਈਆਂ ਹੁੰਮ ਹਮਾ ਕੇ।
ਨਵੀਂ ਵਿਆਹੁਲੀ ਦਾ,
ਨਾਂ ਪੁੱਛਣ ਘੁੰਡ ਚੁਕਾ ਕੇ।

ਨੂੰਹ ਸੱਸ ਦੀ ਸਾਡੇ ਸਮਾਜ ਵਿਚ ਕਦੇ ਵੀ ਮੀਚੋ ਨਹੀਂ ਮਿਲੀ। ਸੱਸ, ਨੂੰਹ ਨੂੰ ਆਨੇ ਬਹਾਨੇ ਨਿੰਦਦੀ ਰਹਿੰਦੀ ਸੀ। ਜਦ ਨੂੰਹ ਦਾ ਦਾਅ ਲੱਗਦਾ ਸੀ, ਭਲੀ ਉਹ ਵੀ ਨਹੀਂ ਕਰਦੀ ਸੀ। ਕਈ ਵੇਰ ਜਦ ਸੱਸ ਆਪਣੇ ਨੌਕਰੀ ਕਰਦੇ ਪੁੱਤ ਨੂੰ ਮਿਲਣ ਜਾਂਦੀ ਸੀ ਤਾਂ ਨੂੰਹ ਵੀ ਸੱਸ ਨੂੰ ਉੱਨੀਆਂ ਦੇ ਇੱਕੀ ਪਾਉਣ ਤੇ ਉਤਰ ਆਉਂਦੀ ਸੀ-

ਵੇ ਠਾਣੇਦਾਰਾ! ਉੱਚੀ ਹਵੇਲੀ ਪਾ।
ਵੇ ਠਾਣੇਦਾਰਾ! ਦੋ ਮੰਜਿਆਂ ਦੀ ਥਾਂ।
ਅਸੀਂ ਵੀ ਸੌਂ ਗਏ,
ਤੁਸੀਂ ਵੀ ਸੌਂ ਗਏ,
ਭੁੰਜੇ ਸਉਂਗੀ ਤੇਰੀ ਮਾਂ।

ਵਿਆਹ ਤੋਂ ਪਿਛੋਂ ਜਦ ਪਹਿਲੀ ਵਾਰ ਪ੍ਰਾਹੁਣਾ ਆਪਣੇ ਸਹੁਰਿਆਂ ਤੋਂ ਵਹੁਟੀ ਲੈਣ ਆਉਂਦਾ ਸੀ ਤਾਂ ਉਸ ਦਾ ਮੰਜਾ ਡਿਊੜੀ ਵਿਚ ਡਾਹਿਆ ਜਾਂਦਾ ਸੀ। ਡਿਉੜੀ ਦਰਵਾਜ਼ੇ ਨੂੰ ਕਹਿੰਦੇ ਸਨ। ਕਿਉਂ ਜੋ ਉਨ੍ਹਾਂ ਸਮਿਆਂ ਵਿਚ ਆਂਢ ਗੁਆਂਢ ਦੀਆਂ ਜਨਾਨੀਆਂ, ਵਿਸ਼ੇਸ਼ ਤੌਰ ਤੇ ਸਾਲੀਆਂ ਪ੍ਰਾਹੁਣੇ ਆਏ ਨੂੰ ਵੇਖਣ ਆਉਂਦੀਆਂ ਹੁੰਦੀਆਂ ਸਨ-

ਤੈਨੂੰ ਦੇਖਣ ਕਈਆਂ ਨੇ ਆਉਣਾ, ਡਿਊੜੀ ਵਿਚ ਡਾਹ ਮੰਜੜੀ।

ਉਸ ਦੀਆਂ ਸਾਲੀਆਂ ਉਸ ਨਾਲ ਬਹੁਤ ਸਾਰੇ ਮਸ਼ਕੂਲੇ, ਟਿੱਚਰਾਂ ਕਰਦੀਆਂ ਹੁੰਦੀਆਂ ਸਨ। ਜੀਜੇ ਦਾ ਕਈ ਢੰਗਾਂ ਨਾਲ ਜਲੂਸ ਕੱਢਣ, ਨੀਵਾਂ ਵਿਖਾਉਣ, ਠਿੱਠ ਕਰਨ ਦੀ ਕੋਸ਼ਿਸ਼ ਕਰਦੀਆਂ ਹੁੰਦੀਆਂ ਸਨ। ਜਿਨ੍ਹਾਂ ਵਿਚੋਂ ਇਕ ਮੰਜੇ ਨਾਲ ਵੀ ਸਬੰਧਿਤ ਹੁਦੀ ਸੀ। ਮੰਜੇ ਦੀ ਚੁਗਾਠ ਵਿਚ ਥੋੜ੍ਹਾ ਜਿਹਾ ਤਾਣਾ ਪੇਟਾ ਪਾ ਕੇ ਉਸ ਉਪਰ ਕੱਪੜਾ ਏਸ ਤਰ੍ਹਾਂ ਸਿਉਂ ਦਿੰਦੇ ਸਨ ਜਿਵੇਂ ਸੂਤ ਦੇ ਬਣੇ ਹੋਏ ਮੰਜੇ ਤੇ ਕਪੜਾ ਸਿਊਂਤਾ ਹੁੰਦਾ ਸੀ। ਉਸ ਉਪਰ ਬਿਸਤਰਾ ਵਿਛਾ ਦਿੱਤਾ ਜਾਂਦਾ ਸੀ। ਵਿਛਾਈ ਲੰਮੇ ਚੌੜੇ ਅਰਜ਼ ਦੀ ਵਿਛਾਈ ਜਾਂਦੀ ਸੀ, ਜਿਹੜੀ ਕਿ ਮੰਜੇ ਦੇ ਚਾਰੇ ਪਾਸਿਆਂ ਤੋਂ ਧਰਤੀ ਦੇ ਨੇੜੇ ਤੱਕ ਪਹੁੰਚਦੀ ਹੁੰਦੀ ਸੀ। ਮੰਜੇ ਦੇ ਹੇਠਾਂ ਕਿੱਕਰ ਦੀ ਜਾਂ ਬੇਰੀ ਦੀ ਸੂਲਾਂ ਵਾਲੀ ਟਾਹਣੀ ਰੱਖ ਦਿੱਤੀ ਜਾਂਦੀ ਸੀ। ਜਿਹੜੇ ਪ੍ਰਾਹੁਣੇ ਤਾਂ ਚੁਸਤ, ਚਲਾਕ, ਤਿੱਖੇ ਤੇ ਹੁਸ਼ਿਆਰ ਹੁੰਦੇ ਸਨ, ਉਹ ਤਾਂ ਮੰਜੇ ਤੇ ਬੈਠਣ ਤੋਂ ਪਹਿਲਾਂ ਆਪਣੇ ਨਾਲ ਲਿਆਂਦੀ ਕ੍ਰਿਪਾਨ ਨਾਲ ਮੰਜੇ ਤੇ ਵਿਛਾਏ ਬਿਸਤਰੇ ਦੇ ਲੜ੍ਹ ਨੂੰ ਚੁੱਕ ਕੇ ਜਾਂ ਬਿਸਤਰੇ ਉਪਰ ਕਿਰਪਾਨ ਦਾ ਪੂਰਾ ਭਾਰ ਦੇ ਕੇ ਵੇਖਣ ਤੋਂ ਬਾਅਦ ਹੀ ਮੰਜੇ ਤੇ ਬੈਠਦੇ ਹੁੰਦੇ ਸਨ। ਏਸ ਤਰ੍ਹਾਂ ਕਰਨ ਨਾਲ ਉਹ ਸਾਲੀਆਂ ਵਲੋਂ ਮੰਜੇ ਤੋਂ ਹੇਠਾਂ ਡੇਗਣ ਦੇ ਰਚੇ ਪਰਪੰਚ ਤੋਂ ਬਚ ਜਾਂਦੇ ਸਨ। ਜਿਹੜੇ ਅਜਿਹਾ ਨਹੀਂ ਕਰਦੇ ਸਨ, ਉਹ ਮੰਜੇ ਤੇ ਬੈਠਣ ਸਾਰ ਹੀ ਧੜਮ ਦੇ ਕੇ ਸੂਲਾਂ ਵਾਲੀ ਰੱਖੀ ਟਾਹਣੀ 'ਤੇ ਆ ਡਿਗਦੇ ਸਨ। ਜੀਜਾ ਕਚੀਚੀਆਂ ਵੱਟਦਾ ਤੇ ਹੱਥ ਮਲਦਾ ਹੀ ਰਹਿ ਜਾਂਦਾ ਸੀ।

ਬੰਤ ਨਾਢੂ ਡਿੱਗਿਆ ਨੀ, ਢੋਹੀ ਹੋ ਗਈ ਕਮਾਨੀ।
ਮੰਜੇ ਪਿਆ ਡਿੱਗਿਆ ਨੀ, ਜਿਵੇਂ ਭੇਡ ਨਿਮਾਨੀ।
ਇਹ ਦੀ ਮਾਂ ਨੂੰ ਸੱਦੋ ਨੀ,
ਉਹ ਦੇਵੇ ਪਾਣੀ।

ਲੱਗਦੇ ਹੱਥ ਛੋਟੇ ਮੰਜੇ ਤੇ ਲੰਮੇ ਕੱਦ ਦੇ ਮਾਹੀ ਸਬੰਧੀ ਇਕ ਗੀਤ ਵੀ ਸੁਣ ਹੀ ਲਵੋ-

ਬਾਬਲ ਮੈਨੂੰ ਕੀ ਵਰ ਦਿੱਤਾ, ਲੰਮਾ ਲੰਮ ਸਲੰਮਾ।
ਇਕ ਮੰਜੀ 'ਤੇ ਆਪ ਸੌਂਦਾ, ਦੂਜੀ ਮੰਜੀ ਤੇ ਟੰਗਾਂ।
ਤੀਜੀ ਮੰਜੀ 'ਤੇ ਪੈਰ ਰਖੇਂਦਾ, ਮੈਂ ਹੁਣ ਕਿੱਥੇ ਵੰਝਾਂ?

ਕਈ ਵੇਰ ਮੋਟੀ ਵਹੁਟੀ ਵੀ 'ਕੱਲੀ ਮੰਜਾ ਮੱਲ ਕੇ ਪਤੀ ਲਈ ਖ਼ਤਰੇ ਦੀ ਘੰਟੀ ਬਣ ਜਾਂਦੀ ਸੀ-

ਮੋਟੀ ਰੰਨ ਦਾ ਕੀ ਸਲਾਹੀਏ, 'ਕੱਲੀ ਮੰਜਾ ਮੱਲੇ।
ਡਰਦਾ ਖਸਮ ਨਾ ਨੇੜੇ ਆਵੇ, ਦੂਰੋਂ ਪੱਖਾ ਝੱਲੇ।

ਲਗਦੇ ਹੱਥ ਹੁਣ ਪਤਲੀ ਵਹੁਟੀ ਦਾ ਹਾਲ ਵੀ ਸੁਣ ਲਵੋ

ਪਤਲੀ ਰੰਨ ਦਾ ਕੀ ਸਲਾਹੀਏ, ਬੈਠੀ ਮੰਜੇ ਚੜ੍ਹ ਕੇ।
ਆਉਂਦਾ ਜਾਂਦਾ ਕੋਲੋਂ ਲੰਘੇ, ਕਾਗਜ਼ ਵਾਂਗੂੰ ਖੜਕੇ।

ਪਹਿਲੇ ਸਮਿਆਂ ਵਿਚ ਦਾਜ ਵਿਚ ਚਰਖਾ ਦੇਣ ਦਾ ਰਿਵਾਜ ਸੀ। ਉਨ੍ਹਾਂ ਸਮਿਆਂ ਵਿਚ ਲੋਕਾਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਹੁੰਦੀ ਸੀ। ਏਸ ਲਈ ਕਈ ਵੇਰ ਜਦ ਚਰਖੇ ਨਾਲ ਪੀੜ੍ਹੀ ਨਹੀਂ ਦਿੱਤੀ ਜਾਂਦੀ ਸੀ ਤਾਂ ਵਹੁਟੀ ਪੀੜ੍ਹੀ ਦੀ ਮੰਗ ਆਪਣੇ ਮਾਹੀ ਤੋਂ ਕਰਦੀ ਹੁੰਦੀ ਸੀ। ਜਦੋਂ ਮੰਗਣਿਆਂ, ਵਿਆਹਾਂ ਅਤੇ ਹੋਰ ਸਮਾਗਮਾਂ ਵਿਚ ਲਾਊਡ ਸਪੀਕਰ ਵੱਜਦੇ ਹੁੰਦੇ ਸਨ ਤਾਂ ਸਪੀਕਰਾਂ ਨੂੰ ਕੋਠੇ ਉੱਪਰ ਦੋ ਮੰਜਿਆਂ ਦੀਆਂ ਪਿੱਠਾਂ ਜੋੜ ਕੇ ਉਸ ਦੇ ਪਾਵਿਆਂ ਨਾਲ ਬੰਨ੍ਹਿਆ ਜਾਂਦਾ ਸੀ, ਤਾਂ ਜੋ ਸਪੀਕਰ ਦੀ ਅਵਾਜ਼ ਸਾਰੇ ਪਿੰਡ ਵਿਚ ਤੇ ਦੂਰ ਦੂਰ ਤੱਕ ਸੁਣੀ ਜਾ ਸਕੇ। ਅੱਜ ਕੱਲ੍ਹ ਮੁੰਜ, ਸਣ, ਸੂਤ ਤੇ ਨਮਾਰ ਨਾਲ ਬਣੇ ਮੰਜਿਆਂ ਦਾ ਰਿਵਾਜ ਦਿਨੋ ਦਿਨ ਘਟਦਾ ਜਾ ਰਿਹਾ ਹੈ। ਜਿਥੇ ਪਹਿਲਾਂ ਵਿਆਹਾਂ ਵਿਚ ਨਮਾਰੀ ਪਲੰਘ ਦੇਣ ਦਾ ਰਿਵਾਜ ਸੀ, ਉਥੇ ਹੁਣ ਹਾਰਡ ਬੈੱਡ ਤੇ ਬਕਸੇ ਵਾਲੇ ਹਾਰਡ ਬੈੱਡ ਦਿੱਤੇ ਜਾਣ ਲੱਗੇ ਹਨ। ਲੋਹੇ ਦੀਆਂ ਪਾਈਪਾਂ ਨਾਲ ਬਣੀਆਂ ਚੁਗਾਠਾਂ ਦੇ ਮੰਜੇ ਅੱਜ ਕੱਲ੍ਹ ਬੜੇ ਪ੍ਰਚੱਲਤ ਹਨ। ਇਨ੍ਹਾਂ ਨੂੰ ਨਾਈਲਨ ਦੀ ਨੁਮਾਰ ਜਾਂ ਰੱਸੀ ਨਾਲ ਬੁਣਿਆ ਜਾਂਦਾ ਹੈ। ਇਹ ਬਣੇ ਬਣਾਏ ਮੰਜੇ ਵੀ ਬਾਜ਼ਾਰ ਵਿਚੋਂ ਆਮ ਮਿਲਦੇ ਹਨ। ਏਸੇ ਤਰ੍ਹਾਂ ਅੱਜ ਕੱਲ੍ਹ ਘੱਟ ਹੀ ਮੁੰਜ ਦੀ ਰੱਸੀ, ਸਣ ਤੇ ਸੂਤ ਨਾਲ ਪੀੜ੍ਹੀ ਬੁਣੀ ਜਾਂਦੀ ਹੈ। ਪੀੜ੍ਹੀਆਂ ਵੀ ਬਾਜ਼ਾਰ ਵਿਚੋਂ ਲੱਕੜ ਦੀਆਂ ਤੇ ਲੋਹੇ ਦੀਆਂ ਬਣੀਆਂ ਬਣਾਈਆਂ ਮਿਲ ਜਾਂਦੀਆਂ ਹਨ। ਮੰਜਿਆਂ ਦੀ ਤਰ੍ਹਾਂ ਬਹੁਤੀਆਂ ਪੀੜ੍ਹੀਆਂ ਵੀ ਲੋਹੇ ਦੀ ਪਾਈਪ ਦੀਆਂ ਬਣੀਆਂ ਬਣਾਈਆਂ ਮਿਲ ਜਾਂਦੀਆਂ ਹਨ, ਜਿਹੜੀਆਂ ਨਾਇਲਨ ਦੀ ਨੁਮਾਰ ਨਾਲ ਬੁਣੀਆਂ ਹੁੰਦੀਆਂ ਹਨ। ਲੱਕੜ ਤੇ ਲੋਹੇ ਦੀਆਂ ਚੁਗਾਠਾਂ ਵਾਲੀਆਂ ਪੀੜ੍ਹੀਆਂ ਬਾਜ਼ਾਰ ਵਿਚੋਂ ਪਲਾਸਟਿਕ ਦੀ ਬੈਂਤ ਦੀਆਂ ਬਣੀਆਂ ਬਣਾਈਆਂ ਵੀ ਮਿਲਦੀਆਂ ਹਨ। ਲੱਕੜ ਤੇ ਪਲਾਸਟਿਕ ਦੀਆਂ ਬਣੀਆਂ ਹੋਈਆਂ ਪਟੜੀਆਂ ਵੀ ਬੈਠਣ ਲਈ ਬਾਜ਼ਾਰ ਵਿਚੋਂ ਉਪਲਬਧ ਹਨ।

ਅੱਜ ਕੱਲ੍ਹ ਹਰ ਘਰ ਕੁਰਸੀਆਂ ਹਨ। ਬਹੁਤੇ ਪਰਿਵਾਰਾਂ ਕੋਲ ਸੋਫ਼ੇ ਵੀ ਹਨ। ਵਿਆਹਾਂ ਵਿਚ ਕੁਰਸੀਆਂ ਦੀ ਥਾਂ ਅੱਜਕੱਲ੍ਹ ਸੋਫੇ ਦੇਣ ਦਾ ਰਿਵਾਜ ਹੈ। ਏਸ ਲਈ ਜਿਥੇ ਪਹਿਲਾਂ ਨਵੀਂ ਬਹੂ ਨੂੰ ਪੀੜ੍ਹੀ ਤੇ ਬਿਠਾਇਆ ਜਾਂਦਾ ਸੀ, ਹੁਣ ਉਸ ਨੂੰ ਕੁਰਸੀ ਜਾਂ ਸੋਫ਼ੇ ਤੇ ਬਿਠਾਇਆ ਜਾਂਦਾ ਹੈ। ਆਏ ਗਏ ਨੂੰ ਜਿਥੇ ਪਹਿਲਾਂ ਮੰਜਿਆਂ 'ਤੇ ਬਿਠਾਇਆ ਜਾਂਦਾ ਸੀ, ਉਥੇ ਹੁਣ ਉਨ੍ਹਾਂ ਨੂੰ ਕੁਰਸੀਆਂ 'ਤੇ ਸੋਫਿਆਂ 'ਤੇ ਬਿਠਾਇਆ ਜਾਂਦਾ ਹੈ। ਮੰਜਿਆਂ ਦੀ ਥਾਂ ਬੈੱਡ ਲੈ ਰਹੇ ਹਨ। ਮੰਜਿਆਂ ਅਤੇ ਪੀੜ੍ਹੀਆਂ ਦੀ ਹੁਣ ਪਹਿਲਾਂ ਜਿੰਨੀ ਪ੍ਰਧਾਨਤਾ ਨਹੀਂ ਰਹੀ।

ਹੁਣ ਮੈਂ ਤੁਹਾਨੂੰ ਮੰਜੇ ਅਤੇ ਪੀੜ੍ਹੀ ਦੀ ਬਣਤਰ ਬਾਰੇ ਦੱਸਣ ਜਾ ਰਿਹਾ ਹਾਂ।

ਪਹਿਲੇ ਸਮਿਆਂ ਵਿਚ ਸਾਰੇ ਮੰਜਿਆਂ ਦੀਆਂ ਚੁਗਾਠਾਂ ਲੱਕੜ ਦੀਆਂ ਹੀ ਬਣੀਆਂ ਹੁੰਦੀਆਂ ਸਨ। ਚੁਗਾਠ ਦੇ ਲੰਮੇ ਪਾਸੇ ਲੱਗੀ ਲੱਕੜ ਨੂੰ ਬਾਹੀ ਕਹਿੰਦੇ ਹਨ ਜਿਹੜੀ ਆਮ ਤੌਰ 'ਤੇ 6 ਕੁ ਫੁੱਟ ਲੰਮੀ ਹੁੰਦੀ ਹੈ। ਛੋਟੇ ਚੌੜੇ ਪਾਸੇ ਦੀ ਲੱਕੜ ਨੂੰ ਸੇਰਵਾ ਕਹਿੰਦੇ ਹਨ। ਇਹ ਆਮ ਤੌਰ 'ਤੇ ਤਿੰਨ ਕੁ ਫੁੱਟ ਲੰਮਾ ਹੁੰਦਾ ਹੈ। ਇਨ੍ਹਾਂ ਬਾਹੀਆਂ ਤੇ ਸੇਰਵਿਆਂ ਦੇ ਸਿਰਿਆਂ ਤੇ ਚੂਲ ਪਾਏ ਹੁੰਦੇ ਹਨ। ਇਨ੍ਹਾਂ ਦੇ ਸਿਰਿਆਂ ਦੇ ਢਾਈ ਕੁ ਇੰਚ ਹਿੱਸੇ ਨੂੰ ਘੱਟ ਕਰ ਕੇ ਇਕ ਡੇਢ ਕੁ ਇੰਚ ਦਾ ਚੌਰਸ ਬਣਾ ਦੇਣ ਨੂੰ ਚੂਲ ਪਾਉਣਾ ਕਹਿੰਦੇ ਹਨ। ਮੰਜੇ ਦੇ ਚਾਰ ਪਾਵੇ ਹੁੰਦੇ ਹਨ, ਜਿਹੜੇ ਆਮ ਤੌਰ 'ਤੇ 2 ਕੁ ਫੁੱਟ ਦੇ ਹੁੰਦੇ ਹਨ। ਪਹਿਲੇ ਸਮਿਆਂ ਦੇ ਪਾਵੇ ਸਿੱਧੀ ਲੱਕੜ ਦੇ ਹੀ ਹੁੰਦੇ ਸਨ। ਸਮੇਂ ਦੇ ਗੁਜ਼ਰਨ ਨਾਲ ਪਾਵੇ ਕਈ ਡੀਜ਼ਾਇਨਾਂ ਵਿਚ ਖਰਾਦ ਕੇ ਬਣਾਏ ਜਾਣ ਲੱਗੇ।

ਇਨ੍ਹਾਂ ਪਾਵਿਆਂ ਦੇ ਉਪਰਲੇ ਹਿੱਸੇ ਤੋਂ ਦੋ ਕੁ ਇੰਚ ਹੇਠਾਂ ਕਰ ਕੇ ਉਪਰ ਹੇਠਾਂ ਦੋ ਆਰ ਪਾਰ ਸੁਰਾਖ ਕੱਢੇ ਜਾਂਦੇ ਹਨ। ਇਨ੍ਹਾਂ ਨੂੰ ਸੱਲ ਕਹਿੰਦੇ ਹਨ। ਉਪਰਲੇ ਸੁਰਾਖਾਂ ਵਿਚ ਸੇਰਵੇ ਦੀਆਂ ਚੂਲਾਂ ਫਿੱਟ ਕੀਤੀਆਂ ਜਾਂਦੀਆਂ ਹਨ। ਹੇਠਲੇ ਸੁਰਾਖਾਂ ਵਿਚ ਬਾਹੀਆਂ ਦੀਆਂ ਚੂਲਾਂ ਫਿੱਟ ਕੀਤੀਆਂ ਜਾਂਦੀਆਂ ਹਨ। ਏਸ ਤਰ੍ਹਾਂ ਮੰਜੇ ਦੀ ਚੁਗਾਠ ਬਣ ਜਾਂਦੀ ਹੈ। ਪਹਿਲਾਂ ਅੰਧ ਵਿਸ਼ਵਾਸ, ਵਹਿਮਾਂ-ਭਰਮਾਂ ਦਾ ਯੁੱਗ ਸੀ। ਇਸ ਲਈ ਕਿਹੜਾ ਨਵਾਂ ਕਪੜਾ, ਨਵਾਂ ਗਹਿਣਾ ਕਿਹੜੇ ਦਿਨ ਪਹਿਨਣਾ ਹੁੰਦਾ ਸੀ, ਉਹ ਨੀਯਤ ਕੀਤੇ ਹੋਏ ਸਨ। ਏਸੇ ਤਰ੍ਹਾਂ ਮੰਜਾ ਕਿਹੜੇ ਦਿਨ ਬੁਣਨਾ ਚਾਹੀਦਾ ਸੀ, ਉਹ ਵੀ ਨੀਯਤ ਕੀਤਾ ਹੋਇਆ ਸੀ-

ਬੁੱਧ, ਸਨਿਚਰ ਕਪੜਾ,
ਗਹਿਣਾ ਐਤਵਾਰ।
ਜੇ ਸੁੱਖ ਸੁੱਤਾ ਲੋੜੀਏ, ਮੰਜੀ
ਬੁਣੀਂ ਸੋਮਵਾਰ।

ਪਹਿਲਾਂ ਸਾਰੇ ਮੰਜੇ ਮੁੰਜ ਦੀ ਰੱਸੀ ਨਾਲ ਬੁਣੇ ਜਾਂਦੇ ਸਨ। ਬਾਹੀਆਂ ਵਾਲੇ ਪਾਸੇ ਤੋਂ ਡੇਢ ਕੁ ਫੁੱਟ ਛੱਡ ਕੇ ਮੰਜੇ ਵਿਚ ਮੱਲ ਪਾਇਆ ਜਾਂਦਾ ਹੈ। ਮੱਲ ਵਿਚ ਆਮ ਤੌਰ ਤੇ 12/14 ਰੱਸੀਆਂ ਹੁੰਦੀਆਂ ਹਨ। ਮੱਲ ਦਾ ਜਿਹੜਾ ਹਿੱਸਾ ਬਾਹੀਆਂ ਨਾਲ ਲੱਗਦਾ ਹੁੰਦਾ ਹੈ, ਉਸ ਨੂੰ ਰੱਸੀ ਨਾਲ ਗੁੰਦਿਆ ਜਾਂਦਾ ਹੈ। ਫੇਰ ਮੱਲ ਦੇ ਵਿਚਾਲੇ ਇਕ ਡੰਡਾ ਪਾ ਕੇ ਮੱਲ ਨੂੰ ਵੱਟ ਦਿੱਤਾ ਜਾਂਦਾ ਹੈ। ਫੇਰ ਡੰਡੇ ਨੂੰ ਸੇਰਵੇ ਉਪਰ ਰੱਖ ਦਿੱਤਾ ਜਾਂਦਾ ਹੈ। ਮੱਲ ਦੇ ਇਕ ਖੂੰਜੇ ਤੋਂ ਤਿਰਛੇ ਲੋਟ ਵਾਲੇ ਪਾਵੇ ਵਿਚ ਪਹਿਲਾਂ ਦੋ ਜਾਂ ਚਾਰ ਰੱਸੀਆਂ ਵਗਾਈਆਂ ਜਾਂਦੀਆਂ ਹਨ। ਇਨ੍ਹਾਂ ਰੱਸੀਆਂ ਨੂੰ 'ਜੀ ਪਾਉਣਾ' ਕਹਿੰਦੇ ਹਨ। ਜੀ ਪਾਉਣ ਪਿੱਛੋਂ ਤਾਣਾ ਪਾਇਆ ਜਾਂਦਾ ਹੈ। ਫੇਰ ਪੇਟਾ ਪਾਉਂਦੇ ਹੋਏ ਮੰਜਾ ਬੁਣ ਕੇ ਮੁਕੰਮਲ ਕੀਤਾ ਜਾਂਦਾ ਹੈ। ਮੰਜਿਆਂ ਵਿਚ ਕਈ ਕਿਸਮ ਦੀਆਂ ਬੁਣਤੀਆਂ ਪਾਈਆਂ ਜਾਂਦੀਆਂ ਸਨ। ਕੋਈ 9 ਲੜੀਆਂ ਦੀ, ਕੋਈ 12 ਲੜੀਆਂ ਦੀ ਬੁਣਤੀ ਹੁੰਦੀ ਸੀ। ਕੋਈ ਚੌਰਸ ਡੱਬੀ ਦੀ ਬੁਣਤੀ ਹੁੰਦੀ ਸੀ। ਹੋਰ ਬਹੁਤ ਸਾਰੀਆਂ ਬੁਣਤੀਆਂ ਹੁੰਦੀਆਂ ਸਨ। ਜਦ ਮੰਜਾ ਬੁਣਿਆ ਜਾਂਦਾ ਸੀ, ਫੇਰ ਮੰਜੇ ਵਿਚ ਦੌਣ ਪਾਈ ਜਾਂਦੀ ਸੀ। ਦੌਣ ਨੂੰ ਕਸ ਕੇ ਫੇਰ ਮੱਲ ਵਿਚ ਪਾਇਆ ਡੰਡਾ ਕੱਢ ਦਿੱਤਾ ਜਾਂਦਾ ਸੀ। ਏਸ ਤਰ੍ਹਾਂ ਮੰਜੇ ਦੀ ਬੁਣਤੀ ਪੂਰੀ ਹੋ ਜਾਂਦੀ ਸੀ। ਮੁੰਜ ਦੇ ਵਾਣ੍ਹ ਤੋਂ ਪਿੱਛੋਂ ਸਣ ਦੀ ਰੱਸੀ ਨਾਲ ਮੰਜੇ ਬੁਣੇ ਜਾਣ ਲੱਗੇ। ਫੇਰ ਸਣ ਦੀ ਰੱਸੀ ਨੂੰ ਰੰਗ ਕੇ ਮੰਜੇ ਬਣਾਉਣ ਦਾ ਰਿਵਾਜ ਪਿਆ। ਭਾਂਤ ਭਾਂਤ ਦੇ ਰੰਗਾਂ ਨਾਲ ਭਾਂਤ ਭਾਂਤ ਦੇ ਡੀਜ਼ਾਇਨ ਪਾਏ ਜਾਣ ਲੱਗੇ। ਚਿੜੀਆਂ, ਘੁੱਗੀਆਂ, ਮੋਰ, ਸ਼ੇਰਾਂ ਆਦਿ ਦੇ ਡੀਜ਼ਾਇਨ ਮੰਜਿਆਂ ਵਿਚ ਉਨ੍ਹਾਂ ਸਮਿਆਂ ਵਿਚ ਪਾਏ ਜਾਂਦੇ ਸਨ। ਉਸ ਤੋਂ ਪਿਛੋਂ ਸੂਤ ਅਤੇ ਨਮਾਰ ਦੇ ਮੰਜੇ ਬੁਣੇ ਜਾਣ ਲੱਗੇ। ਪੀੜ੍ਹੀ ਆਮ ਤੌਰ ਤੇ ਡੇਢ ਫੁੱਟ ਚੌੜੀ ਤੇ ਦੋ ਕੁ ਫੁੱਟ ਲੰਮੀ ਹੁੰਦੀ ਹੈ। 8/10 ਇੰਚ ਉੱਚੀ ਹੁੰਦੀ ਹੈ। ਮੰਜੇ ਦੀ ਚੁਗਾਠ ਦੀ ਤਰ੍ਹਾਂ ਹੀ ਪੀੜ੍ਹੀ ਦੀ ਚੁਗਾਠ ਬਣਦੀ ਹੈ। ਪੀੜ੍ਹੀ ਦੀ ਚੁਗਾਠ ਛੋਟੀ ਹੁੰਦੀ ਹੈ। ਮੰਜੇ ਦੀ ਚੁਗਾਠ ਬੜੀ ਹੁੰਦੀ ਹੈ। ਮੰਜੇ ਦੀ ਤਰ੍ਹਾ ਹੀ ਪੀੜ੍ਹੀ ਬੁਣੀ ਜਾਂਦੀ ਹੈ। ਦੌਣ ਪਾਈ ਜਾਂਦੀ ਹੈ। ਪਹਿਲਾਂ ਪੀੜ੍ਹੀਆ ਮੁੰਜ ਦੇ ਵਾਣ੍ਹ ਦੀ ਰੱਸੀ ਨਾਲ ਬੁਣੀਆਂ ਜਾਂਦੀਆਂ ਸਨ। ਫ਼ਿਰ ਸਣ ਦੇ ਵਾਣ੍ਹ ਨਾਲ ਤੇ ਫੇਰ ਸਣ ਦੇ ਵਾਣ੍ਹ ਨੂੰ ਰੰਗ ਕੇ ਬਣਾਈਆਂ ਜਾਂਦੀਆਂ ਹਨ। ਮੰਜਿਆਂ ਦੀ ਤਰ੍ਹਾ ਡੀਜ਼ਾਇਨ ਪਾਏ ਜਾਂਦੇ ਸਨ। ਇਹ ਸੀ ਮੰਜੇ ਅਤੇ ਪੀੜ੍ਹੀਆਂ ਦੀ ਬੁਣਨ ਦੀ ਵਿਧੀ। ਜਾਂਦੇ ਜਾਂਦੇ ਪੀੜ੍ਹੀਆਂ ਤੇ ਇਕ ਅਖਾਣ ਵੀ ਸੁਣਦੇ ਜਾਓ-

'ਦਰਜੀਆਂ ਦੇ ਕੱਪੜੇ ਪਾਟੇ ਤੇ ਤਰਖਾਣਾਂ ਦੇ ਮੰਜੇ ਸਦਾ ਹੀ ਟੁੱਟੇ ਰਹਿੰਦੇ ਹਨ।

# ਇੰਟਰਨੈੱਟ 'ਤੇ ਅੰਗਰੇਜ਼ੀ ਦੀ ਪ੍ਰਧਾਨਤਾ ਕਰਕੇ ਖੇਤਰੀ

ਕੰਪਿਊਟਰ ਅਤੇ ਇੰਟਰਨੈੱਟ ਦੇ ਚਾਲੂ ਯੁੱਗ ਵਿਚ ਇਕ ਅਜਿਹੀ ਭਾਸ਼ਾ ਵਿਕਸਿਤ ਹੋ ਚੁੱਕੀ ਹੈ ਅਤੇ ਪਨਪ ਰਹੀ ਹੈ ਜਿਸ ਨੂੰ 'ਗਲੋਬਿਸ਼' ਕਿਹਾ ਜਾਣ ਲੱਗਾ ਹੈ। ਗਲੋਬਲ ਅਤੇ ਇੰਗਲਿਸ਼ ਤੋਂ ਗਲੋਬਿਸ਼ ਸ਼ਬਦ ਬਣਿਆ ਹੈ ਅਤੇ ਇਸ ਨਾਂਅ ਦੀ ਕਿਤਾਬ ਬਰਤਾਨਵੀ ਲੇਖਕ ਅਤੇ ਪੱਤਰਕਾਰ ਰਾਬਰਟ ਮੈਕਰੋਮ ਨੇ ਲਿਖੀ ਹੈ ਜਿਸ ਵਿਚ ਅੰਗਰੇਜ਼ੀ ਸੰਸਾਰ ਦੀ (ਦੂਸਰੀ) ਭਾਸ਼ਾ ਕਿਵੇਂ ਬਣੀ? ਬਾਰੇ ਵਿਸਥਾਰ ਦਿੱਤਾ ਗਿਆ ਹੈ। ਚੀਨੀ ਜਾਂ ਮੈਂਡਰਿਨ ਅਜੇ ਵੀ ਸੰਸਾਰ ਵਿਚ ਸਭ ਤੋਂ ਵੱਧ ਬੋਲੀ ਜਾਂਦੀ ਭਾਸ਼ਾ ਹੈ ਅਤੇ ਇਸ ਦਾ ਕਾਰਨ ਚੀਨ ਦੀ ਆਬਾਦੀ ਹੈ। ਅੰਗਰੇਜ਼ੀ ਸੰਸਾਰ ਦੀ ਦੂਸਰੀ ਵੱਡੀ ਭਾਸ਼ਾ ਹੈ ਪਰ ਆਧੁਨਿਕ ਯੁੱਗ ਵਿਚ ਇਸ ਭਾਸ਼ਾ ਦੇ ਫੈਲਾਅ ਤੋਂ ਇਹ ਅੰਦਾਜ਼ਾ ਲਗਾਇਆ ਜਾਣ ਲੱਗਾ ਹੈ ਕਿ ਇਕ ਦਿਨ ਅੰਗਰੇਜ਼ੀ ਇਸ ਧਰਤੀ 'ਤੇ ਵਸਦੇ ਲੋਕਾਂ ਦੀ ਇਕ ਨੰਬਰ ਭਾਸ਼ਾ ਬਣ ਜਾਵੇਗੀ।

ਦੁਨੀਆ ਵਿਚ ਕੰਪਿਊਟਰ ਦੇ ਕੀ-ਬੋਰਡ ਦੀ ਕਲਿੱਕ ਰਾਹੀਂ ਅੰਗਰੇਜ਼ੀ ਹੀ ਸਭ ਤੋਂ ਜ਼ਿਆਦਾ ਵਰਤੀ ਜਾਣ ਵਾਲੀ ਭਾਸ਼ਾ ਹੈ। ਭਾਰਤ ਵਿਚ ਹਿੰਦੀ ਤੋਂ ਬਾਅਦ ਅੰਗਰੇਜ਼ੀ ਦੂਸਰੀ ਸਰਕਾਰੀ ਭਾਸ਼ਾ ਹੈ ਪਰ ਸਰਕਾਰੀ ਪੱਤਰ-ਵਿਹਾਰ ਤੋਂ ਇਹੀ ਪ੍ਰਭਾਵ ਮਿਲਦਾ ਰਹਿੰਦਾ ਹੈ ਕਿ ਅੰਗਰੇਜ਼ੀ ਦੀ ਪ੍ਰਧਾਨਤਾ ਹੈ। ਇਸ ਮੁਲਕ ਵਿਚ 18 ਖੇਤਰੀ ਭਾਸ਼ਾਵਾਂ ਨੂੰ ਤਾਂ ਸਰਕਾਰੀ ਮਾਨਤਾ ਹੈ ਪਰ 1961 ਦੀ ਜਨਸੰਖਿਆ ਅਨੁਸਾਰ ਦੇਸ਼ ਵਿਚ 1652 ਖੇਤਰੀ ਭਾਸ਼ਾਵਾਂ ਪ੍ਰਚਲਿਤ ਸਨ ਪਰ ਹੁਣ 'ਜ਼ਿੰਦਾ' ਬੋਲੀਆਂ ਦੀ ਗਿਣਤੀ 400 ਦੇ ਕਰੀਬ ਹੀ ਰਹਿ ਗਈ ਦੱਸੀ ਜਾਂਦੀ ਹੈ। ਬੋਲੀਆਂ ਦੇ ਘਟਣ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਦਾ ਇਸਤੇਮਾਲ ਕਰਨ ਵਾਲਿਆਂ ਦੀ ਅਣਗਹਿਲੀ ਅਤੇ 'ਸੁਸਤੀ' ਸਮਝਿਆ ਜਾਂਦਾ ਹੈ। ਇਹ 'ਸੁਸਤੀ' ਹੀ ਗਲੋਬਿਸ਼ ਦੇ ਉਭਾਰ ਦਾ ਕਾਰਨ ਬਣ ਰਹੀ ਹੈ। ਚੀਨੀ ਲੋਕਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਚੀਨ ਵਿਚ ਮੈਂਡਰਿਨ ਬੋਲਣ ਨੂੰ ਪ੍ਰਮੁੱਖਤਾ ਦਿੰਦੇ ਹਨ ਅਤੇ ਚੀਨ ਤੋਂ ਬਾਹਰ ਵਿਚਰਨ ਲਈ ਅੰਗਰੇਜ਼ੀ ਦਾ ਗਿਆਨ ਲੈਂਦੇ ਹਨ ਪਰ ਭਾਰਤੀਆਂ ਬਾਰੇ ਆਮ ਕਥਨ ਹੈ ਕਿ ਉਹ ਭਾਰਤ ਵਿਚ ਹੀ ਆਪਣੀਆਂ ਬੋਲੀਆਂ ਨੂੰ ਤਿਲਾਂਜਲੀ ਦੇ ਕੇ (ਬਹੁਤੇ ਗਿਆਨਵਾਨ ਹੋਣ ਦਾ ਭਰਮ ਪਾਲਣ ਲਈ) ਅੰਗਰੇਜ਼ੀ ਦੇ ਲੜ ਲਗਦੇ ਹਨ।

ਯੂਰਪੀ ਮੁਲਕ ਆਪਣੀ ਬੋਲੀ ਪ੍ਰਤੀ ਸਮਰਪਿਤ ਰਹਿਣ ਵਾਲੀਆਂ ਜਾਗਰੂਕ ਕੌਮਾਂ ਸਮਝੀਆਂ ਜਾਂਦੀਆਂ ਰਹੀਆਂ ਹਨ। 1990ਵਿਆਂ ਤੱਕ ਵੀ ਜਰਮਨੀ, ਫਰਾਂਸ, ਡੈਨਮਾਰਕ, ਸਪੇਨ, ਅਸਟਰੀਆ, ਸਵਿਟਜ਼ਰਲੈਂਡ, ਇਟਲੀ, ਸਵੀਡਨ, ਨਾਰਵੇ, ਹਾਲੈਂਡ, ਫਿਨਲੈਂਡ ਆਦਿ ਮੁਲਕਾਂ ਵਿਚ ਅੰਗਰੇਜ਼ੀ ਤੋਂ ਕੰਨੀਂ ਕਤਰਾਈ ਜਾਂਦੀ ਸੀ ਅਤੇ ਉਨ੍ਹਾਂ ਦੇਸ਼ਾਂ ਦੀਆਂ ਆਪਣੀਆਂ ਬੋਲੀਆਂ ਵਿਚ ਵਿਦਿਅਕ ਅਦਾਰਿਆਂ ਦੇ ਸਿਲੇਬਸਾਂ ਦੀਆਂ ਕਿਤਾਬਾਂ, ਇਤਿਹਾਸ ਅਤੇ ਸਾਹਿਤ ਰਚੇ ਜਾਣ ਨੂੰ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਹੈ। ਵਿਦਿਅਕ ਅਦਾਰਿਆਂ ਵਿਚ ਬੱਚਿਆਂ ਨੂੰ ਮੁਢਲੀ ਸਿੱਖਿਆ ਲੋਕਲ ਜਾਂ ਮਾਂ-ਬੋਲੀ ਵਿਚ ਦਿੱਤੀ ਜਾਂਦੀ ਸੀ ਤਾਂ ਕਿ ਉਹ ਆਪਣੀ ਬੋਲੀ ਵਿਚ ਪ੍ਰਪੱਕ ਰਹਿਣ। ਉਨ੍ਹਾਂ ਦੇਸ਼ਾਂ ਦੇ ਭਾਸ਼ਾਈ ਖੋਜੀਆਂ ਦੇ ਸਿਰੜ ਸਦਕਾ ਉੱਚ-ਵਿੱਦਿਆ ਲਈ ਵੀ ਅਜਿਹੇ ਪੁਖਤਾ ਪ੍ਰਬੰਧ ਕੀਤੇ ਗਏ ਕਿ ਅਧਿਆਪਕਾਂ ਜਾਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਕਿਤਾਬਾਂ 'ਤੇ ਨਿਰਭਰ ਨਹੀਂ ਰਹਿਣਾ ਪੈਂਦਾ ਸੀ ਜਾਂ ਅਜਿਹੀ ਨਿਰਭਰਤਾ ਦੇ ਬਹਾਨੇ ਆਪਣੀ ਭਾਸ਼ਾ ਨੂੰ ਦਰ-ਕਿਨਾਰ ਨਹੀਂ ਸੀ ਕੀਤਾ ਜਾਂਦਾ। ਜਰਮਨੀ ਅਤੇ ਫਰਾਂਸ ਦੇ ਲੋਕ ਗੁਆਂਢੀ ਮੁਲਕਾਂ ਦੀ ਫੇਰੀ ਮੌਕੇ ਦੂਸਰਿਆਂ ਨਾਲ ਗੱਲਬਾਤ ਕਰਨ ਲਈ 'ਡੂਯੂਸਪੀਕ ਇੰਗਲਿਸ਼' ਨਹੀਂ ਪੁੱਛਦੇ ਸਗੋਂ 'ਸ਼ਪਰੇਖਨ ਜ਼ੀ ਡੁਇਚ' (ਕੀ ਤੁਸੀਂ ਜਰਮਨ ਬੋਲਦੇ ਹੋ?) ਅਤੇ 'ਪਾਰਲੇ ਵੂ ਫ੍ਰਾਂਸੇ' (ਕੀ ਤੁਸੀਂ ਫਰੈਂਚ ਬੋਲਦੇ ਹੋ?) ਪੁੱਛਣ ਦੇ ਆਦੀ ਸਨ।

ਇਨ੍ਹਾਂ ਯੂਰਪੀ ਮੁਲਕਾਂ ਦੇ ਨੀਤੀਘਾੜੇ ਇਸ ਗੱਲ ਦਾ ਖਿਆਲ ਰੱਖਿਆ ਕਰਦੇ ਸਨ ਕਿ ਉਨ੍ਹਾਂ ਦੀ ਬੋਲੀ 'ਤੇ ਅੰਗਰੇਜ਼ੀ ਦਾ ਪ੍ਰਛਾਵਾਂ ਨਾ ਪਵੇ। ਫਰਾਂਸ ਦੇ ਲੋਕਾਂ ਨੂੰ ਫਰੈਂਚ ਪ੍ਰਤੀ ਲਗਾਓ ਦੀ ਗੁੜ੍ਹਤੀ ਇਸ ਕਦਰ ਦਿੱਤੀ ਜਾਂਦੀ ਰਹੀ ਹੈ ਕਿ ਜੇਕਰ ਉਨ੍ਹਾਂ ਨਾਲ ਕੋਈ ਵਿਦੇਸ਼ੀ ਵਿਅਕਤੀ ਅੰਗਰੇਜ਼ੀ ਵਿਚ ਗੱਲ ਕਰਦਾ ਤਾਂ ਉਹ ਲੋਕ ਉਸ ਗੱਲ ਦਾ ਜਵਾਬ ਫਰੈਂਚ ਵਿਚ ਦਿਆ ਕਰਦੇ ਸਨ। ਉਨ੍ਹਾਂ ਦਾ ਤਰਕ ਇਹ ਹੁੰਦਾ ਸੀ ਕਿ ਫਰਾਂਸ ਵਿਚ ਰਹਿਣ ਵਾਲੇ ਵਿਅਕਤੀ ਨੂੰ ਫਰੈਂਚ ਸਿੱਖਣੀ ਚਾਹੀਦੀ ਹੈ। ਪਰ ਹੁਣ ਬਦਲੇ ਹੋਰ ਦੌਰ 'ਚ ਫਰਾਂਸੀਸੀਆਂ ਦੀ ਅੰਗਰੇਜ਼ੀ ਪ੍ਰਤੀ ਨਫ਼ਰਤ ਵੀ ਘਟੀ ਹੈ ਅਤੇ ਅੰਗਰੇਜ਼ੀ ਪ੍ਰਤੀ ਉਨ੍ਹਾਂ ਦਾ ਰਵੱਈਆ ਨਰਮ ਹੋ ਗਿਆ ਹੈ। ਬੀਤੇ ਡੇਢ ਕੁ ਦਹਾਕੇ ਤੋਂ ਸਮੇਂ ਨਾਲ ਕਦਮ ਮਿਲਾਉਂਦਿਆਂ ਆਪਣੀ ਬੋਲੀ ਨੂੰ ਕੱਟੜਤਾ ਨਾਲ ਅੱਗੇ ਰੱਖਣ ਵਾਲੇ ਦੇਸ਼ ਵੀ ਵਿਦਿਅਕ ਅਦਾਰਿਆਂ ਵਿਚ ਅੰਗਰੇਜ਼ੀ ਨੂੰ ਅਹਿਮੀਅਤ ਨਾਲ ਪੜ੍ਹਾਉਣ ਲੱਗ ਪਏ ਹਨ ਤਾਂ ਕਿ ਵਧ ਰਹੇ ਕੌਮਾਂਤਰੀਕਰਨ ਦੇ ਦੌਰ ਵਿਚ ਉਨ੍ਹਾਂ ਦੇ ਨਾਗਰਿਕ 'ਗੂੰਗੇ' ਬਣਨ ਲਈ ਮਜਬੂਰ ਨਾ ਹੋਣ। ਇਸ ਦੀ ਇਕ ਮਿਸਾਲ ਸਵਿਟਜ਼ਰਲੈਂਡ ਹੈ ਜਿਥੇ ਦੇ ਪ੍ਰਾਇਮਰੀ ਸਕੂਲਾਂ ਵਿਚ ਅੰਗਰੇਜ਼ੀ ਕਦੇ ਲਾਜ਼ਮੀ ਵਿਸ਼ੇ ਵਜੋਂ ਨਹੀਂ ਪੜ੍ਹਾਈ ਜਾਂਦੀ ਸੀ ਪਰ ਉਥੋਂ ਦੇ ਸਭ ਤੋਂ ਵੱਡੇ ਸੂਬੇ ਜ਼ਿਊਰਿਖ ਦੇ ਸਕੂਲਾਂ ਵਿਚ ਸੰਨ 2000 ਵਿਚ (ਮਾਂ-ਬੋਲੀ ਤੋਂ ਬਾਅਦ) ਦੂਸਰੀ ਭਾਸ਼ਾ ਵਜੋਂ ਅੰਗਰੇਜ਼ੀ ਦੀ ਸਿੱਖਿਆ ਲਾਜ਼ਮੀ ਵਿਸ਼ੇ ਵਜੋਂ ਲਿਆਂਦੀ ਗਈ ਬੀਤੇ ਦਹਾਕੇ ਦੇ ਯੂਰਪੀ ਹਵਾਈ ਅੱਡਿਆਂ 'ਤੇ ਇਸ ਕਿਸਮ ਦਾ ਸੱਭਿਆਚਾਰ 'ਵਿਕਸਿਤ' ਹੋ ਚੁੱਕਾ ਹੈ ਕਿ ਉਥੇ ਕੰਮ ਕਰਦੇ ਸਟਾਫ਼ ਵੱਲੋਂ ਵਿਅਕਤੀ ਦੀ ਚਮੜੀ ਦੇ ਰੰਗ ਤੋਂ ਇਹ ਅੰਦਾਜ਼ਾ ਲਗਾ ਲਿਆ ਜਾਂਦਾ ਹੈ ਕਿ ਉਹ ਫਰੈਂਚ ਜਾਂ ਕੋਈ ਹੋਰ ਯੂਰਪੀ ਭਾਸ਼ਾ ਨਹੀਂ ਬੋਲ ਸਕਦਾ/ਸਕਦੀ ਹੋਵੇਗੀ ਅਤੇ ਉਸ ਨਾਲ ਸਿੱਧੀ ਅੰਗਰੇਜ਼ੀ ਵਿਚ ਹੀ ਗੱਲਬਾਤ ਕੀਤੀ ਜਾਂਦੀ ਹੈ। ਕਾਲੀ/ਭੂਰੀ ਚਮੜੀ ਵਾਲਿਆਂ ਨਾਲ ਅੰਗਰੇਜ਼ੀ ਪਰ ਗੋਰੀ ਚਮੜੀ ਵਾਲਿਆਂ ਨਾਲ ਆਪਣੀ ਭਾਸ਼ਾ ਵਿਚ ਗੱਲਬਾਤ ਕਰਨ ਵਾਲੇ ਹਵਾਈ ਕੰਪਨੀਆਂ ਦੇ ਕਰਮਚਾਰੀ ਉਸ ਵਕਤ ਸ਼ਰਮਸਾਰ ਹੋ ਜਾਂਦੇ ਹਨ ਜਦ ਕਾਲਾ/ਗੋਰਾ ਬੰਦਾ ਅੱਗੋਂ ਜਵਾਬ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਦਿੰਦਾ ਹੈ। ਇਸ ਸ਼ਰਮਿੰਦਗੀ ਦਾ ਆਲਮ ਉਸ ਵਕਤ ਹੋਰ ਵੀ ਸੰਜੀਦਾ ਹੋ ਜਾਂਦਾ ਹੈ ਜਦ ਉਹ ਕਰਮਚਾਰੀ ਗੋਰੇ ਜਾਂ ਗੋਰੀਆਂ ਨਾਲ ਆਪਣੀ ਮਾਤ-ਭਾਸ਼ਾ ਬੋਲਣੀ ਸ਼ੁਰੂ ਕਰਦੇ ਹਨ ਪਰ ਅੱਗੋਂ ਜਵਾਬ ਅੰਗਰੇਜ਼ੀ ਵਿਚ ਮਿਲਦਾ ਹੈ। ਉਨ੍ਹਾਂ ਦੇਸ਼ਾਂ ਵਿਚ ਰੈਸਟੋਰੈਂਟਾਂ, ਹੋਟਲਾਂ, ਬਾਰਾਂ, ਸਿਨੇਮਿਆਂ ਆਦਿ ਦੇ ਕਾਊਂਟਰਾਂ 'ਤੇ ਦ੍ਰਿਸ਼ ਇਸ ਤੋਂ ਵੱਖਰਾ ਨਹੀਂ ਹੈ। ਬੀਤੇ ਵਰ੍ਹਿਆਂ ਦੌਰਾਨ ਕੌਮਾਂਤਰੀ ਪੱਧਰ 'ਤੇ ਵੱਖ-ਵੱਖ ਦੇਸ਼ਾਂ ਵਿਚਕਾਰ ਆਰਥਿਕ ਅਤੇ ਤਕਨੀਕੀ ਸਾਂਝਾਂ ਵਧਣ ਮਗਰੋਂ ਇਕ ਸਾਂਝੀ ਭਾਸ਼ਾ ਦੀ ਲੋੜ ਮਹਿਸੂਸ ਹੋਈ। ਤਿੰਨ ਡਬਲਿਊਜ਼ ਵਰਲਡ ਵਾਇਡ ਵੈਬ ਦੀ ਪ੍ਰਫੁਲਿਤਾ ਨਾਲ ਇਹ ਲੋੜ ਸਾਰਥਿਕ ਬਣਦੀ ਗਈ। ਸੰਸਾਰ ਦੀ ਆਰਥਿਕਤਾ ਅਤੇ ਨਵੀਨਤਮ ਤਕਨੀਕਾਂ ਦੀਆਂ ਤੰਦਾਂ ਕੁਝ ਗਿਣੇ-ਚੁਣੇ ਪੱਛਮੀ ਮੁਲਕਾਂ ਖਾਸ ਤੌਰ 'ਤੇ ਅਮਰੀਕਾ, ਕੈਨੇਡਾ, ਬਰਤਾਨੀਆ ਦੇ ਹੱਥਾਂ ਵਿਚ ਹੋਣ ਕਾਰਨ ਅੰਗਰੇਜ਼ੀ ਵਿਚ ਹੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦੀ ਪ੍ਰੰਪਰਾ ਵਿਕਸਿਤ ਹੋ ਗਈ। ਕੰਪਿਊਟਰ ਅਤੇ ਇੰਟਰਨੈੱਟ ਦੀ ਸ਼ੁਰੂਆਤ ਅਮਰੀਕਾ ਤੋਂ ਹੋਈ ਅਤੇ ਇਹ ਸ਼ੁਰੂਆਤ ਅੰਗਰੇਜ਼ੀ ਵਿਚ ਕੰਪਿਊਟਰ ਨਾਲ ਕੰਮਕਾਜ ਕਰਨ ਤੋਂ ਹੋਈ।

# ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੇ ਯਤਨ ਲਿਆਏ ਰੰਗ, ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਮਿਲੀ ਗਤੀ




ਪੰਚਕੂਲਾ 11 ਜੂਨ (ਪ.ਪ.) : ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੇ ਯਤਨ ਰੰਗ ਲਿਆਏ ਹਨ ਅਤੇ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਨਵੀਂ ਗਤੀ ਮਿਲੀ ਹੈ। ਅਨੇਕਾਂ ਕੰਪਨੀਆਂ ਜਿੱਥੇ ਆਪਣੇ ਪਲਾਂਟ ਲਗਾਉਣ ਲਈ ਹਰਿਆਣਾ ਨੂੰ ਤਰਜੀਹ ਦੇ ਰਹੀਆਂ ਹਨ, ਉੱਥੇ ਹੀ 1.10 ਲੱਖ ਕਰੋੜ ਰੁਪਏ ਦੇ ਐਮਓਯੂ ਹਸਤਾਖਰਿਤ ਹੋਏ ਹਨ, ਜਿਨ੍ਹਾਂ ਨਾਲ ਸੂਬੇ ਵਿੱਚ ਨਾ ਸਿਰਫ਼ ਨਿਵੇਸ਼ ਵਧਿਆ ਹੈ, ਸਗੋਂ ਨੌਜਵਾਨਾਂ ਲਈ ਹਜ਼ਾਰਾਂ ਰੁਜ਼ਗਾਰ ਦੇ ਮੌਕੇ ਵੀ ਖੁੱਲ੍ਹੇ ਹਨ।ਇਸ ਸਬੰਧੀ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਤੇ ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੇ ਸਹਿ-ਅਧਿਆਕਸ਼ ਅਰੁਣ ਕੁਮਾਰ ਗੁਪਤਾ ਦੀ ਅਗਵਾਈ ਹੇਠ ਆਯੋਜਿਤ ਮੀਟਿੰਗ ਵਿੱਚ ਕਈ ਮਹੱਤਵਪੂਰਨ ਫੈਸਲੇ ਲਏ ਗਏ, ਜਿਨ੍ਹਾਂ ਵਿੱਚ ਜ਼ਮੀਨ ਅਲਾਟਮੈਂਟ ਤੋਂ ਲੈ ਕੇ ਵੱਖ-ਵੱਖ ਉਦਯੋਗਿਕ ਸਮੂਹਾਂ ਦੇ ਪ੍ਰਸਤਾਵਾਂ 'ਤੇ ਵੀ ਵਿਚਾਰ-ਵਟਾਂਦਰਾ ਕਰਕੇ ਮਨਜ਼ੂਰੀ ਦਿੱਤੀ ਗਈ। ਈਈਸੀ ਮੀਟਿੰਗ ਵਿੱਚ ਸੋਹਨਾ, ਬਾਵਲ, ਬਰਹੀ ਅਤੇ ਧਾਠੇੜਾ ਉਦਯੋਗਿਕ ਖੇਤਰਾਂ ਵਿੱਚ 36 ਏਕੜ ਤੋਂ ਵੱਧ ਜ਼ਮੀਨ ਦੇ ਅਲਾਟਮੈਂਟ ਨੂੰ ਮਨਜ਼ੂਰੀ ਦਿੱਤੀ ਗਈ।ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਗੁਰੂਗ੍ਰਾਮ ਨਿਵੇਸ਼ ਸੰਮੇਲਨ ਦਾ ਆਯੋਜਨ ਕੀਤਾ, ਜਿਸ ਵਿੱਚ ਦੇਸ਼ ਅਤੇ ਵਿਦੇਸ਼ ਦੇ ਉਦਯੋਗਿਕ ਸਮੂਹਾਂ ਨੇ ਹਿੱਸਾ ਲਿਆ ਅਤੇ ਹਰਿਆਣਾ ਵਿੱਚ ਨਿਵੇਸ਼ ਲਈ ਸਹਿਮਤੀ ਪ੍ਰਗਟਾਈ। ਸਿਰਫ ਇੱਕ ਹਫ਼ਤੇ ਦੇ ਅੰਦਰ ਹੀ ਨਿਗਮ ਵੱਲੋਂ ਸੱਤ ਪ੍ਰਮੁੱਖ ਕੰਪਨੀਆਂ ਨੂੰ ਉਦਯੋਗਿਕ ਜ਼ਮੀਨ ਅਲਾਟ ਕਰਕੇ ਤੇਜ਼ ਅਤੇ ਪ੍ਰਭਾਵਸ਼ਾਲੀ ਪ੍ਰਸ਼ਾਸਨ ਦੀ ਮਿਸਾਲ ਪੇਸ਼ ਕੀਤੀ ਗਈ ਹੈ। ਇਨ੍ਹਾਂ ਪ੍ਰੋਜੈਕਟਾਂ ਰਾਹੀਂ 1,315.70 ਕਰੋੜ ਰੁਪਏ ਦੇ ਨਿਵੇਸ਼ ਦਾ ਪ੍ਰਸਤਾਵ ਹੈ, ਜਿਸ ਨਾਲ 5,000 ਤੋਂ ਵੱਧ ਰੁਜ਼ਗਾਰ ਦੇ ਮੌਕੇ ਸਿਰਜਣ ਦੀ ਸੰਭਾਵਨਾ ਹੈ। ਮਨਜ਼ੂਰਸ਼ੁਦਾ ਪ੍ਰੋਜੈਕਟਾਂ ਵਿੱਚ ਟ੍ਰੌਨਟੈਕ ਇਲੈਕਟ੍ਰਾਨਿਕਸ ਲਿਮਿਟੇਡ ਦਾ 790 ਕਰੋੜ ਰੁਪਏ ਦਾ ਮੇਗਾ ਨਿਵੇਸ਼, ਓਰੀਐਂਟ ਫੈਸ਼ਨ ਐਕਸਪੋਰਟਰਜ਼ ਵੱਲੋਂ 51.50 ਕਰੋੜ ਰੁਪਏ, ਬੋਲਹੌਫ ਫਾਸਟਨਿੰਗ ਵੱਲੋਂ 116.06 ਕਰੋੜ ਰੁਪਏ, ਮੈਕਕੋਰ ਇੰਡਸਟਰੀਜ਼ ਵੱਲੋਂ 45.47 ਕਰੋੜ ਰੁਪਏ, ਪਾਰਸ ਪਾਲੀਮਰਜ਼ ਵੱਲੋਂ 170 ਕਰੋੜ ਰੁਪਏ, ਰਿਚਾਕੋ ਐਕਸਪੋਰਟਸ ਵੱਲੋਂ 92.97 ਕਰੋੜ ਰੁਪਏ ਸਮੇਤ ਹੋਰ ਉਦਯੋਗਿਕ ਇਕਾਈਆਂ ਦੇ ਪ੍ਰੋਜੈਕਟ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਨਿਵੇਸ਼ਕਾਂ ਨੂੰ ਪਾਰਦਰਸ਼ੀ, ਤੁਰੰਤ ਅਤੇ ਭਰੋਸੇਯੋਗ ਉਦਯੋਗਿਕ ਮਾਹੌਲ ਉਪਲਬਧ ਕਰਵਾਇਆ ਜਾ ਰਿਹਾ ਹੈ। ਨਿਵੇਸ਼ ਸੰਮੇਲਨ ਦੇ ਕੁਝ ਹੀ ਦਿਨਾਂ ਅੰਦਰ ਜ਼ਮੀਨ ਅਲਾਟਮੈਂਟ ਦੀ ਪ੍ਰਕਿਰਿਆ ਪੂਰੀ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਹਰਿਆਣਾ ਵਿੱਚ 'ਸਪੀਡ ਆਫ ਡੂਇੰਗ ਬਿਜ਼ਨਸ' ਕੇਵਲ ਨੀਤਿਗਤ ਘੋਸ਼ਣਾ ਨਹੀਂ।



# ਭਾਜਪਾ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਦੇ ਸਵਾਗਤ ਲਈ ਯੁਵਾ ਮੋਰਚਾ ਨੇ ਕੱਸਿਆ ਕਮਰ - ਨਿਸ਼ਚਲ ਚੌਧਰੀ

ਜਗਾਧਰੀ , 11 ਜੂਨ (ਪ.ਪ.) : : ਭਾਰਤੀ ਜਨਤਾ ਯੁਵਾ ਮੋਰਚਾ (ਬੀਜੇਵਾਈਐਮ) ਯਮੁਨਾਨਗਰ ਵੱਲੋਂ ਭਾਜਪਾ ਦੀ ਨਵ-ਨਿਯੁਕਤ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਦੇ 13 ਜੂਨ ਨੂੰ ਜਗਾਧਰੀ ਵਿਖੇ ਹੋਣ ਵਾਲੇ ਸਵਾਗਤ ਅਤੇ ਸਨਮਾਨ ਸਮਾਰੋਹ ਦੀਆਂ ਤਿਆਰੀਆਂ ਨੂੰ ਲੈ ਕੇ ਭਾਜਪਾ ਜ਼ਿਲ੍ਹਾ ਦਫ਼ਤਰ ਯਮੁਨਾ ਕਮਲ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੀ ਅਗਵਾਈ ਬੀਜੇਵਾਈਐਮ ਜ਼ਿਲ੍ਹਾ ਪ੍ਰਧਾਨ ਨਿਸ਼ਚਲ ਚੌਧਰੀ ਨੇ ਕੀਤੀ, ਜਿਸ ਵਿੱਚ ਯੁਵਾ ਮੋਰਚਾ ਦੇ ਜ਼ਿਲ੍ਹਾ ਜਨਰਲ ਸਕੱਤਰਾਂ ਅਤੇ ਸਾਰੇ ਮੰਡਲ ਪ੍ਰਧਾਨਾਂ ਨੇ ਹਿੱਸਾ ਲਿਆ।ਮੀਟਿੰਗ ਦੌਰਾਨ ਸਮਾਗਮ ਵਿੱਚ ਯੁਵਾ ਮੋਰਚਾ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਅਤੇ ਡਾ. ਅਰਚਨਾ ਗੁਪਤਾ ਦੇ ਸ਼ਾਨਦਾਰ ਸਵਾਗਤ ਲਈ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਨਿਸ਼ਚਲ ਚੌਧਰੀ ਨੇ ਦੱਸਿਆ ਕਿ 13 ਜੂਨ ਨੂੰ ਸਵੇਰੇ 9:30 ਵਜੇ ਜਗਾਧਰੀ ਸਥਿਤ ਗੁਪਤਾ ਪੈਲੇਸ ਪਹੁੰਚਣ 'ਤੇ ਯੁਵਾ ਮੋਰਚਾ ਦੇ ਵਰਕਰਾਂ ਵੱਲੋਂ ਡਾ. ਅਰਚਨਾ ਗੁਪਤਾ ਦਾ ਭਰਵਾਂ ਅਤੇ ਯਾਦਗਾਰ ਸਵਾਗਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਭਾਜਪਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਸਪਰਾ ਅਤੇ ਸਾਬਕਾ ਕੈਬਨਿਟ ਮੰਤਰੀ ਕੰਵਰਪਾਲ ਗੁੱਜਰ ਦੀ ਅਗਵਾਈ ਹੇਠ ਸਮਾਗਮ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਰਣਨੀਤੀ ਤਿਆਰ ਕੀਤੀ ਗਈ ਹੈ। ਯੁਵਾ ਮੋਰਚਾ ਦੇ ਵਰਕਰ ਹਰ ਬੂਥ ਤੋਂ ਆਪਣੇ ਸਾਥੀਆਂ ਸਮੇਤ ਸਮਾਗਮ ਸਥਾਨ 'ਤੇ ਪਹੁੰਚਣਗੇ ਅਤੇ ਸੂਬਾ ਪ੍ਰਧਾਨ ਦੇ ਵਿਚਾਰਾਂ ਨੂੰ ਸੁਣਨਗੇ।ਨਿਸ਼ਚਲ ਚੌਧਰੀ ਨੇ ਦੱਸਿਆ ਕਿ ਡਾ. ਅਰਚਨਾ ਗੁਪਤਾ ਦੇ ਸਵਾਗਤ ਲਈ ਜਗਾਧਰੀ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਭਾਜਪਾ ਦੇ ਝੰਡੇ ਅਤੇ ਫਲੈਕਸ ਲਗਾਏ ਜਾਣਗੇ, ਤਾਂ ਜੋ ਪੂਰੇ ਸ਼ਹਿਰ ਵਿੱਚ ਸਮਾਗਮ ਦਾ ਮਾਹੌਲ ਬਣਾਇਆ ਜਾ ਸਕੇ।



# ਲਕਸ਼ਯ ਜਨਹਿਤ ਸੋਸਾਇਟੀ ਨੇ ਐਮਡੀਡੀ ਬਾਲ ਭਵਨ ਨੂੰ ਵਾਟਰ ਕੂਲਰ ਭੇਟ ਕੀਤਾ

ਕਰਨਾਲ, 11 ਜੂਨ (ਪ.ਪ.) : : ਲਕਸ਼ਯ ਜਨਹਿਤ ਸੋਸਾਇਟੀ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਇੱਕ ਹੋਰ ਸ਼ਲਾਘਾਯੋਗ ਪਹਿਲਕਦਮੀ ਕਰਦੇ ਹੋਏ, ਐਮਡੀਡੀ ਬਾਲ ਭਵਨ ਭਾਗ-2, ਫੂਸਗੜ੍ਹ ਵਿਖੇ ਰਹਿਣ ਵਾਲੇ ਮਾਨਸਿਕ ਤੌਰ 'ਤੇ ਕਮਜ਼ੋਰ ਬੱਚਿਆਂ ਨੂੰ ਇੱਕ ਵਾਟਰ ਕੂਲਰ ਭੇਟ ਕੀਤਾ। ਤੇਜ਼ ਗਰਮੀ ਦੀ ਰੌਸ਼ਨੀ ਵਿੱਚ ਸਥਾਪਿਤ, ਇਹ ਵਾਟਰ ਕੂਲਰ ਬੱਚਿਆਂ ਨੂੰ ਠੰਡਾ ਅਤੇ ਸਾਫ਼ ਪੀਣ ਵਾਲਾ ਪਾਣੀ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਵਾਟਰ ਕੂਲਰ ਦਾ ਉਦਘਾਟਨ ਅਤੇ ਸਮਰਪਿਤ ਐਮਡੀਡੀ ਬਾਲ ਭਵਨ ਦੇ ਪ੍ਰਧਾਨ ਸਰਦਾਰ ਪਰਮਿੰਦਰ ਪਾਲ ਸਿੰਘ ਦੁਆਰਾ ਕੀਤਾ ਗਿਆ। ਇਸ ਮੌਕੇ 'ਤੇ ਸਰਦਾਰ ਪਰਮਿੰਦਰ ਪਾਲ ਸਿੰਘ ਨੇ ਕਿਹਾ ਕਿ ਐਮਡੀਡੀ ਬਾਲ ਭਵਨ ਲੰਬੇ ਸਮੇਂ ਤੋਂ ਇਨ੍ਹਾਂ ਅਪਾਹਜ ਅਤੇ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਦੀ ਸੇਵਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬੱਚਿਆਂ ਦੀ ਸੇਵਾ ਕਰਨਾ ਮਨੁੱਖਤਾ ਦੀ ਸੱਚੀ ਸੇਵਾ ਹੈ, ਕਿਉਂਕਿ ਉਹ ਕਿਸੇ ਵੀ ਲਾਲਚ ਜਾਂ ਲਾਲਚ ਤੋਂ ਰਹਿਤ ਹਨ, ਅਤੇ ਉਨ੍ਹਾਂ ਦੀ ਦੇਖਭਾਲ ਕਰਨਾ ਸਮਾਜ ਦੀ ਨੈਤਿਕ ਜ਼ਿੰਮੇਵਾਰੀ ਹੈ। ਲਕਸ਼ਯ ਜਨਹਿਤ ਸੋਸਾਇਟੀ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਸੰਸਥਾ ਸਮਾਜਿਕ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰਦੀ ਰਹਿੰਦੀ ਹੈ ਅਤੇ ਸਮੇਂ-ਸਮੇਂ 'ਤੇ ਸੇਵਾ ਗਤੀਵਿਧੀਆਂ ਰਾਹੀਂ ਬਾਲ ਭਵਨ ਵਿਖੇ ਬੱਚਿਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਵੀ ਯੋਗਦਾਨ ਪਾਉਂਦੀ ਰਹੀ ਹੈ। ਸੋਸਾਇਟੀ ਦੇ ਸੰਸਥਾਪਕ ਦਿਨੇਸ਼ ਬਖਸ਼ੀ ਨੇ ਕਿਹਾ ਕਿ ਇਹ ਸੰਸਥਾ ਲਗਾਤਾਰ ਲੋਕ ਭਲਾਈ ਅਤੇ ਸਮਾਜਿਕ ਕਾਰਜਾਂ ਵਿੱਚ ਲੱਗੀ ਹੋਈ ਹੈ। ਖੂਨਦਾਨ ਕੈਂਪ ਲਗਾਉਣਾ, ਰੁੱਖਾਂ ਦੀ ਰੱਖਿਆ ਲਈ ਟ੍ਰੀ ਗਾਰਡ ਲਗਾਉਣਾ, ਜਨਤਕ ਥਾਵਾਂ ਤੋਂ ਪੋਸਟਰ ਅਤੇ ਮੇਖਾਂ ਅਤੇ ਪਿੰਨਾਂ ਨੂੰ ਹਟਾਉਣ ਲਈ ਮੁਹਿੰਮਾਂ ਚਲਾਉਣਾ, ਲੋੜਵੰਦਾਂ ਦੀ ਸਹਾਇਤਾ ਕਰਨਾ ਅਤੇ ਕੁੜੀਆਂ ਦੇ ਵਿਆਹ ਵਿੱਚ ਸਹਾਇਤਾ ਕਰਨਾ, ਇਹ ਉਹ ਸੇਵਾਵਾਂ ਹਨ ਜੋ ਸੰਸਥਾ ਲਗਾਤਾਰ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਾਟਰ ਕੂਲਰ ਲਗਾਉਣ ਦਾ ਮੁੱਖ ਉਦੇਸ਼ ਗਰਮੀਆਂ ਦੇ ਮੌਸਮ ਦੌਰਾਨ ਬੱਚਿਆਂ ਨੂੰ ਠੰਡਾ ਅਤੇ ਸਾਫ਼ ਪਾਣੀ ਪ੍ਰਦਾਨ ਕਰਨਾ ਹੈ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸੂਬੇ ਵਿੱਚੋਂ ਗਰੀਬੀ ਨੂੰ ਖਤਮ ਕਰਨ ਲਈ ਯੋਗਤਾ ਦੇ ਆਧਾਰ 'ਤੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰ ਰਹੇ ਹਨ: ਸੁਮਨ ਸੈਣੀ

ਲਾਡਵਾ, 11 ਜੂਨ (ਪ.ਪ.) : ਹਰਿਆਣਾ ਰਾਜ ਬਾਲ ਭਲਾਈ ਪ੍ਰੀਸ਼ਦ ਦੇ ਉਪ ਪ੍ਰਧਾਨ ਸੁਮਨ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਸਰਕਾਰ ਸੂਬੇ ਵਿੱਚੋਂ ਗਰੀਬੀ ਨੂੰ ਖਤਮ ਕਰਨ ਲਈ ਬਿਨਾਂ ਕਿਸੇ ਖਰਚੇ ਦੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਪ੍ਰਦਾਨ ਕਰ ਰਹੀ ਹੈ। ਕੋਈ ਵੀ ਘਰ ਜਿਸਨੂੰ ਰੁਜ਼ਗਾਰ ਮਿਲੇਗਾ, ਉਹ ਉਸ ਦਿਨ ਗਰੀਬੀ ਤੋਂ ਮੁਕਤ ਹੋਵੇਗਾ। ਪਿਛਲੀਆਂ ਸਰਕਾਰਾਂ ਸਿਰਫ਼ ਮੰਤਰੀਆਂ ਅਤੇ ਵਿਧਾਇਕਾਂ ਦੇ ਬੱਚਿਆਂ ਅਤੇ ਰਿਸ਼ਤੇਦਾਰਾਂ, ਜਾਂ ਸਿਆਸਤਦਾਨਾਂ ਨੂੰ ਵਿੱਤੀ ਸਹਾਇਤਾ ਦੇਣ ਵਾਲਿਆਂ ਨੂੰ ਹੀ ਨੌਕਰੀ ਦਿੰਦੀਆਂ ਸਨ, ਪਰ ਹੁਣ ਮੁੱਖ ਮੰਤਰੀ ਦੇ ਪੁੱਤਰ ਨੂੰ ਵੀ ਸਰਕਾਰੀ ਨੌਕਰੀ ਤਾਂ ਹੀ ਮਿਲੇਗੀ ਜੇਕਰ ਉਹ ਆਪਣੀ ਯੋਗਤਾ ਸਾਬਤ ਕਰਦਾ ਹੈ। ਉਸਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਪੜ੍ਹਾਈ ਲਈ ਉਤਸ਼ਾਹਿਤ ਕਰਨ। ਉਪ



ਪ੍ਰਧਾਨ ਸੁਮਨ ਸੈਣੀ ਬੁੱਧਵਾਰ ਨੂੰ ਲਾਡਵਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਦੇ ਧੰਨਵਾਦ ਦੌਰੇ ਦੌਰਾਨ ਬੋਲ ਰਹੀ ਸੀ। ਉਪ ਪ੍ਰਧਾਨ ਸੁਮਨ ਸੈਣੀ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਲਾਠੀ ਧਨੌਰਾ, ਬਡੌਂਡੀ, ਬਰੋਟ, ਜੈਨਪੁਰ ਜਾਟਨ, ਬ੍ਰਾਹਮਣ, ਡੂਡਾ, ਡੂਡੀ, ਸਲੇਮਪੁਰ, ਸੰਭਾਲਖਾ ਅਤੇ ਸੂਰਾ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਹਰੇਕ ਲਈ 21-21 ਲੱਖ ਰੁਪਏ ਦਾ ਐਲਾਨ ਕੀਤਾ। ਉਸਨੇ ਪਿੰਡ ਵਾਸੀਆਂ ਨੂੰ ਇਹ ਵੀ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਧਿਆਨ ਵਿੱਚ ਲਿਆਂਦੀਆਂ ਜਾਣਗੀਆਂ ਅਤੇ ਪੂਰੀਆਂ ਕੀਤੀਆਂ ਜਾਣਗੀਆਂ। ਮੀਟਿੰਗ ਦੌਰਾਨ ਉਪ ਪ੍ਰਧਾਨ ਸੁਮਨ ਸੈਣੀ ਨੇ ਪਿੰਡ ਵਾਸੀਆਂ ਦੀਆਂ ਲਿਖਤੀ ਸ਼ਿਕਾਇਤਾਂ ਅਤੇ ਸਮੱਸਿਆਵਾਂ ਵੀ ਸੁਣੀਆਂ ਅਤੇ ਮੌਕੇ 'ਤੇ ਅਧਿਕਾਰੀਆਂ ਨੂੰ ਉਨ੍ਹਾਂ ਨੂੰ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਪ ਪ੍ਰਧਾਨ ਸੁਮਨ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਾ ਸਿਰਫ਼ ਚੋਣਾਂ ਦੌਰਾਨ ਔਰਤਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਹਨ, ਸਗੋਂ ਦੀਨਦਿਆਲ ਲਾਡੋ ਲਕਸ਼ਮੀ ਯੋਜਨਾ ਦੀ ਅੱਠਵੀਂ ਕਿਸ਼ਤ ਵੀ ਉਨ੍ਹਾਂ ਦੇ ਖਾਤਿਆਂ ਵਿੱਚ ਟਰਾਂਸਫਰ ਕਰ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਔਰਤਾਂ ਨੂੰ ਪੂਰਾ ਸਨਮਾਨ ਦੇ ਰਹੀ ਹੈ, ਅਤੇ ਡਾ. ਅਰਚਨਾ ਗੁਪਤਾ ਨੂੰ ਹਰਿਆਣਾ ਭਾਜਪਾ ਸੂਬਾ ਪ੍ਰਧਾਨ ਨਿਯੁਕਤ ਕਰਕੇ, ਔਰਤਾਂ ਨੂੰ ਆਦਿਵਾਸੀਆਂ ਦਾ ਦਰਜਾ ਦਿੱਤਾ ਗਿਆ ਹੈ। ਇਹ ਮੌਜੂਦਾ ਸਰਕਾਰ ਦੇ ਅਧੀਨ ਹੀ ਸੰਭਵ ਹੈ। ਡਿਪਟੀ ਸਪੀਕਰ ਸੁਮਨ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇਸ਼ ਦੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਰਾਜ ਦੇ ਕਿਸਾਨਾਂ ਦੀਆਂ ਸਾਰੀਆਂ 24 ਫਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਣ ਦਾ ਕੰਮ ਸ਼ੁਰੂ ਕੀਤਾ।

ਇਸ ਤੋਂ ਇਲਾਵਾ, ਕਿਸਾਨਾਂ ਲਈ ਕਈ ਤਰ੍ਹਾਂ ਦੀਆਂ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੁੱਖ ਮੰਤਰੀ ਨਿਵਾਸ, ਸੰਤ ਕਬੀਰ ਕੁਟੀਰ ਨੂੰ 24 ਘੰਟੇ ਖੁੱਲ੍ਹਾ ਰੱਖਿਆ ਹੈ। ਕੋਈ ਵੀ ਨਾਗਰਿਕ ਕਿਸੇ ਵੀ ਸਮੇਂ ਮੁੱਖ ਮੰਤਰੀ ਨੂੰ ਮਿਲ ਸਕਦਾ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੱਸ ਸਕਦਾ ਹੈ।



# ਭਾਜਪਾ ਸ਼ਹਿਰੀ ਮੰਡਲ ਦੀ ਮਾਸਿਕ ਮੀਟਿੰਗ ਸਮਾਪਤ: ਗੌਰਵ ਖੁਰਾਨਾ

ਕਰਨਾਲ, 11 ਜੂਨ (ਪ.ਪ.) : : ਭਾਜਪਾ ਸ਼ਹਿਰੀ ਮੰਡਲ ਦੀ ਮਾਸਿਕ ਮੀਟਿੰਗ ਸੈਕਟਰ 6 ਦੇ ਕਮਿਊਨਿਟੀ ਸੈਂਟਰ ਵਿਖੇ ਹੋਈ। ਹਾਰਕੋ ਬੈਂਕ ਦੇ ਨਵ-ਨਿਯੁਕਤ ਚੇਅਰਮੈਨ ਅਤੇ ਕਰਨਾਲ ਜ਼ਿਲ੍ਹਾ ਇੰਚਾਰਜ ਭਾਰਤ ਭੂਸ਼ਣ ਜੁਵਾਲ ਮੁੱਖ ਬੁਲਾਰੇ ਸਨ, ਅਤੇ ਸਾਰੇ ਵਰਕਰਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਨਵੇਂ ਕਾਰਜਭਾਰ ਲਈ ਸ਼ੁਭਕਾਮਨਾਵਾਂ ਦਿੱਤੀਆਂ। ਮੀਟਿੰਗ ਦੀ ਪ੍ਰਧਾਨਗੀ ਭਾਜਪਾ ਸ਼ਹਿਰੀ ਮੰਡਲ ਦੇ ਪ੍ਰਧਾਨ ਗੌਰਵ ਖੁਰਾਨਾ ਨੇ ਕੀਤੀ। ਮੀਟਿੰਗ ਦੌਰਾਨ ਬੁਲਾਰਿਆਂ ਨੇ ਸੰਗਠਨਾਤਮਕ ਮੁੱਦਿਆਂ, ਆਉਣ ਵਾਲੇ ਪ੍ਰੋਗਰਾਮਾਂ ਅਤੇ ਭਾਜਪਾ ਦੀਆਂ ਨੀਤੀਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ, ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਵਰਕਰਾਂ ਨੂੰ ਸੰਗਠਨ ਨੂੰ ਹੋਰ ਮਜ਼ਬੂਤ ? ?ਅਤੇ ਸ਼ਸ਼ਕਤ ਬਣਾਉਣ ਲਈ ਪੂਰੀ ਲਗਨ ਅਤੇ ਸਰਗਰਮੀ ਨਾਲ ਕੰਮ ਕਰਨ ਦਾ ਸੱਦਾ ਵੀ ਦਿੱਤਾ। ਮੰਡਲ ਪ੍ਰਧਾਨ ਗੌਰਵ ਖੁਰਾਨਾ ਨੇ ਦੱਸਿਆ ਕਿ ਕਰਨਾਲ ਵਿਧਾਨ ਸਭਾ ਦੇ ਸ਼ਹਿਰੀ ਮੰਡਲ ਦੀ ਮੀਟਿੰਗ ਮੰਡਲ ਦੀਆਂ ਮਾਸਿਕ ਮੀਟਿੰਗਾਂ ਦੀ ਲੜੀ ਦੇ ਹਿੱਸੇ ਵਜੋਂ ਸਮਾਪਤ ਹੋਈ। ਮੀਟਿੰਗ ਵਿੱਚ ਆਉਣ ਵਾਲੀਆਂ ਸ਼ਕਤੀ ਕੇਂਦਰ ਅਤੇ ਬੂਥ ਮੀਟਿੰਗਾਂ ਦੀ ਯੋਜਨਾਬੰਦੀ 'ਤੇ ਚਰਚਾ ਕੀਤੀ ਗਈ। ਇਸ ਮੌਕੇ ਗੌਰਵ ਖੁਰਾਨਾ ਨੇ ਸਾਰੇ ਵਰਕਰਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰੋਗਰਾਮ 'ਮਨ ਕੀ ਬਾਤ' ਨੂੰ ਸੁਣਨ ਅਤੇ ਇਸਨੂੰ 100% ਸਰਲ ਐਪ 'ਤੇ ਅਪਲੋਡ ਕਰਨ ਲਈ ਵਧਾਈ ਦਿੱਤੀ ਅਤੇ 'ਏਕ ਪੇਡ ਮਾਂ ਕੇ ਨਾਮ' ਪ੍ਰੋਗਰਾਮ ਤਹਿਤ ਪੌਦੇ ਲਗਾਉਣ ਦਾ ਕੰਮ ਵੀ ਕੀਤਾ ਗਿਆ।

# ਕਾਲਕਾ ਡਾਕ ਵਿਭਾਗ ਵੱਲੋਂ ਵਿਸ਼ੇਸ਼ ਕੈਂਪ

ਕਾਲਕਾ, 11 ਜੂਨ (ਪ.ਪ.) : : ਡਾਕ ਵਿਭਾਗ ਆਪਣੀਆਂ ਹੋਰ ਸੇਵਾਵਾਂ ਤੋਂ ਇਲਾਵਾ ਆਧਾਰ ਨਾਲ ਸਬੰਧਤ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਜ਼ਿਲ੍ਹੇ ਵਿੱਚ ਆਧਾਰ ਕੇਂਦਰ ਸੁਚਾਰੂ ਢੰਗ ਨਾਲ ਕੰਮ ਕਰ ਰਹੇ ਹਨ। ਇਹ ਆਧਾਰ ਸੇਵਾ ਕੇਂਦਰ ਨਾਗਰਿਕਾਂ ਨੂੰ ਆਧਾਰ ਨਾਲ ਸਬੰਧਤ ਕਈ ਸੇਵਾਵਾਂ ਪ੍ਰਦਾਨ ਕਰ ਰਹੇ ਹਨ, ਜਿਸ ਵਿੱਚ ਨਵਾਂ ਆਧਾਰ ਨਾਮਾਂਕਣ, ਨਾਮ, ਪਤਾ, ਜਨਮ ਮਿਤੀ, ਮੋਬਾਈਲ ਨੰਬਰ, ਫੋਟੋ, ਬਾਇਓਮੈਟ੍ਰਿਕ ਅੱਪਡੇਟ ਅਤੇ ਹੋਰ ਸਹਾਇਤਾ ਸ਼ਾਮਲ ਹੈ। ਇਹ ਸੇਵਾਵਾਂ ਸੈਕਟਰ 4 ਪੰਚਕੂਲਾ, ਸੈਕਟਰ 8 ਪੰਚਕੂਲਾ, ਸੈਕਟਰ 15 ਪੰਚਕੂਲਾ, ਨਰਾਇਣਗੜ੍ਹ ਅਤੇ ਕਾਲਕਾ ਵਿੱਚ ਸਿਖਲਾਈ ਪ੍ਰਾਪਤ ਸਟਾਫ਼ ਦੁਆਰਾ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਤੁਸੀਂ ਕੰਮਕਾਜੀ ਦਿਨਾਂ ਵਿੱਚ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਇਨ੍ਹਾਂ ਕੇਂਦਰਾਂ ਤੋਂ ਆਪਣਾ ਆਧਾਰ ਕਾਰਡ ਪ੍ਰਾਪਤ ਕਰ ਸਕਦੇ ਹੋ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਮਿਊਨਿਟੀ ਸੈਂਟਰ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ: ਸੁਭਾਸ਼ ਸੁਧਾ

ਕੁਰੂਕਸ਼ੇਤਰ, 11 ਜੂਨ (ਪ.ਪ.) : : ਹਰਿਆਣਾ ਦੇ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੁਰੂਕਸ਼ੇਤਰ ਦੇ ਸ਼ਹਿਰੀ ਖੇਤਰ ਸੈਕਟਰ 2 ਵਿੱਚ ਮਾਰਕੀਟ ਦੇ ਪਿੱਛੇ ਇੱਕ ਕਮਿਊਨਿਟੀ ਸੈਂਟਰ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਕਮਿਊਨਿਟੀ ਸੈਂਟਰ ਦੇ ਨਿਰਮਾਣ ਨਾਲ ਸੈਕਟਰ 2 ਦੇ ਵਸਨੀਕਾਂ ਨੂੰ ਬਹੁਤ ਫਾਇਦਾ ਹੋਵੇਗਾ। ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਨੇ ਕਮਿਊਨਿਟੀ ਸੈਂਟਰ ਲਈ ਸੈਕਟਰ 2 ਵਿੱਚ ਮਾਰਕੀਟ ਦੇ ਪਿੱਛੇ ਖਾਲੀ ਜ਼ਮੀਨ ਦੀ ਪਛਾਣ ਕੀਤੀ ਹੈ। ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ ਨੇ ਕਮਿਊਨਿਟੀ ਸੈਂਟਰ ਨੂੰ ਮਨਜ਼ੂਰੀ ਦੇਣ ਲਈ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਕੀਤਾ। ਸੁਧਾ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਕੁਰੂਕਸ਼ੇਤਰ ਦੇ ਅਰਬਨ ਅਸਟੇਟ ਵਿੱਚ ਸਥਿਤ ਸੈਕਟਰ 2 ਦੇ ਵਸਨੀਕਾਂ ਨੂੰ ਆਪਣੇ ਖੇਤਰ ਵਿੱਚ ਕਮਿਊਨਿਟੀ ਸੈਂਟਰ ਦੀ ਘਾਟ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧ ਵਿੱਚ, ਨਿਊ ਰੈਜ਼ੀਡੈਂਸ਼ੀਅਲ ਵੈਲਫੇਅਰ ਐਸੋਸੀਏਸ਼ਨ, ਸੈਕਟਰ 2, ਅਰਬਨ ਅਸਟੇਟ, ਕੁਰੂਕਸ਼ੇਤਰ ਨੇ ਸਥਾਨਕ ਨਿਵਾਸੀਆਂ ਦੇ ਲਾਭ ਲਈ ਇੱਕ ਕਮਿਊਨਿਟੀ ਸੈਂਟਰ ਬਣਾਉਣ ਦੀ ਬੇਨਤੀ ਕਰਦੇ ਹੋਏ ਇੱਕ ਮੰਗ ਪੱਤਰ ਸੌਂਪਿਆ। ਸੈਕਟਰ 2 ਇੱਕ ਸੰਘਣੀ ਆਬਾਦੀ ਵਾਲਾ ਰਿਹਾਇਸ਼ੀ ਖੇਤਰ ਹੈ, ਜਿੱਥੇ ਵੱਡੀ ਗਿਣਤੀ ਵਿੱਚ ਪਰਿਵਾਰ, ਬਜ਼ੁਰਗ ਨਾਗਰਿਕ, ਔਰਤਾਂ ਅਤੇ ਨੌਜਵਾਨ ਰਹਿੰਦੇ ਹਨ। ਵਰਤਮਾਨ ਵਿੱਚ, ਸਮਾਜਿਕ, ਸੱਭਿਆਚਾਰਕ, ਵਿਦਿਅਕ ਅਤੇ ਭਲਾਈ ਗਤੀਵਿਧੀਆਂ ਦੇ ਆਯੋਜਨ ਲਈ ਕੋਈ ਸਮਰਪਿਤ ਸਹੂਲਤ ਨਹੀਂ ਹੈ। ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ ਨੇ ਕਿਹਾ ਕਿ ਨਿਵਾਸੀਆਂ ਨੂੰ ਕਮਿਊਨਿਟੀ ਮੀਟਿੰਗਾਂ,



ਜਾਗਰੂਕਤਾ ਪ੍ਰੋਗਰਾਮਾਂ, ਸਿਹਤ ਕੈਂਪਾਂ, ਸਿਖਲਾਈ ਸੈਸ਼ਨਾਂ ਅਤੇ ਸਮਾਜਿਕ ਸਮਾਗਮਾਂ ਦੇ ਆਯੋਜਨ ਵਿੱਚ ਕਾਫ਼ੀ ਅਸੁਵਿਧਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸੈਕਟਰ 2 ਮਾਰਕੀਟ ਦੇ ਪਿੱਛੇ ਵਾਲੀ ਜ਼ਮੀਨ ਇਸ ਸਮੇਂ ਖਾਲੀ ਹੈ ਅਤੇ ਕਮਿਊਨਿਟੀ ਸੈਂਟਰ ਦੇ ਨਿਰਮਾਣ ਲਈ ਢੁਕਵੀਂ ਜਾਪਦੀ ਹੈ। ਅਜਿਹੀ ਸਹੂਲਤ ਦੀ ਸਥਾਪਨਾ ਨਾਲ ਵਸਨੀਕਾਂ ਨੂੰ ਬਹੁਤ ਲਾਭ ਹੋਵੇਗਾ ਅਤੇ ਵੱਖ-ਵੱਖ ਭਾਈਚਾਰਕ ਗਤੀਵਿਧੀਆਂ ਲਈ ਇੱਕ ਸਾਂਝਾ ਪਲੇਟਫਾਰਮ ਪ੍ਰਦਾਨ ਹੋਵੇਗਾ। ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਉਨ੍ਹਾਂ ਦੀ ਬੇਨਤੀ 'ਤੇ ਸੈਕਟਰ 2 ਵਿਜ਼ਿਓ ਨੂੰ ਕਮਿਊਨਿਟੀ ਸੈਂਟਰ ਬਣਾਉਣ ਦਾ ਮੌਕਾ ਦਿੱਤਾ ਹੈ। ਸਾਈਟ ਲਈ ਰਸਮੀ ਕਾਰਵਾਈਆਂ ਜਲਦੀ ਹੀ ਪੂਰੀਆਂ ਕੀਤੀਆਂ ਜਾਣਗੀਆਂ ਅਤੇ ਕਮਿਊਨਿਟੀ ਸੈਂਟਰ ਬਣਾਉਣ ਲਈ ਅੱਗੇ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

# ਕਾਂਗਰਸੀ ਆਗੂ ਸ਼ੇਰ ਪ੍ਰਤਾਪ ਸ਼ੇਰੀ ਨੇ ਵਰਕਰ ਕਾਨਫਰੰਸ ਦੇ ਸਫਲ ਆਯੋਜਨ ਲਈ ਵਰਕਰਾਂ ਦਾ ਧੰਨਵਾਦ ਕੀਤਾ

ਅਸੰਧ, 11 ਜੂਨ (ਪ.ਪ.) : : 7 ਜੂਨ ਨੂੰ, ਖੇਤਰ ਦੇ ਵੱਖ-ਵੱਖ ਪਿੰਡਾਂ ਦੇ ਹਜ਼ਾਰਾਂ ਲੋਕ ਸਲਵਾਨ ਰੋਡ 'ਤੇ ਸਥਿਤ ਸ਼੍ਰੀ ਸਨਾਤਨ ਧਰਮ ਸੇਵਾ ਸਮਿਤੀ, ਅਸੰਧ ਵਿਖੇ ਆਯੋਜਿਤ ਕਾਂਗਰਸ ਵਰਕਰ ਕਾਨਫਰੰਸ ਵਿੱਚ ਸ਼ਾਮਲ ਹੋਏ। ਪ੍ਰੋਗਰਾਮ ਪ੍ਰਬੰਧਕ ਅਤੇ ਹਰਿਆਣਾ ਕਿਸਾਨ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਸ਼ੇਰ ਪ੍ਰਤਾਪ ਸ਼ੇਰੀ ਨੇ ਵਰਕਰਾਂ ਅਤੇ ਇਲਾਕੇ ਦੇ ਲੋਕਾਂ ਦਾ ਧੰਨਵਾਦ ਕੀਤਾ। ਕਰਨਾਲ ਰੋਡ 'ਤੇ ਆਪਣੇ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ੇਰੀ ਨੇ ਕਿਹਾ ਕਿ ਸੰਸਦ ਮੈਂਬਰ ਦੀਪੇਂਦਰ ਸਿੰਘ ਹੁੱਡਾ ਸੜਕਾਂ ਤੋਂ ਲੈ ਕੇ ਸੰਸਦ ਤੱਕ, ਨੌਜਵਾਨਾਂ, ਕਿਸਾਨਾਂ, ਕਰਮਚਾਰੀਆਂ ਅਤੇ ਕਾਰੋਬਾਰੀਆਂ ਸਮੇਤ ਹਰਿਆਣਾ ਦੇ ਹਰ ਵਰਗ ਦੇ ਹੱਕਾਂ ਅਤੇ ਨਿਆਂ ਲਈ ਜ਼ੋਰਦਾਰ ਢੰਗ ਨਾਲ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਦੀਪੇਂਦਰ ਸਿੰਘ ਹੁੱਡਾ ਦੀ ਲੋਕਪ੍ਰਿਅਤਾ ਸੂਬੇ ਵਿੱਚ ਦਿਨੋ-ਦਿਨ ਵੱਧ ਰਹੀ ਹੈ, ਅਤੇ ਹੁੱਡਾ ਦੀ ਮਿਹਨਤ ਅਤੇ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਹਰ ਮੋਰਚੇ 'ਤੇ ਅਸਫਲ ਹੋ ਰਹੀ ਹੈ। ਇਸ ਮੌਕੇ ਦਿਲਬਾਗ ਸਿੰਘ ਨੰਬਰਦਾਰ ਬੱਲਾ, ਤੇਜੀ ਬੱਸੀ, ਸਿਰਾਜੂਦੀਨ ਦੁਪੇਦੀ, ਸਾਬਕਾ ਸਰਪੰਚ ਯੁੱਧਵੀਰ ਸਿੰਘ, ਸੁਖਦੇਵ ਸ਼ਰਮਾ, ਦਲੇਲ ਸਿੰਘ, ਈਸ਼ਵਰ ਸ਼ਰਮਾ, ਸੁਰਜੀਤ ਮਲਿਕ ਅਤੇ ਹੋਰ ਮੌਜੂਦ ਸਨ।

# ਜ਼ਿਲ੍ਹੇ ਦੀਆਂ ਸਾਰੀਆਂ ਵਪਾਰਕ ਅਤੇ ਜਨਤਕ ਇਮਾਰਤਾਂ ਵਿੱਚ ਅੱਗ ਸੁਰੱਖਿਆ ਪ੍ਰਣਾਲੀਆਂ ਲਾਜ਼ਮੀ: ਡਾ. ਆਨੰਦ ਕੁਮਾਰ ਸ਼ਰਮਾ

ਕਰਨਾਲ, 11 ਜੂਨ (ਪ.ਪ.) : : ਡਿਪਟੀ ਕਮਿਸ਼ਨਰ ਡਾ. ਆਨੰਦ ਕੁਮਾਰ ਸ਼ਰਮਾ ਨੇ ਕਿਹਾ ਕਿ ਜ਼ਿਲ੍ਹੇ ਦੇ ਨਾਗਰਿਕਾਂ ਦੀ ਸੁਰੱਖਿਆ ਪ੍ਰਸ਼ਾਸਨ ਦੀ ਸਭ ਤੋਂ ਵੱਡੀ ਤਰਜੀਹ ਹੈ। ਇਹ ਯਕੀਨੀ ਬਣਾਇਆ ਜਾਵੇ ਕਿ ਜ਼ਿਲ੍ਹੇ ਦੀਆਂ ਸਾਰੀਆਂ ਜਨਤਕ ਅਤੇ ਵਪਾਰਕ ਇਮਾਰਤਾਂ ਵਿੱਚ ਜਲਦੀ ਤੋਂ ਜਲਦੀ ਅੱਗ ਸੁਰੱਖਿਆ ਪ੍ਰਣਾਲੀਆਂ ਲਗਾਈਆਂ ਜਾਣ। ਇਸ ਤੋਂ ਇਲਾਵਾ, ਜ਼ਿਲ੍ਹੇ ਵਿੱਚ ਅੱਗ ਸੁਰੱਖਿਆ ਆਡਿਟ ਕਰਵਾਇਆ ਜਾਵੇ ਅਤੇ ਅਗਲੇ 15 ਦਿਨਾਂ ਦੇ ਅੰਦਰ ਇੱਕ ਵਿਸਤ੍ਰਿਤ ਰਿਪੋਰਟ ਪੇਸ਼ ਕੀਤੀ ਜਾਵੇ। ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਡਿਪਟੀ ਕਮਿਸ਼ਨਰ ਡਾ. ਆਨੰਦ ਕੁਮਾਰ ਸ਼ਰਮਾ ਮੰਗਲਵਾਰ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਹੋਈ ਅੱਗ ਸੁਰੱਖਿਆ ਮੀਟਿੰਗ ਵਿੱਚ ਨਗਰ ਨਿਗਮ ਅਤੇ ਫਾਇਰ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦੇ ਰਹੇ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਵਧੀਕ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਇੱਕ ਕਮੇਟੀ ਬਣਾਉਣ ਦੇ ਨਿਰਦੇਸ਼ ਦਿੱਤੇ, ਜਿਸ ਵਿੱਚ ਡਿਪਟੀ ਮਿਊਂਸੀਪਲ ਕਮਿਸ਼ਨਰ, ਸਹਾਇਕ ਟਾਊਨ ਪਲੈਨਰ ਅਤੇ ਜ਼ਿਲ੍ਹਾ ਫਾਇਰ ਅਫ਼ਸਰ ਸ਼ਾਮਲ ਹੋਣਗੇ। ਇਸ ਕਮੇਟੀ ਨੂੰ ਜ਼ਿਲ੍ਹੇ ਦੀਆਂ ਸਾਰੀਆਂ ਨਿਸ਼ਾਨਾਬੱਧ ਇਮਾਰਤਾਂ ਦਾ ਅੱਗ ਸੁਰੱਖਿਆ ਆਡਿਟ ਯਕੀਨੀ ਬਣਾਉਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਨਿੱਜੀ ਇਮਾਰਤਾਂ, ਹਸਪਤਾਲਾਂ, ਸ਼ੋਅਰੂਮਾਂ ਅਤੇ ਮੁੱਖ ਬਾਜ਼ਾਰਾਂ ਵਿੱਚ ਖਾਸ ਸਾਵਧਾਨੀ ਵਰਤਣ ਜਿੱਥੇ ਭੀੜ ਜ਼ਿਆਦਾ ਹੋਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਤੇ ਸਥਾਪਿਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਰੀਆਂ ਵਪਾਰਕ ਅਤੇ ਜਨਤਕ ਇਮਾਰਤਾਂ ਵਿੱਚ ਅੱਗ ਸੁਰੱਖਿਆ ਪ੍ਰਣਾਲੀਆਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ। ਬਾਜ਼ਾਰਾਂ ਵਿੱਚ ਸੁਰੱਖਿਆ ਨੂੰ ਮਜ਼ਬੂਤ ? ?ਕਰਨ ਲਈ, ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਮਾਰਕੀਟ ਐਸੋਸੀਏਸ਼ਨ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕਰਨ ਅਤੇ ਸਾਰੀਆਂ ਮਾਰਕੀਟ ਇਮਾਰਤਾਂ ਵਿੱਚ ਅੱਗ ਸੁਰੱਖਿਆ ਪ੍ਰਣਾਲੀਆਂ ਲਗਾਉਣ ਦੀ ਜ਼ਰੂਰਤ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੀਆਂ ਸਾਰੀਆਂ ਵਪਾਰਕ ਇਮਾਰਤਾਂ ਦੇ ਮਾਲਕਾਂ, ਨਿੱਜੀ ਹਸਪਤਾਲ ਸੰਚਾਲਕਾਂ ਅਤੇ ਸ਼ੋਅਰੂਮ ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਸਮਝਣ ਅਤੇ ਸਰਕਾਰੀ ਨਿਰਦੇਸ਼ਾਂ ਅਨੁਸਾਰ ਆਪਣੀਆਂ ਇਮਾਰਤਾਂ ਵਿੱਚ ਅੱਗ ਸੁਰੱਖਿਆ ਪ੍ਰਣਾਲੀਆਂ ਦੀ ਲਾਜ਼ਮੀ ਸਥਾਪਨਾ ਨੂੰ ਯਕੀਨੀ ਬਣਾਉਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੁਰੱਖਿਆ ਉਪਕਰਣ ਸਿਰਫ਼ ਇੱਕ ਕਾਨੂੰਨੀ ਰਸਮ ਨਹੀਂ ਹਨ ਸਗੋਂ ਕਿਸੇ ਵੀ ਐਮਰਜੈਂਸੀ ਵਿੱਚ ਜਾਨ-ਮਾਲ ਬਚਾਉਣ ਲਈ ਇੱਕ ਮੁੱਖ ਸਾਧਨ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ 'ਤੇ ਢੁਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਡਾ. ਰਾਹੁਲ ਰਈਆ, ਡਿਪਟੀ ਨਗਰ ਨਿਗਮ ਕਮਿਸ਼ਨਰ ਵਿਨੋਦ ਨਹਿਰਾ, ਸਹਾਇਕ ਨਗਰ ਯੋਜਨਾਕਾਰ ਪ੍ਰਵੇਸ਼ ਕੌਸ਼ਿਕ, ਜ਼ਿਲ੍ਹਾ ਫਾਇਰ ਅਫ਼ਸਰ ਦੀਪਕ ਸ਼ਰਮਾ ਅਤੇ ਨਗਰ ਨਿਗਮ ਅਤੇ ਫਾਇਰ ਬ੍ਰਿਗੇਡ ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਹੋਏ।

# ਜ਼ਿੰਦਗੀ 'ਚ ਮੁੱਲ ਦੇ ਸਾਹ ਕਦੋਂ ਤੱਕ?

ਕਰੋਨਾ ਦੀ ਖਾਤਰ ਜਿਹੜੇ ਬੱਚਿਆਂ ਨੇ ਆਪਣੀਆਂ ਗੋਲਕਾਂ ਤੋੜ ਕੇ ਆਪਣਾ ਸਾਰਾ ਜੋੜਿਆ ਹੋਇਆ ਪੈਸਾ ਭਾਰਤ ਦੇ ਪ੍ਰਧਾਨ ਮੰਤਰੀ ਦੀ ਇੱਕ ਅਪੀਲ 'ਤੇ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਸੀ, ਅੱਜ ਉਹੀ ਬੱਚੇ ਆਪਣੇ ਮਾਂ-ਪਿਓ ਨੂੰ ਬਿਨਾਂ ਆਕਸੀਜ਼ਨ ਦੇ ਹਸਪਤਾਲਾਂ ਵਿੱਚ ਮਰਦੇ ਦੇਖ ਕੇ ਚੀਕ-ਚਿਹਾੜਾ ਪਾ ਰਹੇ ਹਨ। ਜਿਵੇਂ ਆਕਸੀਜ਼ਨ ਦੀ ਘਾਟ ਕਰਕੇ ਜਾਂ ਆਕਸੀਜ਼ਨ ਬੰਦ ਹੋਣ ਕਰਕੇ ਨਾਸਿਕ (ਮਹਾਰਾਸ਼ਟਰ) ਵਿੱਚ ਚੌਵੀ ਮਰੀਜ਼ ਆਪਣੇ ਸਕਿਆਂ-ਸੰਬੰਧੀਆਂ ਦੀ ਹਾਜ਼ਰੀ ਵਿੱਚ ਦਮ ਤੋੜ ਗਏ, ਉਸ ਤਰ੍ਹਾਂ ਹੀ ਬੰਬਈ ਦੇ ਇੱਕ 'ਵਿਰਾਰ' ਹਸਪਤਾਲ ਵਿੱਚ ਰਾਤ ਨੂੰ ਅਚਾਨਕ ਅੱਗ ਲੱਗਣ ਨਾਲ ਤੇਰਾਂ ਹੋਰ ਕਰੋਨਾ ਮਰੀਜ਼ ਤੜਫਦੇ-ਤੜਫਦੇ ਆਪਣਿਆਂ ਨੂੰ ਅਲਵਿਦਾ ਆਖ ਗਏ। ਅਜਿਹਾ ਦੁੱਖ ਵੱਧ ਉਹੀ ਮਹਿਸੂਸ ਕਰ ਸਕਦੇ ਹਨ, ਜਿਨ੍ਹਾਂ ਨਾਲ ਜਾਂ ਜਿਨ੍ਹਾਂ ਦੀ ਹਾਜ਼ਰੀ ਵਿੱਚ ਅਜਿਹਾ ਵਾਪਰਿਆ ਹੋਵੇ। ਵਿਸ਼ਵ ਵਿੱਚ ਕਰੋਨਾ ਕਹਿਰ ਦੀ ਗੰਭੀਰਤਾ ਨੂੰ ਪਹਿਚਾਣਦਿਆਂ ਹੋਇਆਂ ਬੇਟੀ ਥਨਬਰਗ ਨੇ ਕੋਵਿਡ ਵੈਕਸੀਨ ਲੋੜਵੰਦਾਂ ਲਈ ਇੱਕ ਲੱਖ ਯੂਰੋ ਦਾ ਦਾਨ ਕੀਤਾ ਹੈ। ਇਸੇ ਲਈ ਬੱਚੀ ਵਿਸ਼ਵ ਵਧਾਈ ਦੀ ਪਾਤਰ ਹੈ।

ਸ਼ੁੱਕਰਵਾਰ ਯਾਨੀ 23 ਅਪ੍ਰੈਲ ਦੀ ਸਵੇਰ ਦੀਆਂ ਖ਼ਬਰਾਂ ਸੁਣਨ 'ਤੇ ਪਤਾ ਲੱਗਾ ਕਿ ਅੱਜ ਕਈ ਪਿਛਲੇ ਰਿਕਾਰਡ ਟੁੱਟੇ ਹਨ। ਇਨ੍ਹਾਂ ਖ਼ਬਰਾਂ ਮੁਤਾਬਕ ਭਾਰਤ ਨੇ ਸਿਰਫ਼ ਆਪਣਾ ਰਿਕਾਰਡ ਹੀ ਨਹੀਂ ਤੋੜਿਆ, ਬਲਕਿ ਸਵਾ ਦੋ ਲੱਖ ਤੋਂ ਵੱਧ ਦਾ ਮਰੀਜ਼ਾਂ ਦਾ ਅੰਕੜਾ ਛੂਹ ਕੇ ਵਰਲਡ ਰਿਕਾਰਡ ਵੀ ਬਣਾਇਆ ਹੈ। ਸੈਂਟਰ ਸਰਕਾਰ ਅਤੇ ਬਾਕੀ ਸਭ ਸੂਬਾ ਸਰਕਾਰਾਂ ਭਾਵੇਂ ਆਪਣੀ ਔਸਤਨ ਰਫ਼ਤਾਰ ਨਾਲੋਂ ਧੀਮੀਆਂ ਚੱਲ ਰਹੀਆਂ ਹਨ, ਪਰ ਇਸ ਸਭ ਦੇ ਬਾਵਜੂਦ ਭਾਰਤੀ ਨਿਆਂ ਪਾਲਕਾਵਾਂ, ਸਣੇ ਸੁਪਰੀਮ ਕੋਰਟ ਦੇ ਆਪਣਾ ਫ਼ਰਜ਼ ਖ਼ੂਬ ਪਹਿਚਾਣਿਆ ਹੈ। ਲਗਭਗ ਇੱਕ ਦਰਜਨ ਦੇ ਕਰੀਬ ਦੇਸ਼ ਦੀਆਂ ਹਾਈਕੋਰਟਾਂ ਨੇ ਮੌਜੂਦਾ ਕਰੋਨਾ ਕਹਿਰ, ਜਿਸ ਕਹਿਰ ਵਿੱਚ ਮਰੀਜ਼ਾਂ ਨੂੰ ਹਸਪਤਾਲਾਂ ਵਿੱਚ ਦਾਖ਼ਲਾ ਨਹੀਂ ਮਿਲ ਰਿਹਾ ਦਾਖਲੇ ਤੋਂ ਬਾਅਦ ਮਰੀਜ਼ਾਂ ਨੂੰ ਬੈੱਡ ਮੁਹਈਆ ਨਹੀਂ ਹੋ ਰਹੇ, ਇੱਕ-ਇੱਕ ਬੈੱਡ 'ਤੇ ਦੋ-ਦੋ ਮਰੀਜ਼ ਅਡਜਸਟ ਹੋ ਰਹੇ ਹਨ, ਉਨ੍ਹਾਂ ਨੂੰ ਆਕਸੀਜ਼ਨ ਦੀ ਤੋਟ ਆ ਰਹੀ ਹੈ। ਦਵਾਈਆਂ ਦੀ ਘਾਟ ਰੜਕ ਰਹੀ ਹੈ। ਮਰੀਜ਼ਾਂ ਦੇ ਪਰਿਵਾਰਾਂ ਨੂੰ ਆਕਸੀਜ਼ਨ ਦਾ ਪ੍ਰਬੰਧ ਆਪ ਕਰਨ ਨੂੰ ਕਿਹਾ ਜਾ ਰਿਹਾ ਹੈ। ਕਈ ਮਰੀਜ਼ ਹਸਪਤਾਲਾਂ ਦੀ ਖੋਜ ਵਿੱਚ ਆਪਣੀਆਂ ਗੱਡੀਆਂ ਜਾਂ ਐਂਬੂਲੈਂਸਾਂ ਵਿੱਚ ਹੀ ਦਮ ਤੋੜ ਰਹੇ ਹਨ। ਦਮ ਤੋੜਨ ਤੋਂ ਬਾਅਦ ਉਨ੍ਹਾਂ ਨੂੰ ਸ਼ਮਸ਼ਾਨ ਘਾਟ ਤਕ ਲਿਜਾਣ ਦਾ ਕੋਈ ਖਾਸ ਪ੍ਰਬੰਧ ਨਹੀਂ ਹੈ। ਸ਼ਮਸ਼ਾਨ ਘਾਟ ਪਹੁੰਚੀਆਂ ਲਾਸ਼ਾਂ ਦੇ ਅੰਤਮ ਸੰਸਕਾਰਾਂ ਦਾ ਪੂਰਾ ਪ੍ਰਬੰਧ ਨਹੀਂ ਹੈ। ਅਜਿਹੀਆਂ ਘਟਨਾਵਾਂ ਦਾ ਨੋਟਿਸ ਲੈ ਕੇ ਸੰਬੰਧਤ ਸੂਬਿਆਂ ਦੀਆਂ ਹਾਈਕੋਰਟਾਂ ਨੇ ਸੰਬੰਧਤ ਸੂਬਿਆਂ ਅਤੇ ਜ਼ਰੂਰੀ ਮਹਿਕਮਿਆਂ ਨੂੰ ਪਾਰਟੀਆਂ ਬਣਾ ਕੇ ਜਵਾਬ ਮੰਗਿਆ ਹੈ। ਇਸ ਸੰਬੰਧ ਵਿੱਚ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ ਵੀ ਇਸ ਸਭ ਕਾਸੇ ਦਾ ਗੰਭੀਰ ਨੋਟਿਸ ਲਿਆ ਹੈ ਅਤੇ ਸੈਂਟਰ ਸਰਕਾਰ ਦੀ ਖਿਚਾਈ ਕਰਦਿਆਂ ਜਵਾਬ ਤਲਬੀ ਕੀਤੀ ਹੈ। ਉਸ ਨੇ ਆਪ ਨੋਟਿਸ ਲੈਂਦਿਆਂ ਆਖਿਆ ਹੈ ਕਿ ਦੇਸ਼ ਵਿੱਚ ਐਮਰਜੈਂਸੀ ਦੇ ਹਾਲਾਤ ਬਣੇ ਹੋਏ ਹਨ। ਸੁਪਰੀਮ ਕੋਰਟ ਨੇ ਸਖ਼ਤ ਲਹਿਜ਼ੇ ਵਿੱਚ ਕੇਂਦਰ ਨੂੰ ਇਸ ਸੰਬੰਧੀ ਇੱਕ ਰਾਸ਼ਟਰੀ ਨੀਤੀ ਬਣਾਉਣ ਲਈ ਕਿਹਾ ਹੈ। ਅਦਾਲਤ ਦੀ ਸੁਣਵਾਈ ਮੰਗਲਵਾਰ ਤਕ ਮੁਲਤਵੀ ਕਰ ਦਿੱਤੀ ਹੈ।

ਇਨ੍ਹਾਂ ਖ਼ਬਰਾਂ ਵਿੱਚ ਇੱਕ ਪ੍ਰਮੁੱਖ ਖ਼ਬਰ ਇਹ ਵੀ ਹੈ ਕਿ ਪ੍ਰਧਾਨ ਮੰਤਰੀ ਨੇ ਆਪਣਾ ਬੰਗਾਲ ਦਾ ਦੌਰਾ ਰੱਦ ਕਰ ਦਿੱਤਾ ਹੈ। ਖ਼ਬਰਾਂ ਮੁਤਾਬਕ ਹੁਣ ਉਹ ਅਜਿਹੀਆਂ ਆਫਤਾਂ 'ਤੇ ਕੰਟਰੋਲ ਕਰਨ ਲਈ ਲਗਾਤਾਰ ਮੀਟਿੰਗਾਂ ਕਰ ਕੇ ਸਮੁੱਚੀ ਮਸ਼ੀਨਰੀ ਨੂੰ ਹਰਕਤ ਵਿੱਚ ਲਿਆਉਣਗੇ। ਕਿੰਨੀ ਹਰਕਤ ਵਿੱਚ ਆਉਂਦੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਸਭ ਹਕੀਕਤ ਜਾਣਦੇ ਹੋਏ ਵੀ ਕੇਂਦਰੀ ਲੀਡਰਸ਼ਿੱਪ ਨੇ, ਸਣੇ ਪ੍ਰਧਾਨ ਮੰਤਰੀ ਅਤੇ ਅਮਿਤ ਸ਼ਾਹ ਦੇ ਕਿਸੇ ਨੇ ਵੀ ਕੁੰਭ ਦੇ ਮੇਲੇ ਦਾ ਸਮਾਂ ਘਟਾਉਣ ਅਤੇ ਚੋਣ-ਰਾਜਾਂ ਵਿੱਚ ਰੈਲੀਆਂ ਨਾ ਕਰਨ ਦਾ ਫ਼ੈਸਲਾ ਨਹੀਂ ਲਿਆ। ਬੰਗਾਲ ਬਾਰੇ ਭਾਜਪਾ ਨੇ ਜੋ ਫੈਸਲਾ ਹੁਣ ਕੀਤਾ ਹੈ, ਉਹ ਉਸ ਨੂੰ ਬਹੁਤ ਚਿਰ ਪਹਿਲਾਂ ਕਰਨਾ ਚਾਹੀਦਾ ਸੀ। ਜਿਨ੍ਹਾਂ ਪਾਰਟੀਆਂ ਨੇ ਪਹਿਲਾਂ ਵੱਡੀਆਂ ਰੈਲੀਆਂ ਨਾ ਕਰਨ ਦਾ ਫੈਸਲਾ ਕੀਤਾ, ਉਨ੍ਹਾਂ 'ਤੇ ਭਾਜਪਾ ਨੇ ਤਰ੍ਹਾਂ-ਤਰ੍ਹਾਂ ਦੇ ਤਨਜ਼ ਕੱਸੇ। ਸਭ ਤੋਂ ਵੱਡੀ ਪਾਰਟੀ ਦਾ ਸਭ ਤੋਂ ਬਾਅਦ ਫੈਸਲਾ ਲੈਣਾ ਦਰਸਾਉਂਦਾ ਹੈ ਕਿ ਬੰਗਾਲ ਦੀਆਂ ਚੋਣਾਂ ਤੋਂ ਅੰਦਰੋਂ-ਅੰਦਰੀ ਭਾਜਪਾ ਕਿੰਨੀ ਡਰੀ ਹੋਈ ਲਗਦੀ ਹੈ, ਜੋ ਹਾਰ ਦੇ ਡਰੋਂ ਕੋਈ ਰਿਸਕ ਨਹੀਂ ਲੈਣਾ ਚਾਹੁੰਦੀ। ਇਸੇ ਕਰਕੇ ਹੀ ਸਾਰੀ ਦੀ ਸਾਰੀ ਕੇਂਦਰੀ ਲੀਡਰਸ਼ਿੱਪ ਬੰਗਾਲ ਡੇਰੇ ਲਾਈ ਬੈਠੀ ਸੀ ਅਤੇ ਪ੍ਰਧਾਨ ਮੰਤਰੀ ਵੀ ਸਾਰਾ ਦਿਨ ਬੰਗਾਲ ਜਾ ਕੇ ਸ਼ਾਮ ਨੂੰ ਦੇਸ਼ ਦੇ ਨਾਂਅ ਸੰਦੇਸ਼ ਦਿੰਦੇ ਸਨ। ਮਮਤਾ ਦੀ ਦਲੇਰੀ ਦੀ ਦਾਦ ਦੇਣੀ ਬਣਦੀ ਹੈ ਜਿਸ ਨੇ ਬੰਗਾਲ ਵਿੱਚ ਵੱਡੀਆਂ ਚੋਣ ਰੈਲੀਆਂ ਨਾ ਕਰਨ ਦਾ ਐਲਾਨ ਭਾਜਪਾ ਤੋਂ ਪਹਿਲਾਂ ਲਿਆ।

ਕਰੋਨਾ ਕਹਿਰ ਕਦੇ ਵੀ ਅੱਜ ਦੇ ਹਾਲਾਤ ਨੂੰ ਨਾ ਪਹੁੰਚਦਾ ਜੇਕਰ ਕੇਂਦਰ ਸਰਕਾਰ ਆਪਣੀ ਅਗਵਾਈ ਵਿੱਚ ਇਸ ਸਭ ਕਾਸੇ ਦਾ ਪ੍ਰਬੰਧ ਆਪ ਅਤੇ ਬਾਕੀ ਸੂਬਿਆਂ ਤੋਂ ਪਹਿਲਾਂ ਕਰਵਾਉਂਦੀ। ਸਰਕਾਰ ਇਹ ਜਾਣਦੀ ਹੋਈ ਵੀ ਕਿ ਕਾਰ ਵਿੱਚ ਬੈਠੇ ਇੱਕ ਵਿਅਕਤੀ ਲਈ ਵੀ ਮਾਸਕ ਪਾਉਣਾ ਇੰਨਾ ਜ਼ਰੂਰੀ ਹੈ ਕਿ ਫੜੇ ਜਾਣ 'ਤੇ ਚਲਾਨ ਜ਼ਰੂਰੀ ਹੈ, ਪਰ ਉਹ ਬਿਨਾਂ ਮਾਸਕ ਹਜ਼ਾਰਾਂ ਵਿਅਕਤੀਆਂ ਦੀਆਂ ਰੈਲੀਆਂ ਨੂੰ ਸੰਬੋਧਨ ਕਰ ਰਹੇ ਹਨ। ਇਸ ਸੰਬੰਧ ਵਿੱਚ ਇਲੈਕਸ਼ਨ ਕਮਿਸ਼ਨਰ ਵੀ ਫੇਲ ਹੋਇਆ ਹੈ। ਉਸ ਨੇ ਵੀ ਇਸ ਸੰਬੰਧ ਵਿੱਚ ਸਿਰਫ਼ ਹਦਾਇਤਾਂ ਹੀ ਜਾਰੀ ਕੀਤੀਆਂ, ਪਰ ਅਮਲ ਕਰਾਉਣ ਲਈ ਕੋਈ ਸਖ਼ਤੀ ਨਹੀਂ ਦਿਖਾਈ, ਜਿਸ ਕਰਕੇ ਬੰਗਾਲ ਹਾਈਕੋਰਟ ਨੇ ਇਸ ਸੰਬੰਧ ਵਿੱਚ ਆਪਣੀ ਨਰਾਜ਼ਗੀ ਪ੍ਰਗਟਾਉਂਦਿਆਂ ਇਲੈਕਸ਼ਨ ਕਮਿਸ਼ਨਰ ਨੂੰ ਝਾੜ ਪਾਈ ਹੈ। ਹੁਣ ਯਾਦ ਕਰੋ ਇਸ ਸਰਕਾਰ ਦੇ ਉਹ ਫਰਮਾਨ, ਜਿਸ ਵਿੱਚ ਇਸ ਨੇ ਜਿਨ੍ਹਾਂ ਸ਼ਹਿਰਾਂ ਨੂੰ ਸਮਾਰਟ ਸਿਟੀ ਬਣਾਉਣ ਦੀ ਮੁਹਿੰਮ ਚਲਾਈ ਸੀ, ਉਨ੍ਹਾਂ ਨੂੰ ਇਹ ਸਮਾਰਟ ਸਿਟੀ ਤਾਂ ਬਣਾ ਨਹੀਂ ਸਕੀ, ਬਲਕਿ ਉਨ੍ਹਾਂ ਨੂੰ ਸ਼ਮਸ਼ਾਨ ਸਿਟੀ ਬਣਾ ਦਿੱਤਾ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਇਹ ਇੱਕ ਦਿਨ ਹੋਣਾ ਹੀ ਸੀ, ਕਿਉਂਕਿ ਅਸੀਂ ਅੱਜ ਤਕ ਰਲ ਕੇ ਕਦੇ ਵੀ ਸਿੱਖਿਆ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਬਣਾਉਣ, ਸਿਹਤ ਸਹੂਲਤਾਂ, ਹਸਪਤਾਲਾਂ, ਆਪਣੇ ਮੌਲਿਕ ਅਧਿਕਾਰਾਂ ਆਦਿ ਦੀ ਲੜਾਈ ਲੜੀ ਹੀ ਨਹੀਂ। ਅਸੀਂ ਤਾਂ ਅਜੇ ਹਿੰਦੂ-ਮੁਸਲਿਮ, ਮੰਦਰਾਂ-ਮਸੀਤਾਂ, ਹਿੰਦ-ਪਾਕਿ ਦੀ ਲੜਾਈ ਤੋਂ ਵਿਹਲੇ ਨਹੀਂ ਹੋਏ, ਨਾ ਹੀ ਸਾਨੂੰ ਮੌਜੂਦਾ ਸਰਕਾਰ ਨੇ ਆਪਣੇ ਗੋਦੀ ਮੀਡੀਏ ਦੇ ਪ੍ਰਚਾਰ ਰਾਹੀਂ ਵਿਹਲੇ ਹੋਣ ਦਿੱਤਾ ਹੈ, ਨਾ ਹੀ ਹੋਣ ਦੇਣਾ ਹੈ। ਇਹ ਸਭ ਤਾਂ ਸਾਨੂੰ ਸਭ ਦੇਸ਼ ਪ੍ਰੇਮੀਆਂ, ਦੇਸ਼ ਭਗਤਾਂ ਨੂੰ ਇਕੱਠੇ ਹੋ ਕੇ ਸੋਚਣਾ ਪਵੇਗਾ ਕਿ ਕੀ ਗਲਤ ਹੈ ਅਤੇ ਕੀ ਠੀਕ ਹੈ? ਫਿਰਕੂ ਸਰਕਾਰਾਂ ਫ਼ਿਰਕੂ ਸੋਚ ਨੂੰ ਹੀ ਸ਼ਹਿ ਦਿੰਦੀਆਂ ਹਨ, ਜਦ ਤਕ ਅਜੋਕਾ ਨੌਜਵਾਨ ਅਤੇ ਵਿਦਿਆਰਥੀ ਵਰਗ ਬਾਕੀ ਨਿੱਗਰ ਸੋਚ ਵਾਲਿਆਂ ਨੂੰ ਨਾਲ ਲੈ ਕੇ ਹੰਭਲਾ ਨਹੀਂ ਮਾਰੇਗਾ, ਅੰਧ ਭਗਤਾਂ ਨੂੰ ਮਾਤ ਨਹੀਂ ਦੇਵੇਗਾ, ਤਦ ਤਕ ਬਿਮਾਰਾਂ ਨੂੰ ਹਸਪਤਾਲ ਵਿੱਚ ਜਗ੍ਹਾ ਨਹੀਂ ਮਿਲੇਗੀ ਅਤੇ ਮਰਨ ਉਪਰੰਤ ਸ਼ਮਸ਼ਾਨ ਘਾਟਾਂ ਵਿੱਚ ਜਗ੍ਹਾ ਨਹੀਂ ਮਿਲੇਗੀ। ਮੌਜੂਦਾ ਸਿਸਟਮ ਵਿੱਚ ਮੁੱਲ ਦੀ ਆਕਸੀਜ਼ਨ ਖ਼ਰੀਦ ਕੇ ਕਿੰਨਾ ਚਿਰ ਜਿਊਂਦੇ ਰਹਿ ਸਕੋਗੇ?

**ਇਨ੍ਹਾਂ ਖ਼ਬਰਾਂ ਵਿੱਚ ਇੱਕ ਪ੍ਰਮੁੱਖ ਖ਼ਬਰ ਇਹ ਵੀ ਹੈ ਕਿ ਪ੍ਰਧਾਨ ਮੰਤਰੀ ਨੇ ਆਪਣਾ ਬੰਗਾਲ ਦਾ ਦੌਰਾ ਰੱਦ ਕਰ ਦਿੱਤਾ ਹੈ। ਖਬਰਾਂ ਮੁਤਾਬਕ ਹੁਣ ਉਹ ਅਜਿਹੀਆਂ ਆਫਤਾਂ 'ਤੇ ਕੰਟਰੋਲ ਕਰਨ ਲਈ ਲਗਾਤਾਰ ਮੀਟਿੰਗਾਂ ਕਰ ਕੇ ਸਮੁੱਚੀ ਮਸ਼ੀਨਰੀ ਨੂੰ ਹਰਕਤ ਵਿੱਚ ਲਿਆਉਣਗੇ। ਕਿੰਨੀ ਹਰਕਤ ਵਿੱਚ ਆਉਂਦੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਸਭ ਹਕੀਕਤ ਜਾਣਦੇ ਹੋਏ ਵੀ ਕੇਂਦਰੀ ਲੀਡਰਸ਼ਿੱਪ ਨੇ, ਸਣੇ ਪ੍ਰਧਾਨ ਮੰਤਰੀ ਅਤੇ ਅਮਿਤ ਸ਼ਾਹ ਦੇ ਕਿਸੇ ਨੇ ਵੀ ਕੁੰਭ ਦੇ ਮੇਲੇ ਦਾ ਸਮਾਂ ਘਟਾਉਣ ਅਤੇ ਚੋਣ-ਰਾਜਾਂ ਵਿੱਚ ਰੈਲੀਆਂ ਨਾ ਕਰਨ ਦਾ ਫ਼ੈਸਲਾ ਨਹੀਂ ਲਿਆ। ਬੰਗਾਲ ਬਾਰੇ ਭਾਜਪਾ ਨੇ ਜੋ ਫੈਸਲਾ ਹੁਣ ਕੀਤਾ ਹੈ, ਉਹ ਉਸ ਨੂੰ ਬਹੁਤ ਚਿਰ ਪਹਿਲਾਂ ਕਰਨਾ ਚਾਹੀਦਾ ਸੀ। ਜਿਨ੍ਹਾਂ ਪਾਰਟੀਆਂ ਨੇ ਪਹਿਲਾਂ ਵੱਡੀਆਂ ਰੈਲੀਆਂ ਨਾ ਕਰਨ ਦਾ ਫੈਸਲਾ ਕੀਤਾ, ਉਨ੍ਹਾਂ 'ਤੇ ਭਾਜਪਾ ਨੇ ਤਰ੍ਹਾਂ-ਤਰ੍ਹਾਂ ਦੇ ਤਨਜ਼ ਕੱਸੇ। ਸਭ ਤੋਂ ਵੱਡੀ ਪਾਰਟੀ ਦਾ ਸਭ ਤੋਂ ਬਾਅਦ ਫੈਸਲਾ ਲੈਣਾ ਦਰਸਾਉਂਦਾ ਹੈ ਕਿ ਬੰਗਾਲ ਦੀਆਂ ਚੋਣਾਂ ਤੋਂ ਅੰਦਰੋਂ-ਅੰਦਰੀ ਭਾਜਪਾ ਕਿੰਨੀ ਡਰੀ ਹੋਈ ਲਗਦੀ ਹੈ, ਜੋ ਹਾਰ ਦੇ ਡਰੋਂ ਕੋਈ ਰਿਸਕ ਨਹੀਂ ਲੈਣਾ ਚਾਹੁੰਦੀ। ਇਸੇ ਕਰਕੇ ਹੀ ਸਾਰੀ ਦੀ ਸਾਰੀ ਕੇਂਦਰੀ ਲੀਡਰਸ਼ਿੱਪ ਬੰਗਾਲ ਡੇਰੇ ਲਾਈ ਬੈਠੀ ਸੀ ਅਤੇ ਪ੍ਰਧਾਨ ਮੰਤਰੀ ਵੀ ਸਾਰਾ ਦਿਨ ਬੰਗਾਲ ਜਾ ਕੇ ਸ਼ਾਮ ਨੂੰ ਦੇਸ਼ ਦੇ ਨਾਂਅ ਸੰਦੇਸ਼ ਦਿੰਦੇ ਸਨ। ਮਮਤਾ ਦੀ ਦਲੇਰੀ ਦੀ ਦਾਦ ਦੇਣੀ ਬਣਦੀ ਹੈ ਜਿਸ ਨੇ ਬੰਗਾਲ ਵਿੱਚ ਵੱਡੀਆਂ ਚੋਣ ਰੈਲੀਆਂ ਨਾ ਕਰਨ ਦਾ ਐਲਾਨ ਭਾਜਪਾ ਤੋਂ ਪਹਿਲਾਂ ਲਿਆ।**

# ਮਾਇਆ ਦਾ ਅਸਰ

ਪਿਆਰੇ ਬੱਚਿਓ! ਇਹ ਮਾਇਆ ਜਿਸ ਨੂੰ ਧਨ ਜਾਂ ਪੈਸਾ ਵੀ ਕਿਹਾ ਜਾਂਦਾ ਹੈ, ਬੰਦੇ ਦੇ ਜੀਵਨ ਉੱਤੇ ਕਿਸ ਤਰ੍ਹਾਂ ਪ੍ਰਭਾਵ ਪਾ ਕੇ ਉਸ ਦਾ ਜੀਵਨ ਬਦਲ ਦਿੰਦੀ ਹੈ, ਬਾਰੇ ਦੱਸਦੀ ਇਸ ਕਹਾਣੀ ਵਿਚ ਇਕ ਵਾਰੀ ਇਕ ਸੌਦਾਗਰ ਦੂਜੇ ਦੇਸ਼ ਵਿਚ ਵਪਾਰ ਕਰਨ ਗਿਆ। ਅਚਾਨਕ ਉਸ ਕੋਲ ਪੈਸੇ ਮੁੱਕ ਗਏ। ਉਸ ਨੇ ਬਾਜ਼ਾਰ ਵਿਚ ਜਾ ਕੇ ਇਕ ਦੁਕਾਨਦਾਰ ਕੋਲੋਂ ਕਿਸੇ ਸ਼ਾਹੂਕਾਰ ਦਾ ਪਤਾ ਪੁੱਛਿਆ। ਦੁਕਾਨਦਾਰ ਕਹਿਣ ਲੱਗਾ ਕਿ 'ਸ਼ਹਿਰ ਤੋਂ ਬਾਹਰ ਇਕ ਘਾਹ ਦੇ ਮੈਦਾਨ ਵਿਚ ਇਹ ਘਾਹੀ ਘਾਹ ਖੋਤ ਰਿਹਾ ਹੈ, ਉਸ ਨੂੰ ਮਿਲ ਲਓ।' ਸੌਦਾਗਰ ਨੂੰ ਯਕੀਨ ਨਾ ਆਇਆ ਕਿ ਇਕ ਘਾਹ ਖੋਤਣ ਵਾਲਾ ਕਿਵੇਂ ਉਸ ਦੀ ਪੈਸੇ ਦੇਣ ਵਿਚ ਮਦਦ ਕਰ ਸਕਦਾ ਹੈ? ਜੇਕਰ ਉਹ ਧਨੀ ਬੰਦਾ ਹੈ ਤਾਂ ਉਸ ਨੂੰ ਘਾਹੀ ਦਾ ਜੀਵਨ ਜਿਉਣ ਦੀ ਕੀ ਲੋੜ ਹੈ? ਇਸ ਤਰ੍ਹਾਂ ਦੀਆਂ ਸੋਚਾਂ ਸੋਚਦਿਆਂ ਉਸ ਨੇ ਹੋਰ ਕਈ ਦੁਕਾਨਦਾਰਾਂ ਨੂੰ ਸ਼ਾਹੂਕਾਰ ਬਾਰੇ ਪੁੱਛਿਆ। ਸਭ ਨੇ ਦੱਸਿਆ ਕਿ ਉਹ ਘਾਹੀ ਹੀ ਸ਼ਾਹੂਕਾਰ ਹੈ। ਉਹੀ ਉਸ ਦੀ ਪੈਸੇ-ਧੇਲੇ ਦੀ ਮਦਦ ਕਰ ਸਕਦਾ ਹੈ। ਅੰਤ ਉਹ ਉਸ ਘਾਹ ਦੇ ਮੈਦਾਨ ਵਿਚ ਉਸ ਘਾਹ ਖੋਤਦੇ ਘਾਹੀ ਨੂੰ ਮਿਲਿਆ, ਜਿਸ ਨੇ ਉਸ ਨੂੰ ਤੁਰੰਤ ਪੈਸੇ ਉਧਾਰ ਦੇਣ ਲਈ ਹਾਂ ਕਰ ਦਿੱਤੀ ਅਤੇ ਕਿਹਾ ਕਿ ਉਹ ਉਸ ਨੂੰ ਜਾਣਦਾ ਹੈ ਅਤੇ ਉਸ ਨੂੰ ਉਸ ਵੱਲੋਂ ਮੰਗਿਆ ਇਕ ਹਜ਼ਾਰ ਰੁਪਿਆ ਤੁਰੰਤ ਦੇ ਦੇਵੇਗਾ। ਏਨਾ ਕਹਿੰਦਿਆਂ ਉਹ ਘਾਹੀ ਉਸ ਨੂੰ ਆਪਣੀ ਇਕ ਕੱਚੀ ਕੋਠੜੀ ਵਿਚ ਲੈ ਆਇਆ। ਉਸ ਕੋਠੜੀ ਦੇ ਇਕ ਖੂੰਜੇ 'ਚੋਂ ਪੁੱਟ ਕੇ ਉਸ ਨੇ ਇਕ ਧਨ ਦਾ ਭਰਿਆ ਸੰਦੂਕ ਕੱਢਿਆ ਅਤੇ ਤੁਰੰਤ ਇਕ ਹਜ਼ਾਰ ਮੋਹਰਾਂ ਨਾਲ ਭਰੀ ਥੈਲੀ ਸੌਦਾਗਰ ਦੇ ਹਵਾਲੇ ਕਰ ਦਿੱਤੀ। ਉਪਰੰਤ ਆਪਣੇ ਖਾਤੇ ਵਾਲੀ ਵਹੀ ਵਿਚ ਉਸ ਨੇ ਸੌਦਾਗਰ ਦਾ ਨਾਂਅ ਅਤੇ ਪਤਾ ਲਿਖਿਆ। ਦਸਤਖਤ ਕਰਨ ਉਪਰੰਤ ਸੌਦਾਗਰ ਉਸ ਘਾਹ ਖੋਤਣ ਵਾਲੇ ਸ਼ਾਹੂਕਾਰ ਨੂੰ ਇਹ ਕਹਿੰਦਾ ਹੋਇਆ ਵਿਦਾ ਹੋਇਆ ਕਿ ਤਿੰਨ ਮਹੀਨਿਆਂ ਤੱਕ ਆ ਕੇ ਉਹ ਇਹ ਉਧਾਰ ਲਿਆ ਧਨ ਵਿਆਜ ਸਮੇਤ ਮੋੜ ਦੇਵੇਗਾ। ਤਿੰਨ ਮਹੀਨਿਆਂ ਦਾ ਵਕਤ ਗੁਜ਼ਰ ਗਿਆ ਪਰ ਸੌਦਾਗਰ ਨਾ ਪਰਤਿਆ। ਪੰਜ ਮਹੀਨਿਆਂ ਦਾ ਸਮਾਂ ਲੰਘਣ 'ਤੇ ਉਹ ਘਾਹੀ ਸ਼ਾਹੂਕਾਰ ਉਸ ਸੌਦਾਗਰ ਦੇ ਸ਼ਹਿਰ ਪਹੁੰਚਿਆ ਅਤੇ ਪੁੱਛਦਾ-ਪੁੱਛਦਾ ਉਹ ਸੌਦਾਗਰ ਦੇ ਸ਼ਾਨਦਾਰ ਮਹਿਲ ਦੇ ਦਰਵਾਜ਼ੇ 'ਤੇ ਪਹੁੰਚ ਗਿਆ। ਮਹਿਲ ਦੇ ਵੱਡੇ ਬੂਹੇ 'ਤੇ ਖੜ੍ਹੇ ਦਰਬਾਨ ਨੂੰ ਉਸ ਨੇ ਸਾਰੀ ਗੱਲ ਦੱਸੀ ਅਤੇ ਅੰਦਰ ਜਾ ਕੇ ਸੌਦਾਗਰ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ। ਉਸ ਦੀਆਂ ਗੱਲਾਂ ਤੋਂ ਹੈਰਾਨ ਹੋ ਕੇ ਦਰਬਾਨ ਨੇ ਉਸ ਨੂੰ ਪੈਰਾਂ ਤੋਂ ਲੈ ਕੇ ਸਿਰ ਤੱਕ ਤੱਕਿਆ ਅਤੇ ਉਸ ਨੂੰ ਅੰਦਰ ਜਾਣ ਤੋਂ ਮਨ੍ਹਾਂ ਕਰ ਦਿੱਤਾ। ਦਰਬਾਨ ਨੂੰ ਮਹਿਸੂਸ ਹੋਇਆ ਕਿ ਇਕ ਮੈਲੇ-ਕੁਚੈਲੇ, ਫਟੇ ਹੋਏ ਕੱਪੜਿਆਂ ਵਾਲਾ ਘਾਹੀ ਐਨਾ ਅਮੀਰ ਕਿਵੇਂ ਹੋ ਸਕਦਾ ਹੈ? ਜੇਕਰ ਉਸ ਕੋਲ ਏਨਾ ਧਨ ਹੈ ਤਾਂ ਉਸ ਨੇ ਆਪਣੀ ਹਾਲਤ ਅਜਿਹੀ ਕਿਉਂ ਬਣਾਈ ਹੋਈ ਹੈ, ਉਸ ਨੇ ਅੱਗੇ ਹੋਰ ਸੋਚਿਆ ਕਿ ਉਸ ਦਾ ਮਾਲਕ ਸੌਦਾਗਰ ਅਮੀਰ ਹੋਣ ਕਰਕੇ ਐਨੀ ਸ਼ਾਨ ਅਤੇ ਐਡੇ ਠਾਠ ਨਾਲ ਜੀਵਨ ਬਸਰ ਕਰ ਰਿਹਾ ਹੈ। ਅਜਿਹਾ ਸੋਚਦਿਆਂ ਉਸ ਨੇ ਪੱਕਾ ਫੈਸਲਾ ਕਰ ਲਿਆ ਕਿ ਉਹ ਉਸ ਫਟੇ ਹਾਲ ਘਾਹੀ ਨੂੰ ਮਹਿਲ ਵਿਚ ਨਹੀਂ ਵੜਨ ਦੇਵੇਗਾ। ਘਾਹੀ ਨੇ ਬਥੇਰਾ ਸਮਝਾਇਆ ਪਰ ਦਰਬਾਨ ਨਹੀਂ ਮੰਨਿਆ। ਅਖੀਰ ਘਾਹੀ ਨੇ ਫੈਸਲਾ ਕੀਤਾ ਕਿ ਉਹ ਮਹਿਲ ਦੇ ਬਾਹਰ ਖੜ੍ਹਾ ਹੋ ਕੇ ਸੌਦਾਗਰ ਦੀ ਮਹਿਲ ਤੋਂ ਬਾਹਰ ਆਉਣ ਦੀ ਉਡੀਕ ਕਰੇਗਾ। ਇਕ ਦਿਨ ਅਚਾਨਕ ਉਹ ਸੌਦਾਗਰ ਜਦੋਂ ਮਹਿਲ ਦੇ ਬੂਹੇ ਤੋਂ ਬਾਹਰ ਆਇਆ ਤਾਂ ਉਸ ਨੇ ਬਾਹਰ ਖੜ੍ਹੇ ਉਸ ਘਾਹੀ ਨੂੰ ਤੁਰੰਤ ਪਛਾਣ ਲਿਆ ਅਤੇ ਮੁਆਫੀ ਮੰਗਦਾ ਹੋਇਆ ਉਸ ਨੂੰ ਅੰਦਰ ਲੈ ਗਿਆ। ਆਪਣਾ ਧਨ ਉਸ ਸੌਦਾਗਰ ਤੋਂ ਵਾਪਸ ਲੈ ਕੇ ਜਦੋਂ ਉਹ ਵਾਪਸ ਜਾ ਰਿਹਾ ਸੀ, ਉਸ ਨੇ ਦਰਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੂੰ ਸਹੀ ਸੀ। ਤੂੰ ਆਪਣੇ ਮਾਲਕ ਦਾ ਹੁਕਮ ਵਜਾਇਆ ਹੈ। ਮੈਨੂੰ ਏਨਾ ਧਨੀ ਹੋਣ ਦਾ ਕੀ ਲਾਭ, ਜੇਕਰ ਮੈਂ ਧਨ ਦੀ ਵਰਤੋਂ ਹੀ ਨਹੀਂ ਕਰਦਾ? ਮੈਂ ਇਹ ਧਨ ਮਿਹਨਤ ਨਾਲ ਕਮਾਇਆ ਹੈ ਤਾਂ ਮੈਨੂੰ ਇਸ ਮਾਇਆ ਦਾ ਅਸਰ ਵੀ ਕਬੂਲਣਾ ਚਾਹੀਦਾ ਹੈ। ਉਸ ਨੂੰ ਇਹ ਕਹਿੰਦਾ ਹੋਇਆ ਉਹ ਉਥੋਂ ਆਪਣੇ ਦੇਸ਼-ਸ਼ਹਿਰ ਨੂੰ ਚੱਲ ਪਿਆ। ਘਰ ਪਰਤ ਕੇ ਉਸ ਨੇ ਆਪਣੇ ਧਨ ਨਾਲ ਇਕ ਵੱਡਾ ਮਹਿਲ ਬਣਾਇਆ ਅਤੇ ਪੂਰੇ ਠਾਠ ਨਾਲ ਜੀਵਨ ਬਸਰ ਕਰਨ ਲੱਗਾ।

# ਸਕੂਨ

1999 ਤੋਂ 2010 ਤੱਕ ਮੈਂ ਸਰਕਾਰੀ ਇਨ-ਸਰਵਿਸ ਟ੍ਰੇਨਿੰਗ ਸੈਂਟਰ ਫ਼ਰੀਦਕੋਟ ਵਿਚ ਲੈਕਚਰਾਰ ਰਿਹਾ ਹਾਂ। ਉਥੇ ਸੈਕੰਡਰੀ ਸਕੂਲ ਅਧਿਆਪਕਾਂ ਦੇ ਸੇਵਾ-ਕਾਲੀਨ ਕੋਰਸ ਲੱਗਦੇ ਸਨ। ਪੁਰਾਣੇ ਜ਼ਿਲ੍ਹਾ ਫ਼ਰੀਦਕੋਟ ਦੇ ਹਿੱਸਾ ਰਹੇ ਹੁਣ ਦੋਵੇਂ ਜ਼ਿਲ੍ਹੇ ਮੋਗਾ ਅਤੇ ਮੁਕਤਸਰ ਦੇ ਅਧਿਆਪਕ ਵੀ ਕੋਰਸ ਵਿਚ ਹਿੱਸਾ ਲੈਣ ਲਈ ਉਥੇ ਆਇਆ ਕਰਦੇ ਸਨ। ਸੰਸਥਾ ਵਿਚ ਆਉਂਦਿਆਂ ਸਾਰ ਮਿਲੀ ਅਗਵਾਈ ਅਨੁਸਾਰ ਮੈਂ ਅਧਿਆਪਨ ਅਤੇ ਆਪਣੇ ਵਿਸ਼ੇ ਨਾਲ ਸਬੰਧਤ ਕੁਝ ਕਿਤਾਬਾਂ ਇਕੱਠੀਆਂ ਕਰ ਕੇ ਆਪਣੇ ਵੱਲੋਂ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ। ਆਪਣੇ ਗਿਆਨ ਅਨੁਸਾਰ ਵਿਚਾਰ-ਵਟਾਂਦਰਾ ਕਰਦਿਆਂ ਮੈਨੂੰ ਅਧਿਆਪਕਾਂ ਤੋਂ ਅਕਸਰ ਚੰਗਾ ਹੁੰਗਾਰਾ ਮਿਲਦਾ ਹੋਣ ਕਰ ਕੇ ਮੈਂ ਵਾਹਵਾ ਉਤਸ਼ਾਹੀ ਸਾਂ।

ਫ਼ਰਵਰੀ 2010 ਵਿਚ ਮੇਰੀ ਤਰੱਕੀ ਬਤੌਰ ਪ੍ਰਿੰਸੀਪਲ ਹੋਈ ਤਾਂ ਮੈਂ ਆਪਣੇ ਪਹਿਲੇ ਸਕੂਲਾਂ ਵਿਚ ਬਤੌਰ ਅਧਿਆਪਕ ਕੰਮ ਕਰਨ ਦੇ ਤਜਰਬੇ, ਪੜ੍ਹੀਆਂ ਕਿਤਾਬਾਂ ਤੋਂ ਮਿਲੇ ਗਿਆਨ, ਕੋਰਸਾਂ ਵਿਚ ਆਏ ਅਧਿਆਪਕਾਂ ਤੋਂ ਮਿਲੇ ਸੁਝਾਵਾਂ ਨੂੰ ਆਪਣੇ ਨਵੇਂ ਸਕੂਲਾਂ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਛੋਟੇ ਛੋਟੇ ਦੋ ਸਕੂਲਾਂ ਵਿਚ ਕੰਮ ਕਰਨ ਤੋਂ ਬਾਅਦ ਮੈਂ ਜ਼ਿਲ੍ਹੇ ਦੇ ਹੈੱਡ ਕੁਆਰਟਰ ਵਾਲੇ ਲੜਕੀਆਂ ਦੇ ਸਕੂਲ ਵਿਚ ਆ ਗਿਆ। ਵੱਡਾ ਸਕੂਲ, ਵਿਦਿਆਰਥੀਆਂ ਦੀ ਚੰਗੀ ਗਿਣਤੀ, ਸਾਰੇ ਵਿਸ਼ਿਆਂ ਦੇ ਅਧਿਆਪਕਾਂ ਦੀਆਂ ਅਸਾਮੀਆਂ ਦੀ ਪੂਰਤੀ ਦੇਖ ਕੇ ਮੈਂ ਇੰਨਾ ਉਤਸ਼ਾਹਿਤ ਹੋਇਆ ਕਿ ਮਨ ਵਿਚ ਪਾਲ਼ੇ ਹੋਏ ਸੁਫ਼ਨੇ ਪੂਰੇ ਕਰਨ ਲਈ ਜਿਵੇਂ ਮੈਨੂੰ ਲੋੜੀਂਦਾ ਫ਼ੀਲਡ ਮਿਲ ਗਿਆ ਹੋਵੇ।

ਅਪਰੈਲ ਮਹੀਨਾ ਸਕੂਲਾਂ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਦਾ ਸਮਾਂ ਹੋਣ ਕਰ ਕੇ ਪਹਿਲੇ ਮਹੀਨੇ ਹੀ ਆਪਣੇ ਦੋਸਤ ਰੰਗਕਰਮੀ ਸੁਦਰਸ਼ਨ ਮੈਣੀ ਨਾਲ ਸਲਾਹ ਮਸ਼ਵਰਾ ਕਰ ਕੇ ਛੋਟੀ ਜਿਹੀ ਫ਼ਿਲਮ ਬਣਾਈ। ਇਸ ਫ਼ਿਲਮ ਵਿਚ ਲੜਕੀਆਂ/ਔਰਤਾਂ ਦੇ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਸਿੱਖਿਆ ਹੀ ਇਨ੍ਹਾਂ ਦੁਸ਼ਵਾਰੀਆਂ ਦਾ ਇੱਕੋ-ਇਕ ਹੱਲ ਦਰਸਾਇਆ ਗਿਆ ਸੀ। ਇਸ ਦੇ ਨਾਲ ਹੀ ਪੜ੍ਹਾਈ ਦੀ ਮਹੱਤਤਾ ਦਰਸਾਉਂਦੇ ਵਿਸ਼ੇ ਨੂੰ ਲੈ ਕੇ ਮਾਪਿਆਂ ਵਾਸਤੇ ਵਿਸ਼ੇਸ਼ ਸੁਨੇਹਾ ਸੀ ਕਿ ਲੜਕੀਆਂ ਨੂੰ ਪੜ੍ਹਨ ਲਈ ਵੱਧ ਤੋਂ ਵੱਧ ਸਮਾਂ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਇਸ ਛੋਟੀ ਜਿਹੀ ਫ਼ਿਲਮ ਵਿਚ ਮੇਰੇ ਸਕੂਲ ਦੀਆਂ ਵਿਸ਼ੇਸ਼ਤਾਵਾਂ ਗਿਣਾਉਣ ਵਾਲੇ ਕੁਝ ਦ੍ਰਿਸ਼ ਸ਼ਾਮਲ ਕਰ ਕੇ ਇਸ ਸਕੂਲ ਵਿਚ ਲੜਕੀਆਂ ਨੂੰ ਪੜ੍ਹਨ ਲਈ ਭੇਜਣ ਵਾਸਤੇ ਮਾਪਿਆਂ ਨੂੰ ਪ੍ਰੇਰਨ ਦੀ ਕੋਸ਼ਿਸ਼ ਕੀਤੀ ਗਈ। ਫ਼ਰੀਦਕੋਟ ਅਤੇ ਆਸ ਪਾਸ ਦੇ ਇਲਾਕਿਆਂ ਵਿਚ ਚੱਲਦੇ ਲੋਕਲ ਚੈਨਲ ਤੇ ਦਿਖਾਉਣ ਲਈ ਇਹ ਫ਼ਿਲਮ ਦਿੱਤੀ ਗਈ। ਇਸ ਦੇ ਇਲਾਵਾ ਚੰਗਾ ਗਿਆਨ ਰੱਖਣ ਵਾਲੇ ਦੋਸਤਾਂ ਦੀ ਸਹਾਇਤਾ ਲੈ ਕੇ ਪੈਂਫ਼ਲਿਟ ਛਪਵਾ ਕੇ ਅਖ਼ਬਾਰਾਂ ਰਾਹੀਂ ਲੋਕਾਂ ਤੱਕ ਪੁੱਜਦੇ ਕੀਤੇ ਗਏ। ਇਸ ਦਾ ਅਸਰ ਇਹ ਹੋਇਆ ਕਿ ਇਸੇ ਸਾਲ ਵਿਦਿਆਰਥੀਆਂ ਦੀ ਗਿਣਤੀ ਵਿਚ ਚੋਖ਼ਾ ਵਾਧਾ ਦਰਜ ਕੀਤਾ ਗਿਆ। ਮੈਨੂੰ ਸਫ਼ਲਤਾ ਮਿਲਦੀ ਜਾਪੀ। ਆਪਣੇ ਸਭ ਤੋਂ ਪਹਿਲੇ ਸੇਵਾ ਵਾਲੇ ਸਕੂਲ ਤੋਂ ਮੈਂ ਇਹ ਅਨੁਭਵ ਕਰ ਲਿਆ ਸੀ ਕਿ ਸ਼ਹਿਰੀ ਸਕੂਲਾਂ ਦੇ ਅਧਿਆਪਕਾਂ ਦੀ ਵਿਸ਼ੇਸ਼ ਤਰ੍ਹਾਂ ਦੀ ਮਾਨਸਿਕਤਾ ਹੁੰਦੀ ਹੈ ਅਤੇ ਆਪਣੀ ਅਧਿਆਪਨ ਸੇਵਾ ਨੂੰ ਉਹ ਸਮਰਪਣ ਤੋਂ ਵੱਖਰਾ ਕਰ ਕੇ ਰੱਖਦੇ ਹਨ। ਫਿਰ ਇਕ ਹੋਰ ਸ਼ਹਿਰੀ ਸਕੂਲ ਵਿਚ ਦੋ ਕੁ ਸਾਲ ਕੰਮ ਕਰਦਿਆਂ ਆਪਣੇ ਪਹਿਲੇ ਤਜਰਬੇ ਵਾਲੇ ਇਨ੍ਹਾਂ ਵਿਚਾਰਾਂ ਤੇ ਮੋਹਰ ਲੱਗੀ ਸੀ ਪਰ ਮੈਂ ਇਸ ਸਾਰੇ ਕੁਝ ਨੂੰ ਉੱਕਾ ਹੀ ਵਿਸਾਰ ਕੇ ਆਪਣੇ ਸੁਫ਼ਨਿਆਂ ਅਨੁਸਾਰ ਆਪਣੇ ਸਕੂਲ ਵਿਚ ਸਾਰਾ ਕੁਝ ਲਾਗੂ ਕਰਨ ਦੀ ਵਾਹ ਲਾਉਣ ਲੱਗ ਪਿਆ। ਇਸ ਵਿਚ ਹੋਰ ਵਾਧਾ ਇਹ ਹੋਇਆ ਸੀ ਕਿ ਸਕੂਲ ਵਿਚ ਕੰਮ ਕਰਦੇ ਕੁਝ ਪੁਰਾਣੇ ਅਧਿਆਪਕਾਂ ਅਤੇ ਨੌਜਵਾਨ ਅਧਿਆਪਕਾਵਾਂ ਨੇ ਮੇਰੇ ਕੰਮ ਨੂੰ ਚੰਗਾ ਮੋਢਾ ਦਿੱਤਾ, ਫਿਰ ਵੀ ਵਿਚੇ-ਵਿਚ ਕੁਝ ਖਿਚੜੀ ਪੱਕਦੀ ਮੈਂ ਮਹਿਸੂਸ ਕਰ ਰਿਹਾ ਸਾਂ। ਕੁਝ ਅਧਿਆਪਕ/ਅਧਿਆਪਕਾਵਾਂ ਦੇ ਮੋਢਿਆਂ ਤੇ ਸਿਆਸੀ, ਸਮਾਜਿਕ ਉਚੇਰੇ ਰੁਤਬਿਆਂ, ਜਾਤ-ਪਾਤੀ ਕੋਹੜ ਆਦਿ ਦਾ ਬੋਝ ਲੱਦਿਆ ਹੋਣ ਕਰ ਕੇ ਮੇਰੇ ਵੱਲ ਉਹ ਕੁਨੱਖੀ ਅੱਖ ਦੇਖਦੇ ਸਨ; ਵਿਸ਼ੇਸ਼ ਕਰ ਕੇ ਮੇਰੇ ਦੁਆਰਾ ਉਲੀਕੇ ਜਾਂਦੇ ਪ੍ਰੋਗਰਾਮਾਂ, ਦਿੱਤੀਆਂ ਜਾਂਦੀਆਂ ਸੇਧਾਂ ਅਨੁਸਾਰ ਸਕੂਲ ਵਿਚ ਵਿਚਰਨਾ, ਕੰਮ ਕਰਨਾ ਉਨ੍ਹਾਂ ਨੂੰ ਜਿਵੇਂ ਗਵਾਰਾ ਹੀ ਨਹੀਂ ਸੀ। ਇਸ਼ਾਰਿਆਂ ਨਾਲ ਮੇਰੇ ਸਹਿਕਰਮੀ ਕੁਝ ਅਧਿਆਪਕਾਂ ਨੇ ਮੈਨੂੰ ਸਹਿਜ ਭਾਅ ਚੱਲਣ ਦੀ ਸਲਾਹ ਦਿੱਤੀ ਪਰ ਮੇਰੇ ਸਿਰ ਤੇ ਹੋਰ ਚੰਗੇਰਾ, ਹੋਰ ਚੰਗੇਰਾ ਕਰਨ ਦੇ ਸਵਾਰ ਹੋਏ ਭੂਤ ਨੇ ਮੈਨੂੰ ਸਾਹ ਹੀ ਨਾ ਲੈਣ ਦਿੱਤਾ। ਆਖ਼ਰਕਾਰ ਉਹੀ ਕੁਝ ਹੋਇਆ ਜਿਸ ਦਾ ਮੈਂ ਅੰਦਾਜ਼ਾ ਨਹੀਂ ਲਾਇਆ ਸੀ। ਪਹਿਲੀਆਂ ਵਿਚ ਫ਼ਰਜ਼ੀ ਨਾਵਾਂ ਤੇ, ਅਤੇ ਫਿਰ ਸਿੱਧੇ ਤੌਰ ਲਲਕਾਰਦਿਆਂ ਮੇਰੀਆਂ ਸ਼ਿਕਾਇਤਾਂ ਵੀ ਕੀਤੀਆਂ ਅਤੇ ਮੇਰੀ ਬਦਲੀ ਕਰਵਾਉਣ ਦੀਆਂ ਧਮਕੀਆਂ ਵੀ ਦਿੱਤੀਆਂ। ਤਤਕਾਲੀਨ ਜ਼ਿਲ੍ਹੇ ਦੇ ਸਿਵਲ ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ, ਅਧਿਆਪਕ ਜੱਥੇਬੰਦੀਆਂ ਨੇ ਜਿੱਥੇ ਮੇਰਾ ਚੰਗਾ ਸਾਥ ਦਿੱਤਾ, ਉੱਥੇ ਸ਼ਿਕਾਇਤਾਂ ਕਰਨ ਵਾਲਿਆਂ ਨੂੰ ਰੋਕਣ ਦੀਆਂ ਅਪੀਲਾਂ/ਕੋਸ਼ਿਸ਼ਾਂ ਵੀ ਕੀਤੀਆਂ ਪਰ ਜਦੋਂ ਕੋਈ ਵਿਸ਼ੇਸ਼ ਗੱਲ ਕਿਸੇ ਦੇ ਜ਼ਿਹਨ ਵਿਚ ਪ੍ਰਵੇਸ਼ ਕਰ ਜਾਵੇ ਤਾਂ ਇਹ ਕਿਸੇ ਵੀ ਤਰ੍ਹਾਂ ਟਿਕਣ ਨਹੀਂ ਦਿੰਦੀ। ਮਾਨਸਿਕ ਤੇ ਸਰੀਰਕ ਤੌਰ ਤੇ ਮੈਂ ਭਾਵੇਂ ਪ੍ਰੇਸ਼ਾਨ ਵੀ ਹੋਇਆ ਪਰ ਆਪਣੀ ਧੁਨ ਵਿਚ ਚੱਲਦਿਆਂ ਸਕੂਲ ਦਾ ਵਿਦਿਅਕ ਮਿਆਰ ਚੰਗਾ ਬਣਾ ਲਿਆ ਸੀ।

# ਸ਼ੁਰੂ ਤੋਂ ਹੀ ਸਿਖਾਓ ਬੇਟਿਆਂ ਨੂੰ ਨਾਰੀ ਦੀ ਇੱਜ਼ਤ ਕਰਨਾ

ਔਰਤ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਨਹੀਂ ਜੀਅ ਸਕਦੀ। ਕੀ ਕਾਰਨ ਹੈ ਇਸ ਦਾ? ਸਿਰਫ਼ ਇਕੋ ਇਹ ਮਰਦ ਪ੍ਰਧਾਨ ਸਮਾਜ। ਅਖ਼ਬਾਰਾਂ ਵਿਚ, ਮੈਗਜ਼ੀਨਾਂ ਵਿਚ ਕਈ ਲੇਖ ਛਪਦੇ ਹਨ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨਹੀਂ ਹੋਣੀਆਂ ਚਾਹੀਦੀਆਂ, ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ, ਲੋਕਾਂ ਨੂੰ ਸਮਝਣਾ ਚਾਹੀਦਾ ਹੈ ਪਰ ਕੀ ਇਹ ਹੋ ਸਕਦਾ ਹੈ? ਸਾਡੇ ਕਹਿਣ ਜਾਂ ਸੁਣਨ ਨਾਲ ਕੁਝ ਬਦਲ ਜਾਵੇਗਾ? ਮੈਨੂੰ ਨਹੀਂ ਲਗਦਾ ਕਿ ਇਸ ਤਰ੍ਹਾਂ ਦਾ ਕੁਝ ਹੁੰਦਾ ਹੈ। ਜੇਕਰ ਸਵੇਰ ਨੂੰ ਬੇਟੀ ਜਾਂ ਔਰਤ ਕੰਮ ਕਰਨ ਲਈ ਬਾਹਰ ਜਾਂਦੀ ਹੈ ਤਾਂ ਸ਼ਾਮ ਨੂੰ ਪਤਾ ਨਹੀਂ ਹੁੰਦਾ ਕਿ ਉਹ ਕਿਸ ਹਾਲਾਤ ਵਿਚ ਘਰ ਆਵੇਗੀ। ਜਦ ਤੱਕ ਬੇਟੀ ਜਾਂ ਔਰਤ ਘਰ ਨਹੀਂ ਆਉਂਦੀ, ਉਦੋਂ ਤੱਕ ਘਰਦਿਆਂ ਦੇ ਸਾਹ ਸੁੱਕੇ ਰਹਿੰਦੇ ਹਨ। ਕੀ ਇਸ ਲਈ ਸਮਾਜ ਜ਼ਿੰਮੇਵਾਰ ਹੈ? ਨਹੀਂ ਇਸ ਲਈ ਅਸੀਂ ਜ਼ਿੰਮੇਵਾਰ ਹਾਂ। ਕੋਈ ਵੀ ਕੰਮ ਕਿਸੇ ਦੂਜੇ ਇਨਸਾਨ ਨੂੰ ਕਹਿਣਾ ਬਹੁਤ ਸੌਖਾ ਹੁੰਦਾ ਹੈ। ਔਖਾ ਹੁੰਦਾ ਹੈ ਉਸ 'ਤੇ ਅਮਲ ਕਰਨਾ। ਪਰ ਜੇਕਰ ਅਸੀਂ ਉਸ ਕੰਮ ਦੀ ਸ਼ੁਰੂਆਤ ਆਪਣੇ ਘਰ ਤੋਂ ਕਰੀਏ ਤਾਂ ਕੀ ਇਹ ਜ਼ਿਆਦਾ ਕਾਰਗਰ ਨਹੀਂ ਹੋਵੇਗਾ? ਅਸੀਂ ਆਮ ਤੌਰ 'ਤੇ ਘਰਾਂ ਵਿਚ ਦੇਖਦੇ ਹਾਂ ਕਿ ਲੜਕੇ ਆਪਣੀਆਂ ਭੈਣਾਂ ਨੂੰ ਸਕੂਲ, ਕਾਲਜਾਂ, ਟਿਊਸ਼ਨ ਆਪ ਛੱਡ ਕੇ ਆਉਂਦੇ ਹਨ। ਇਥੋਂ ਤੱਕ ਕਿ ਕਈ ਲੋਕ ਤਾਂ ਬਾਜ਼ਾਰ ਤੱਕ ਵੀ ਔਰਤਾਂ ਦੇ ਨਾਲ ਜਾਂਦੇ ਹਨ। ਜੇਕਰ ਸਾਡੇ ਲੜਕਿਆਂ ਨੂੰ ਆਪਣੀ ਭੈਣ, ਮਾਂ ਜਾਂ ਪਤਨੀ ਦੀ ਏਨੀ ਫਿਕਰ ਹੈ ਕਿ ਉਨ੍ਹਾਂ ਨਾਲ ਕੋਈ ਬਤਮੀਜ਼ੀ ਨਾ ਕਰੇ, ਕੋਈ ਛੇੜਖਾਨੀ ਨਾ ਕਰੇ, ਜੇਕਰ ਲੜਕੇ ਆਪਣੀ ਭੈਣ, ਮਾਂ ਜਾਂ ਪਤਨੀ ਦੀ ਹਿਫ਼ਾਜਤ ਚਾਹੁੰਦੇ ਹਨ ਤਾਂ ਕੀ ਦੂਜਿਆਂ ਦੇ ਘਰ ਦੀ ਲੜਕੀ, ਔਰਤ ਕਿਸੇ ਦੀ ਇੱਜ਼ਤ ਨਹੀਂ ਹੁੰਦੀ? ਜਿਥੋਂ ਤੱਕ ਮੈਨੂੰ ਲਗਦਾ ਹੈ ਮਾਂ-ਬਾਪ ਨੂੰ ਬੱਚੇ ਖਾਸ ਕਰ ਲੜਕੇ ਦੇ ਬਚਪਨ ਤੋਂ ਹੀ ਉਸ ਨੂੰ ਲੜਕੀਆਂ ਦੀ ਇੱਜ਼ਤ ਕਰਨ, ਸਤਿਕਾਰ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਜੇਕਰ ਅਸੀਂ ਆਪਣੀਆਂ ਬੇਟੀਆਂ ਤੋਂ ਇਹ ਆਸ ਰੱਖਦੇ ਹਾਂ ਕਿ ਉਹ ਕਿਸੇ ਵੀ ਗ਼ਲਤ ਕੰਮ ਵਿਚ ਸ਼ਾਮਿਲ ਨਾ ਹੋਵੇ ਤਾਂ ਫਿਰ ਲੜਕਿਆਂ ਦੀਆਂ ਗ਼ਲਤੀਆਂ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ਜਾਂਦਾ ਹੈ? ਆਮ ਹੀ ਨਿੱਤ ਦਿਹਾੜੇ ਲੜਕੀਆਂ ਨਾਲ ਹੁੰਦੀਆਂ ਬਦਸਲੂਕੀਆਂ ਇਸ ਗੱਲ ਦੀ ਹਾਮੀ ਭਰਦੀਆਂ ਹਨ ਕਿ ਸਾਡਾ ਸਮਾਜ ਇਕ ਆਦਰਸ਼ ਸਮਾਜ ਅਖਵਾਉਣ ਦਾ ਹੱਕਦਾਰ ਨਹੀਂ ਹੈ। ਘਰ ਦਾ ਮਾਹੌਲ ਅਜਿਹਾ ਹੋਵੇ ਬੱਚਿਆਂ ਦੇ ਪਿਤਾ ਦੁਆਰਾ ਉਨ੍ਹਾਂ ਦੀ ਮਾਂ ਦਾ ਹਮੇਸ਼ਾ ਸਤਿਕਾਰ ਹੁੰਦਾ ਹੋਵੇ। ਦੋਵਾਂ ਦੇ ਦਿਲਾਂ ਵਿਚ ਅੱਖਾਂ ਵਿਚ ਇਕ-ਦੂਜੇ ਲਈ ਪਿਆਰ ਅਤੇ ਸਤਿਕਾਰ ਦੀ ਭਾਵਨਾ ਹੋਵੇ। ਬਹੁਤ ਸਾਰੇ ਘਰਾਂ ਵਿਚ ਮਾਤਾ-ਪਿਤਾ ਦੇ ਹੁੰਦੇ ਨਿੱਤ ਦੇ ਕਲੇਸ਼ ਦਾ ਸਿੱਧਾ ਅਸਰ ਬੱਚੇ ਦੀ ਮਾਨਸਿਕਤਾ ਉੱਪਰ ਹੁੰਦਾ ਹੈ। ਪਿਤਾ ਘਰ ਦਾ ਮੁਖੀ ਹੋਣ ਕਰਕੇ ਜ਼ਿਆਦਾਤਰ ਲੜਕਿਆਂ ਦੁਆਰਾ ਆਪਣੇ ਪਿਤਾ ਵਰਗਾ ਰੂਪ ਹੀ ਅਖ਼ਤਿਆਰ ਕੀਤਾ ਜਾਂਦਾ ਹੈ। ਉਹ ਆਪਣੀ ਪਤਨੀ ਨਾਲ ਵੀ ਕਈ ਵਾਰ ਅਜਿਹਾ ਵਰਤਾਓ ਕਰਦੇ ਹਨ ਜਿਵੇਂ ਦਾ ਕਿਸੇ ਸਮੇਂ ਉਨ੍ਹਾਂ ਦੀ ਮਾਂ ਨਾਲ ਹੋਇਆ ਹੋਵੇ। ਲੜਕਿਆਂ ਨੂੰ ਬਚਪਨ ਤੋਂ ਹੀ ਔਰਤ ਜਾਤ ਦੀ ਇੱਜ਼ਤ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਆਪਣੇ ਮਾਣਮੱਤੇ ਇਤਿਹਾਸ ਦਾ ਹਵਾਲਾ ਦੇ ਕੇ ਲੜਕਿਆਂ ਨੂੰ ਸਮਝਾਉਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਉਸ ਵਿਰਸੇ ਦੇ ਮਾਲਕ ਹਾਂ, ਜਿਥੇ ਸਾਡੇ ਪੁਰਖਿਆਂ ਨੇ ਬੇਗਾਨੀਆਂ ਔਰਤਾਂ ਦੀ ਇੱਜ਼ਤ ਦੀ ਵੀ ਹਿਫ਼ਾਜ਼ਤ ਕੀਤੀ ਹੈ। ਸੋ, ਜ਼ਰੂਰੀ ਹੈ ਲੜਕਿਆਂ ਵਿਚ ਔਰਤਾਂ ਦੀ ਇੱਜ਼ਤ ਕਰਨ ਦੇ ਗੁਣ ਨੂੰ ਉਨ੍ਹਾਂ ਦਾ ਸੁਭਾਅ ਬਣਾਉਣਾ।

# ਅਜ਼ੀਯਤ ਦੀ ਜ਼ਿੰਦਗੀ ਜਿਉਂਦਾ ਮਨੁੱਖ

**ਅੱਜ ਕੱਲ ਮਨੁੱਖ ਦੀ ਸਫਲਤਾ ਅਸਫਲਤਾ ਕੇਵਲ ਉਸਦੇ ਬਲ ਅਤੇ ਹਿੰਮਤ ਤੇ ਹੀ ਨਿਰਭਰ ਨਹੀਂ, ਇਹ ਨਵੀਆਂ ਤਾਕਤਾਂ ਉੱਤੇ ਵੀ ਨਿਰਭਰ ਹੈ। ਜਿਹੜੀਆਂ ਕਿ ਵਰਤਮਾਨ ਸੱਭਿਅਤਾ ਦੇ ਨਾਲ ਨਾਲ ਪੈਦਾ ਹੋ ਰਹੀਆਂ ਹਨ। ਅੱਜ ਕੱਲ ਦਾ ਮਨੁੱਖ ਕੋਈ ਕੰਮ ਵੀ ਇਕੱਲਾ ਨਹੀਂ ਕਰ ਸਕਦਾ। ਉਹ ਕੀ ਕਮਾਵੇਗਾ ਅਤੇ ਕੀ ਖਾਵੇਗਾ, ਇਹ ਉਸਦੀ ਕਲਾ, ਮਿਹਨਤ ਜਾਂ ਕੰਮ ਤੇ ਨਿਰਭਰ ਨਹੀਂ ਬਲਕਿ ਉਸਦੇ ਇਰਦ ਗਿਰਦ ਦੀਆਂ ਸਮਾਜਿਕ ਅਤੇ ਆਰਥਿਕ ਤਾਕਤਾਂ ਉੱਪਰ ਨਿਰਭਰ ਹੈ। ਨਵੀ ਸੱਭਿਅਤਾ ਨੇ ਜਿੱਥੇ ਬਹੁਤ ਤਰ੍ਹਾਂ ਦੇ ਸੁੱਖ ਅਰਾਮ ਦਿੱਤੇ ਹਨ, ਉੱਥੇ ਮਨੁੱਖ ਦਾ ਲਹੂ ਪੀਣ ਵਾਲੀ ਚਿੰਤਾ ਵੀ ਸਾਡੀ ਝੋਲੀ ਪਾ ਦਿੱਤੀ। ਚਿੰਤਾ ਜੀਵਨ ਦੇ ਹਰ ਪਹਿਲੂ ਉੱਪਰ ਅਸਰ ਪਾ ਰਹੀ ਹੈ। ਇਹ ਮਨੁੱਖ ਦੇ ਪਰਿਵਾਰਿਕ ਅਤੇ ਸਮਾਜਿਕ ਸੰਬੰਧਾਂ ਨੂੰ ਵਿਗਾੜ ਰਹੀ ਹੈ। ਜਿਵੇਂ ਜਿਵੇਂ ਵਰਤਮਾਨ ਸੱਭਿਅਤਾ ਅਗਾਂਹ ਵੱਧ ਰਹੀ ਹੈ, ਤਿਉਂ ਤਿਉਂ ਚਿੰਤਾ ਵੀ ਵੱਧਦੀ ਜਾ ਰਹੀ ਹੈ। ਸੱਭਿਅਤਾ ਅਤੇ ਚਿੰਤਾ ਦੋਵੇਂ ਨਾਲ ਨਾਲ ਹੀ ਚੱਲਦੀਆਂ ਹਨ, ਫ਼ਰਕ ਸਿਰਫ਼ ਏਨਾ ਹੈ ਕਿ ਸੱਭਿਅਤਾ ਅੱਗੇ ਹੋ ਤੁਰਦੀ ਹੈ ਅਤੇ ਚਿੰਤਾ ਉਸਦੇ ਪਿੱਛੇ ਪਿੱਛੇ ।**

ਸੰਸਾਰ ਵਿੱਚ ਚਿੰਤਾ ਰੋਗ ਬਹੁਤ ਵੱਧ ਚੁੱਕਾ ਹੈ। ਹਰ ਕਿਸੇ ਨੂੰ ਕੋਈ ਨਾ ਕੋਈ ਚਿੰਤਾ ਲੱਗੀ ਹੀ ਰਹਿੰਦੀ ਹੈ। ਚਿੰਤਾ ਅੱਜ ਕੱਲ ਮਨੁੱਖੀ ਜੀਵਨ ਦਾ ਇੱਕ ਅੰਗ ਬਣ ਗਈ ਹੈ। ਚਿੰਤਾ ਇੱਕ ਭੈੜੀ, ਤਬਾਹ ਤੇ ਨਾਸ਼ ਕਰ ਦੇਣ ਵਾਲੀ ਆਦਤ ਹੈ, ਜਿਹੜੀ ਕਿ ਮਨੁੱਖ ਨੇ ਸੱਭਿਅਤਾ ਦੇ ਦੌਰਾਨ ਵਿੱਚ ਆਪਣੇ ਗਲ ਪਾ ਲਈ ਹੈ। ਸੱਭਿਅਤਾ ਦੇ ਆਉਣ ਤੋਂ ਪਹਿਲਾਂ ਮਨੁੱਖੀ ਜੀਵਨ ਵਿੱਚ ਵਿੱਚ ਚਿੰਤਾ ਦਾ ਨਾਮ ਨਿਸ਼ਾਨ ਨਹੀਂ ਸੀ। ਜੰਗਲਾਂ ਅਤੇ ਗੁਫ਼ਾਵਾਂ ਵਿੱਚ ਰਹਿਣ ਵਾਲਾ ਨੰਗ ਮਨੁੰਗਾ ਪ੍ਰਾਚੀਨ ਮਨੁੱਖ ਕਦੇ ਚਿੰਤਾ ਨਹੀਂ ਸੀ ਕਰਦਾ ਅਤੇ ਨਾ ਹੀ ਉਸਨੂੰ ਪਤਾ ਸੀ ਕਿ ਚਿੰਤਾ ਕੀ ਹੈ। ਉਹ ਸਦਾ ਖੁਸ਼ ਤੇ ਸੰਤੁਸ਼ਟ ਰਹਿੰਦਾ ਸੀ। ਜੇ ਕਿਤੇ ਪ੍ਰਾਚੀਨ ਮਨੱਖ ਵੀ ਚਿੰਤਤ ਹੁੰਦਾ ਤਾਂ ਸੱਚ ਜਾਣੋ ਕਿ ਮਨੁੱਖੀ ਨਸਲ ਇਸ ਵੇਲੇ ਤਕ ਧਰਤੀ ਤੋਂ ਕਦੇ ਦੀ ਅਲੋਪ ਹੋ ਚੁੱਕੀ ਹੁੰਦੀ।

ਅਸਲ ਵਿੱਚ ਚਿੰਤਾ ਅੱਜ ਕੱਲ ਦੇ ਗੁੰਝਲਦਾਰ ਜੀਵਨ ਦਾ ਫਲ ਹੈ। ਗੁੰਝਲਦਾਰ ਜੀਵਨ ਦੇ ਕਾਰਨ ਹਰ ਆਦਮੀ ਦੀਆਂ ਆਪਣੀਆਂ ਆਪਣੀਆਂ ਸਮੱਸਿਆਵਾਂ ਤੇ ਔਕੜਾਂ ਹਨ। ਪਰ ਚਿੰਤਾ ਕਰਨਾ ਕਿਸੇ ਔਕੜ ਦਾ ਹੱਲ ਨਹੀਂ। ਇਸ ਨਾਲ ਔਕੜਾਂ ਹੋਰ ਵੱਧਦੀਆਂ ਹਨ।

ਅੱਜ ਕੱਲ ਮਨੁੱਖ ਦੀ ਸਫਲਤਾ ਅਸਫਲਤਾ ਕੇਵਲ ਉਸਦੇ ਬਲ ਅਤੇ ਹਿੰਮਤ ਤੇ ਹੀ ਨਿਰਭਰ ਨਹੀਂ, ਇਹ ਨਵੀਆਂ ਤਾਕਤਾਂ ਉੱਤੇ ਵੀ ਨਿਰਭਰ ਹੈ। ਜਿਹੜੀਆਂ ਕਿ ਵਰਤਮਾਨ ਸੱਭਿਅਤਾ ਦੇ ਨਾਲ ਨਾਲ ਪੈਦਾ ਹੋ ਰਹੀਆਂ ਹਨ। ਅੱਜ ਕੱਲ ਦਾ ਮਨੁੱਖ ਕੋਈ ਕੰਮ ਵੀ ਇਕੱਲਾ ਨਹੀਂ ਕਰ ਸਕਦਾ। ਉਹ ਕੀ ਕਮਾਵੇਗਾ ਅਤੇ ਕੀ ਖਾਵੇਗਾ, ਇਹ ਉਸਦੀ ਕਲਾ, ਮਿਹਨਤ ਜਾਂ ਕੰਮ ਤੇ ਨਿਰਭਰ ਨਹੀਂ ਬਲਕਿ ਉਸਦੇ ਇਰਦ ਗਿਰਦ ਦੀਆਂ ਸਮਾਜਿਕ ਅਤੇ ਆਰਥਿਕ ਤਾਕਤਾਂ ਉੱਪਰ ਨਿਰਭਰ ਹੈ। ਨਵੀ ਸੱਭਿਅਤਾ ਨੇ ਜਿੱਥੇ ਬਹੁਤ ਤਰ੍ਹਾਂ ਦੇ ਸੁੱਖ ਅਰਾਮ ਦਿੱਤੇ ਹਨ, ਉੱਥੇ ਮਨੁੱਖ ਦਾ ਲਹੂ ਪੀਣ ਵਾਲੀ ਚਿੰਤਾ ਵੀ ਸਾਡੀ ਝੋਲੀ ਪਾ ਦਿੱਤੀ।

ਚਿੰਤਾ ਜੀਵਨ ਦੇ ਹਰ ਪਹਿਲੂ ਉੱਪਰ ਅਸਰ ਪਾ ਰਹੀ ਹੈ। ਇਹ ਮਨੁੱਖ ਦੇ ਪਰਿਵਾਰਿਕ ਅਤੇ ਸਮਾਜਿਕ ਸੰਬੰਧਾਂ ਨੂੰ ਵਿਗਾੜ ਰਹੀ ਹੈ। ਜਿਵੇਂ ਜਿਵੇਂ ਵਰਤਮਾਨ ਸੱਭਿਅਤਾ ਅਗਾਂਹ ਵੱਧ ਰਹੀ ਹੈ, ਤਿਉਂ ਤਿਉਂ ਚਿੰਤਾ ਵੀ ਵੱਧਦੀ ਜਾ ਰਹੀ ਹੈ। ਸੱਭਿਅਤਾ ਅਤੇ ਚਿੰਤਾ ਦੋਵੇਂ ਨਾਲ ਨਾਲ ਹੀ ਚੱਲਦੀਆਂ ਹਨ, ਫ਼ਰਕ ਸਿਰਫ਼ ਏਨਾ ਹੈ ਕਿ ਸੱਭਿਅਤਾ ਅੱਗੇ ਹੋ ਤੁਰਦੀ ਹੈ ਅਤੇ ਚਿੰਤਾ ਉਸਦੇ ਪਿੱਛੇ ਪਿੱਛੇ। ਚਿੰਤਾ ਇੱਕ ਬਹੁਤ ਹੀ ਨਕਾਰੀ ਅਤੇ ਹਾਨੀਕਾਰਕ ਆਦਤ ਹੈ, ਜਿਹੜੀ ਮਨੁੱਖ ਅਣਭੋਲ ਹੀ ਆਪਣੇ ਗਲ ਪਾ ਲੈਂਦਾ ਹੈ। ਜੇਕਰ ਚਿੰਤਾ ਦੇ ਮੁੱਲ ਦਾ ਅਨੁਮਾਨ ਲਗਾਉਣਾ ਹੋਵੇ ਤਾਂ ਡਾਕਟਰਾਂ, ਨਰਸਾਂ ਅਤੇ ਹਸਪਤਾਲਾਂ ਦੇ ਤੁਸੀਂ ਉਹ ਬਿੱਲ ਵੇਖੋ ਜਿਹੜੇ ਚਿੰਤਾ ਰੋਗੀ ਨੂੰ ਦੇਣੇ ਪੈਂਦੇ ਹਨ। ਇਸਦਾ ਹਾਨੀਕਾਰਕ ਅਸਰ ਵੇਖਣਾ ਹੋਵੇ ਤਾਂ ਉਹ ਸੁਨਿਹਰੀ ਮੌਕੇ ਵੇਖੋ ਜਿਹੜੇ ਕਿ ਚਿੰਤਾਵਾਨ ਆਪਣੇ ਹੱਥੋਂ ਗਵਾ ਬਾਕੀ ਦੁਨੀਆਂ ਤੋਂ ਪਿੱਛੇ ਰਹਿ ਚੁੱਕਾ ਹੁੰਦਾ। ਚਿੰਤਾ ਸੱਭਿਅਤਾ ਤੋਂ ਪੈਦਾ ਹੁੰਦੀ ਹੈ। ਇਸ ਲਈ ਚਿੰਤਾ ਨੂੰ ਦੂਰ ਕਰਨ ਦੇ ਦੋ ਹੀ ਤਰੀਕੇ ਹਨ, ਜਾਂ ਤਾਂ ਸੱਭਿਅਤਾ ਬਦਲ ਦੇਈਏ ਜਾਂ ਫਿਰ ਸੱਭਿਅਤਾ ਦੇ ਨਾਲ ਨਾਲ ਆਪਣੇ ਆਪ ਨੂੰ ਬਦਲ ਲਈਏ। ਹੁਣ ਏਥੇ ਇਹ ਗੱਲ ਵੀ ਗੌਰ ਫਰਮਾਉਣ ਵਾਲੀ ਹੈ ਕਿ ਸੱਭਿਅਤਾ ਨੂੰ ਅਸੀਂ ਬਦਲ ਨਹੀਂ ਸਕਦੇ, ਕਿਉਂਕਿ ਇਹ ਸਾਡੀ ਤਾਕਤ ਤੋਂ ਬਾਹਰ ਦੀ ਗੱਲ ਹੈ। ਇਸ ਲਈ ਚਿੰਤਾ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਆਪਣੇ ਆਪ ਨੂੰ ਹੀ ਬਦਲਣਾ ਪਵੇਗਾ। ਕਈ ਵਾਰ ਮਨੁੱਖ ਦੀ ਜਿੰਦਗੀ ਵਿੱਚ ਅਜਿਹੇ ਹਾਲਾਤ ਬਣ ਜਾਂਦੇ ਹਨ ਕਿ ਉਹਨਾਂ ਨੂੰ ਬਦਲਣਾ ਮਨੁੱਖੀ ਹਸਤੀ ਤੋਂ ਬਾਹਰ ਹੁੰਦਾ ਹੈ, ਜਦੋਂ ਅਸੀਂ ਹਲਾਤਾਂ ਨੂੰ ਬਦਲਣ ਵਿੱਚ ਨਾਕਾਮਯਾਬ ਹੁੰਦੇ ਹਾਂ ਤਾਂ ਚਿੰਤਾ ਕਰਨ ਦੀ ਬਜਾਇ ਆਪਣੇ ਆਪ ਨੂੰ ਉਹਨਾਂ ਦੇ ਅਨੁਸਾਰ ਬਦਲ ਲੈਣਾ, ਹਾਰ ਨਹੀਂ ਬਲਕਿ ਜਿੱਤ ਅਖਵਾਉਂਦਾ ਹੈ। ਸਾਨੂੰ ਇੱਕ ਸਿਆਣੇ ਜਰਨੈਲ ਦੀ ਤਰ੍ਹਾਂ ਹੋਣਾ ਚਾਹੀਦਾ ਹੈ, ਕਿਉਂਕਿ ਇੱਕ ਸੂਝਵਾਨ ਜਰਨੈਲ ਹੀ ਜਾਣਦਾ ਹੈ ਕਿ ਕਿਸ ਵੇਲੇ ਪਛਾਂਹ ਮੁੜਨ ਵਿੱਚ ਉਸਦੀ ਫ਼ੌਜ ਦਾ ਲਾਭ ਹੈ।

ਜੇਕਰ ਅਸੀਂ ਜੀਵਨ ਯੁੱਧ ਨੂੰ ਚੰਗੀ ਤਰ੍ਹਾਂ ਲੜਨਾ ਹੈ ਤਾਂ ਸਾਨੂੰ ਘੱਟ ਤੋਂ ਘੱਟ ਚਿੰਤਾ ਕਰਨੀ ਚਾਹੀਦੀ ਹੈ। ਮਨੁੱਖ ਕੋਲ ਤਿੰਨ ਰਸਤੇ ਹੁੰਦੇ ਹਨ, ਜਾਂ ਤਾਂ ਹਲਾਤਾਂ ਨੂੰ ਬਦਲ ਲਵੇ, ਜਾਂ ਫਿਰ ਹਾਲਾਤਾਂ ਬਾਰੇ ਸੋਚ ਕੇ ਚਿੰਤਾ ਕਰੇ ਜਾਂ ਫਿਰ ਹਾਲਾਤਾਂ ਨਾਲ ਸਮਝੌਤਾ ਕਰੇ ਅਤੇ ਜਿੰਨਾ ਹਲਾਤਾਂ ਨੂੰ ਬਦਲ ਨਹੀਂ ਸਕਦਾ ਉਹਨਾਂ ਵਿਚੋਂ ਹੀ ਖੁਸ਼ੀ ਲੱਭਣ ਦਾ ਯਤਨ ਕਰੇ। ਜੋ ਸਾਡੇ ਅਤੇ ਸਾਡੇ ਪਰਿਵਾਰ ਲਈ ਬਹੁਤ ਲਾਭਦਾਇਕ ਹੋਵੇਗੀ। ਅਖੀਰ ਵਿੱਚ ਫਿਰ ਦੁਹਰਾ ਦੇਣਾ ਚਾਹਾਂਗੀ ਕਿ ਨਵੀ ਸੱਭਿਅਤਾ ਅਤੇ ਵਿਕਾਸ ਜੋ ਸਮੇਂ ਦੀ ਚਿੰਤਾ ਦਾ ਮੂਲ ਕਾਰਨ ਹੈ, ਇਸ ਨੂੰ ਨਾ ਤਾਂ ਅਸੀਂ ਬਦਲ ਸਕਦੇ ਹਾਂ ਤੇ ਨਾ ਹੀ ਉੱਕਾ ਖਤਮ ਕਰ ਸਕਦੇ ਹਾਂ। ਇਸ ਲਈ ਸਿਆਣਪ ਇਸੇ ਵਿੱਚ ਹੈ ਕਿ ਅਸੀਂ ਨਵੀਂ ਸੱਭਿਅਤਾ ਦੇ ਵਿਕਾਸ ਤੋਂ ਪੈਦਾ ਹੋ ਰਹੇ ਨਵੇਂ ਹਾਲਾਤਾਂ ਦੇ ਅਨੁਸਾਰ ਆਪਣੇ ਆਪ ਵਿੱਚ ਤਬਦੀਲੀ ਲੈਕੇ ਆਈਏ ਤਾਂ ਜੋ ਵੱਧ ਰਹੀਆਂ ਬੇਲੋੜੀਆਂ ਚਿੰਤਾਵਾਂ ਅਤੇ ਹਾਨੀਕਾਰਕ ਬੋਝ ਤੋਂ ਕੁਝ ਹੱਦ ਤਕ ਬਚ ਸਕੀਏ।

# ਲੰਡਨ ’ਚ 36ਵੀਂ ਮੰਜ਼ਿਲ ਤੋਂ ਡਿੱਗਣ ਕਾਰਨ ਭਾਰਤੀ ਮੂਲ ਦੇ ਪਰਿਵਾਰ ਦੇ 3 ਮੈਂਬਰਾਂ ਦੀ ਮੌਤ

ਲੰਡਨ, 11 ਜੂਨ (ਪ.ਪ) : ਦੱਖਣੀ ਲੰਡਨ ਦੇ ਐਲੀਫੈਂਟ ਐਂਡ ਕੈਸਲ ਇਲਾਕੇ ਵਿਚ ਇਕ ਬੇਹੱਦ ਦੁਖਦਾਈ ਘਟਨਾ ਸਾਹਮਣੇ ਆਈ ਹੈ, ਜਿੱਥੇ ਇਕ ਬਹੁ ਮੰਜ਼ਲੀ ਇਮਾਰਤ ਦੀ 36ਵੀਂ ਮੰਜ਼ਿਲ ਤੋਂ ਡਿੱਗਣ ਕਾਰਨ



ਇਕ ਭਾਰਤੀ ਮੂਲ ਦੇ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ ਹੈ। ਪੁਲਿਸ ਇਸ ਮਾਮਲੇ ਨੂੰ ਖ਼ੁਦਕੁਸ਼ੀ ਦੇ ਰੂਪ ਵਿੱਚ ਦੇਖ ਰਹੀ ਹੈ। ਮ੍ਰਿਤਕਾਂ ਦੀ ਪਛਾਣ ਜਨਤਕ ਕਰਦਿਆਂ ਪੁਲਿਸ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਰਾਕੇਸ਼ ਪਾਈ (47) ਇਕ ਫਾਈਨੈਂਸ਼ੀਅਲ ਕੰਸਲਟੈਂਟ ਤੇ ਸਾਬਕਾ ਬੈਂਕ ਅਧਿਕਾਰੀ, ਉਹਨਾਂ ਦੀ ਪਤਨੀ ਅਦਿਤੀ ਪਰਾਲਕਰ (46) ਜੋ ਕੰਸਟ੍ਰਕਸ਼ਨ ਸੈਕਟਰ ਵਿੱਚ ਇੱਕ ਸੀਨੀਅਰ ਕੰਸਲਟੈਂਟ ਵਜੋਂ ਕੰਮ ਕਰ ਰਹੀ ਸੀ ਤੇ ਉਹਨਾਂ ਦਾ 9 ਸਾਲਾਂ ਦਾ ਪੁੱਤਰ ਬੇਟਾ ਸਿਧਾਰਥ ਜੋ ਜਨਮ ਤੋਂ ਹੀ ਕਈ ਗੰਭੀਰ ਬਿਮਾਰੀਆਂ ਨਾਲ ਜੂਝ ਰਿਹਾ ਸੀ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਰਿਵਾਰਕ ਦੋਸਤਾਂ ਮੁਤਾਬਕ, ਇਹ ਹਾਦਸਾ ਬੱਚੇ ਦੀ ਗੰਭੀਰ ਬਿਮਾਰੀ ਦੇ ਚੱਲਦਿਆਂ ਪੈਦਾ ਹੋਏ ਮਾਨਸਿਕ ਅਤੇ ਭਾਵਨਾਤਮਕ ਤਣਾਅ ਦਾ ਨਤੀਜਾ ਪ੍ਰਤੀਤ ਹੁੰਦਾ ਹੈ। ਇਹ ਪਰਿਵਾਰ ਆਪਣੇ ਬੱਚੇ ਦੇ ਇਲਾਜ ਲਈ ਕੁਝ ਸਮਾਂ ਪਹਿਲਾਂ ਮੁੰਬਈ (ਭਾਰਤ) ਵੀ ਗਿਆ ਸੀ, ਤਾਂ ਜੋ ਉੱਥੇ ਪਰਿਵਾਰਕ ਮਦਦ ਅਤੇ ਬਿਹਤਰ ਇਲਾਜ ਮਿਲ ਸਕੇ। ਪਰ ਜਦੋਂ ਬੱਚੇ ਦੀ ਹਾਲਤ ਵਿਚ ਕੋਈ ਸੁਧਾਰ ਨਾ ਹੋਇਆ, ਤਾਂ ਉਹ ਵਾਪਸ ਯੂ.ਕੇ. ਆ ਗਏ। ਦੱਸਿਆ ਜਾ ਰਿਹਾ ਹੈ ਕਿ ਡਾਕਟਰਾਂ ਵੱਲੋਂ ਇਹ ਕਹਿਣ ਤੋਂ ਬਾਅਦ ਕਿ ਹੁਣ ਬੱਚੇ ਦਾ ਕੋਈ ਹੋਰ ਇਲਾਜ ਸੰਭਵ ਨਹੀਂ ਹੈ, ਮਾਪੇ ਪੂਰੀ ਤਰ੍ਹਾਂ ਟੁੱਟ ਚੁੱਕੇ ਸਨ। ਮੈਟਰੋਪੋਲੀਟਨ ਪੁਲਿਸ ਮੁਤਾਬਕ ਇਹ ਘਟਨਾ 27 ਮਈ ਨੂੰ ਸਵੇਰੇ ਤੜਕੇ ਵਾਪਰੀ। ਐਮਰਜੈਂਸੀ ਸੇਵਾਵਾਂ ਦੇ ਮੌਕੇ @ਤੇ ਪਹੁੰਚਣ ਦੇ ਬਾਵਜੂਦ, ਤਿੰਨਾਂ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਮੌਕੇ @ਤੇ ਹੀ ਮ੍ਰਿਕ ਐਲਾਨ ਦਿੱਤਾ ਗਿਆ।

# ਸਿਵਲ ਸੇਵਾਵਾਂ ਵਿੱਚ ਔਰਤਾਂ ਦੀ ਵਧਦੀ ਭਾਗੀਦਾਰੀ ਦੇਸ਼ ਭਰ ਵਿੱਚ ਸ਼ਾਸਨ ਨੂੰ ਮਜ਼ਬੂਤ ਕਰ ਰਹੀ ਹੈ: ਸ਼੍ਰੀ ਓਮ ਬਿਰਲਾ

ਨਵੀਂ ਦਿੱਲੀ, 10 ਜੂਨ (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ 2024 ਬੈਚ ਦੇ ਆਈਏਐਸ ਅਧਿਕਾਰੀ ਸਿਖਿਆਰਥੀਆਂ ਨੂੰ ਭਾਰਤੀ ਪ੍ਰਸ਼ਾਸਨਿਕ ਸੇਵਾ ਨੂੰ ਸਿਰਫ਼ ਇੱਕ ਪੇਸ਼ੇ ਵਜੋਂ ਹੀ ਨਹੀਂ, ਸਗੋਂ ਸੰਵਿਧਾਨ, ਰਾਸ਼ਟਰ ਅਤੇ ਇਸਦੇ ਲੋਕਾਂ ਪ੍ਰਤੀ ਜੀਵਨ ਭਰ ਦੀ ਵਚਨਬੱਧਤਾ ਵਜੋਂ ਦੇਖਣ ਦੀ ਅਪੀਲ ਕੀਤੀ। ਸੰਸਦ ਭਵਨ ਵਿਖੇ ਲੋਕ ਸਭਾ ਸਕੱਤਰੇਤ ਦੇ ਸੰਸਦੀ ਖੋਜ ਅਤੇ ਸਿਖਲਾਈ ਸੰਸਥਾ (ਪ੍ਰਾਈਡ) ਦੁਆਰਾ ਆਯੋਜਿਤ ਸਹਾਇਕ ਸਕੱਤਰ ਪ੍ਰੋਗਰਾਮ ਦੇ ਤਹਿਤ ਅਧਿਕਾਰੀ ਸਿਖਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ, ਸ਼੍ਰੀ ਬਿਰਲਾ ਨੇ ਸਿਵਲ ਸੇਵਕਾਂ ਨੂੰ ਤਬਦੀਲੀ ਦੇ ਏਜੰਟ ਦੱਸਿਆ ਜੋ ਨਾਗਰਿਕਾਂ ਦੀਆਂ ਇੱਛਾਵਾਂ ਨੂੰ ਠੋਸ ਨਤੀਜਿਆਂ ਵਿੱਚ ਬਦਲਣ ਦੀ ਕੁੰਜੀ ਰੱਖਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼ਾਸਨ ਦੀ ਸਫਲਤਾ ਅੰਤ ਵਿੱਚ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਕਾਨੂੰਨਾਂ ਅਤੇ




ਨੀਤੀਆਂ ਨੂੰ ਜ਼ਮੀਨੀ ਪੱਧਰ ’ਤੇ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ। ਸਿਖਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਬਿਰਲਾ ਨੇ ਕਿਹਾ ਕਿ ਸੰਸਦ ਸਿਰਫ਼ ਕਾਨੂੰਨ ਬਣਾਉਣ ਲਈ ਇੱਕ ਪਲੇਟਫਾਰਮ ਨਹੀਂ ਹੈ, ਸਗੋਂ ਲੋਕਾਂ ਦੀਆਂ ਇੱਛਾਵਾਂ, ਉਮੀਦਾਂ ਅਤੇ ਚਿੰਤਾਵਾਂ ਦਾ ਸਰਵਉੱਚ ਪ੍ਰਗਟਾਵਾ ਹੈ। ਉਨ੍ਹਾਂ ਨੇ ਕਿਹਾ ਕਿ ਸੰਸਦ ਨਾਲ ਸਬੰਧ ਭਾਰਤੀ ਲੋਕਤੰਤਰ, ਵਿਧਾਨਕ ਪ੍ਰਕਿਰਿਆ ਅਤੇ ਲੋਕਤੰਤਰੀ ਸ਼ਾਸਨ ਨੂੰ ਬਰਕਰਾਰ ਰੱਖਣ ਵਾਲੀਆਂ ਸੰਸਥਾਵਾਂ ਦੇ ਕੰਮਕਾਜ ਨੂੰ ਨੇੜਿਓਂ ਸਮਝਣ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦਾ ਹੈ। ਉਨ੍ਹਾਂ ਨੇ ਸਿਖਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਜਨਤਕ ਪ੍ਰਸ਼ਾਸਨ ਅਤੇ ਲੋਕਤੰਤਰੀ ਜਵਾਬਦੇਹੀ ਦੀ ਆਪਣੀ ਸਮਝ ਨੂੰ ਡੂੰਘਾ ਕਰਨ ਲਈ ਆਪਣੇ ਸੰਸਦੀ ਲਗਾਵ ਨੂੰ ਇੱਕ ਅਮੀਰ ਸਿੱਖਣ ਦੇ ਅਨੁਭਵ ਵਜੋਂ ਵਰਤਣ। ਲੋਕ ਸਭਾ ਸਪੀਕਰ ਨੇ ਕਾਨੂੰਨਾਂ ਦੇ ਪਿੱਛੇ ਮੁੱਖ ਤਰਕ ਸਮੇਤ, ਵਿਧਾਨਕ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਸਮਝਣ ਦੀ ਮਹੱਤਤਾ ’ਤੇ ਹੋਰ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਸੰਸਦ ਕਾਨੂੰਨ ਬਣਾਉਂਦੀ ਹੈ, ਤਾਂ ਇਹ ਪ੍ਰਸ਼ਾਸਕੀ ਮਸ਼ੀਨਰੀ ਹੈ ਜੋ ਨਾਗਰਿਕਾਂ ਲਈ ਵਿਧਾਨਕ ਇਰਾਦੇ ਨੂੰ ਅਰਥਪੂਰਨ ਨਤੀਜਿਆਂ ਵਿੱਚ ਬਦਲਦੀ ਹੈ। ਉਨ੍ਹਾਂ ਕਿਹਾ ਕਿ ਇੱਕ ਕਾਨੂੰਨ ਦਾ ਅਸਲ ਮੁੱਲ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਤੋਂ ਪ੍ਰਾਪਤ ਹੁੰਦਾ ਹੈ, ਇਹ ਨੋਟ ਕਰਦੇ ਹੋਏ ਕਿ ਸਿਵਲ ਸੇਵਕ ਜਨਤਕ ਨੀਤੀਆਂ ਨੂੰ ਉਨ੍ਹਾਂ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਨਿਰਣਾਇਕ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ, ÷ਚੁਣੇ ਹੋਏ ਪ੍ਰਤੀਨਿਧੀ ਲੋਕਾਂ ਦੀਆਂ ਇੱਛਾਵਾਂ ਨੂੰ ਆਵਾਜ਼ ਦਿੰਦੇ ਹਨ, ਜਦੋਂ ਕਿ ਪ੍ਰਸ਼ਾਸਕ ਨੀਤੀਆਂ, ਪ੍ਰੋਗਰਾਮਾਂ ਅਤੇ ਕੁਸ਼ਲ ਸੇਵਾ ਪ੍ਰਦਾਨ ਕਰਕੇ ਉਨ੍ਹਾਂ ਇੱਛਾਵਾਂ ਨੂੰ ਹਕੀਕਤ ਵਿੱਚ ਬਦਲਦੇ ਹਨ। ਲੋਕ ਸਭਾ ਸਪੀਕਰ ਨੇ ਸਿਖਿਆਰਥੀਆਂ ਨੂੰ ਜਨਤਾ ਨਾਲ ਨੇੜਿਓਂ ਜੁੜੇ ਰਹਿਣ ਅਤੇ ਭਾਰਤ ਦੇ ਵਿਭਿੰਨ ਸਮਾਜਿਕ, ਸੱਭਿਆਚਾਰਕ ਅਤੇ ਭੂਗੋਲਿਕ ਦ੍ਰਿਸ਼ਟੀਕੋਣ ਦੀ ਡੂੰਘੀ ਸਮਝ ਵਿਕਸਤ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਇੱਕ ਪ੍ਰਸ਼ਾਸਕ ਨੂੰ ਨਾ ਸਿਰਫ਼ ਕਾਨੂੰਨਾਂ, ਨਿਯਮਾਂ ਅਤੇ ਪ੍ਰਕਿਰਿਆਵਾਂ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ, ਸਗੋਂ ਹਮਦਰਦੀ, ਸੰਵੇਦਨਸ਼ੀਲਤਾ ਅਤੇ ਸਥਾਨਕ ਹਕੀਕਤਾਂ ਦੀ ਕਦਰ ਵੀ ਹੋਣੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅਧਿਕਾਰੀ ਜੋ ਜਨਤਾ ਨਾਲ ਸਿੱਧੇ ਤੌਰ ’ਤੇ ਜੁੜਦੇ ਹਨ, ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਸਮਝਦੇ ਹਨ ਅਤੇ ਸਥਾਨਕ ਭਾਸ਼ਾਵਾਂ ਵਿੱਚ ਸੰਚਾਰ ਕਰਦੇ ਹਨ, ਉਹ ਜਨਤਕ ਵਿਸ਼ਵਾਸ ਕਮਾਉਣ ਅਤੇ ਅਰਥਪੂਰਨ ਤਬਦੀਲੀ ਲਿਆਉਣ ਲਈ ਕਿਤੇ ਬਿਹਤਰ ਢੰਗ ਨਾਲ ਤਿਆਰ ਹੁੰਦੇ ਹਨ।

# ਸਿਹਤ ਲਈ ਖਤਰਨਾਕ ਹਨ ਇਹ ਪਕਾਉਣ ਵਾਲੇ ਤੇਲ ਤੇਜ਼ੀ ਨਾਲ ਵਧਾਉਂਦੇ ਨੇ ਕੋਲੈਸਟ੍ਰਾਲ

ਅੱਜ ਕੱਲ੍ਹ ਲੋਕ ਸਿਹਤ ਪ੍ਰਤੀ ਜਾਗਰੂਕ ਹੋ ਗਏ ਹਨ। ਉਹ ਆਪਣੀ ਖੁਰਾਕ ਤੋਂ ਲੈ ਕੇ ਆਪਣੀ ਤੰਦਰੁਸਤੀ ਤੱਕ ਹਰ ਚੀਜ਼ ਦਾ ਧਿਆਨ ਰੱਖਦੇ ਹਨ। ਪਰ ਇੱਕ ਚੀਜ਼ ਜਿਸ ਨੂੰ ਉਹ ਅਕਸਰ ਨਜ਼ਰਅੰਦਾਜ਼ ਕਰਦੇ ਹਨ ਉਹ ਹੈ ਖਾਣਾ ਪਕਾਉਣ ਲਈ ਵਰਤੇ ਜਾਣ ਵਾਲਾ ਤੇਲ। ਬਹੁਤ ਸਾਰੇ ਲੋਕ ਖਾਣਾ ਪਕਾਉਣ ਵਾਲੇ ਤੇਲ ਵੱਲ ਜ਼ਿਆਦਾ ਧਿਆਨ ਨਹੀਂ ਦਿੰਦੇ,



ਜਿਸਦੇ ਨਤੀਜੇ ਵਜੋਂ ਲੋਕਾਂ ਦਾ ਖਰਾਬ ਕੋਲੈਸਟ੍ਰੋਲ ਬੇਲੋੜਾ ਵਧ ਜਾਂਦਾ ਹੈ। ਅਤੇ ਮੋਟਾਪੇ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਇਸ ਲਈ ਆਓ ਉਨ੍ਹਾਂ ਤੇਲਾਂ ਦੀ ਪੜਚੋਲ ਕਰੀਏ ਜੋ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਪਾਮ ਆਇਲ : ਪਾਮ ਆਇਲ ਦੀ ਵਰਤੋਂ ਆਮ ਤੌਰ ‘ਤੇ ਮਿਠਾਈਆਂ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਤੋਂ ਐਂਟੀਆਕਸੀਡੈਂਟ ਹਟਾ ਦਿੱਤੇ ਜਾਂਦੇ ਹਨ ਅਤੇ ਇਸ ਤੇਲ ਦੀ ਵਰਤੋਂ ਜੰਕ ਫੂਡ ਬਣਾਉਣ ਲਈ ਵੀ ਕੀਤੀ ਜਾਂਦੀ ਹੈ, ਜਿਸ ਵਿੱਚ ਮਿਠਾਈਆਂ ਵੀ ਸ਼ਾਮਲ ਹਨ। ਪਾਮ ਤੇਲ ਵਿੱਚ ਸੈਚੁਰੇਟਿਡ ਫੈਟ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜੋ ਤੇਜ਼ੀ ਨਾਲ ਬੈਡ ਕੋਲੈਸਟ੍ਰੋਲ ਨੂੰ ਵਧਾਉਂਦੀ ਹੈ,

ਸੂਰਜਮੁਖੀ ਦਾ ਤੇਲ: ਰਿਫਾਇੰਡ ਸੂਰਜਮੁਖੀ ਤੇਲ ਵਿੱਚ ਓਮੇਗਾ-6 ਫੈਟੀ ਐਸਿਡ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜਿਸ ਦਾ ਜ਼ਿਆਦਾ ਸੇਵਨ ਕਰਨ ‘ਤੇ ਸੋਜ ਹੋ ਸਕਦੀ ਹੈ। ਉੱਚ ਤਾਪਮਾਨ ‘ਤੇ ਪ੍ਰੋਸੈਸ ਕੀਤੇ ਜਾਣ ‘ਤੇ, ਇਹ ਜ਼ਰੂਰੀ ਪੌਸ਼ਟਿਕ ਤੱਤ ਗੁਆ ਦਿੰਦਾ ਹੈ। ਨਿਯਮਿਤ ਸੇਵਨ ਦਿਲ ਦੀ ਬਿਮਾਰੀ ਅਤੇ ਮੋਟਾਪੇ ਦੇ ਜੋਖਮ ਨੂੰ ਵਧਾ ਸਕਦਾ ਹੈ।

ਰਾਈਸ ਬ੍ਰੈਨ ਤੇਲ: ਰਾਈਸ ਬ੍ਰੈਨ ਤੇਲ ਬਹੁਤ ਜ਼ਿਆਦਾ ਰਿਫਾਈਂਡ ਅਤੇ ਪ੍ਰੋਸੈਸ ਕੀਤਾ ਜਾਂਦਾ ਹੈ। ਇਸ ਵਿੱਚ ਹੈਕਸਿਨ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਸਿਹਤ ਲਈ ਬਹੁਤ ਨੁਕਸਾਨਦੇਹ ਹੋ ਸਕਦੀ ਹੈ।

ਬਨਸਪਤੀ ਤੇਲ : ਬਨਸਪਤੀ ਆਇਲ ਦੋ ਜਾਂ ਦੋ ਤੋਂ ਵੱਧ ਵੱਖ-ਵੱਖ ਪੌਦਿਆਂ ਤੋਂ ਕੱਢੇ ਗਏ ਤੇਲਾਂ ਦਾ ਮਿਸ਼ਰਣ ਹੁੰਦਾ ਹੈ। ਇਸ ਵਿੱਚ ਅਕਸਰ ਕਾਰਨ, ਕੈਨੋਲਾ ਅਤੇ ਪਾਮ ਤੇਲ ਦੇ ਮਿਸ਼ਰਣ ਹੁੰਦੇ ਹਨ। ਇਹ ਬਹੁਤ ਜ਼ਿਆਦਾ ਰਿਫਾਈਂਡ ਹੁੰਦਾ ਹੈ, ਜੋ ਸਿਹਤ ਲਈ ਨੁਕਸਾਨਦੇਹ ਹੋ ਸਕਦਾ ਹੈ।

ਕੌਰਨ ਆਇਲ : ਕੌਰਨ ਆਇਲ ਵਿੱਚ ਪੌਲੀਅਨਸੈਚੁਰੇਟਿਡ ਫੈਟੀ ਐਸਿਡ ਅਤੇ ਓਮੇਗਾ-6 ਫੈਟੀ ਐਸਿਡ ਦੀ ਮਾਤਰਾ ਵਧੇਰੇ ਹੁੰਦੀ ਹੈ, ਜੋ ਸਰੀਰ ਵਿੱਚ ਸੋਜਿਸ਼ ਦਾ ਕਾਰਨ ਬਣਦੀ ਹੈ। ਇਸ ਵਿੱਚ ਓਮੇਗਾ-3 ਫੈਟ ਦੀ ਮਾਤਰਾ ਵੀ ਬਹੁਤ ਘੱਟ ਹੁੰਦੀ ਹੈ, ਜੋ ਦਿਲ ਲਈ ਸਿਹਤਮੰਦ ਨਹੀਂ ਹਨ।

## ਪਾਕਿਸਤਾਨ ਨੂੰ ਅਮਰੀਕਾ ਤੋਂ ਵੱਡਾ ਝਟਕਾ...

# UNSC ’ਚ BLA ਨੂੰ ਬਲੈਕਲਿਸਟ ਕਰਨ ਦੇ ਪ੍ਰਸਤਾਵ ’ਤੇ ਲਾਈ ਵੀਟੋ

ਸੰਯੁਕਤ ਰਾਸ਼ਟਰ, 11 ਜੂਨ (ਪ.ਪ) : ਅਮਰੀਕਾ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਪਾਕਿਸਤਾਨ ਅਤੇ ਚੀਨ ਦੀ ਉਸ ਸਾਂਝੀ ਕੋਸ਼ਿਸ਼ ਨੂੰ ਰੋਕ ਦਿੱਤਾ ਹੈ, ਜਿਸ ਵਿੱਚ ਬਲੋਚਿਸਤਾਨ ਲਿਬਰੇਸ਼ਨ ਆਰਮੀ




ਅਤੇ ਮਜੀਦ ਬ੍ਰਿਗੇਡ ਨੂੰ ਅੱਤਵਾਦੀ ਸੰਗਠਨ ਐਲਾਨਣ ਦੀ ਮੰਗ ਕੀਤੀ ਗਈ ਸੀ।ਪਾਕਿਸਤਾਨ ਅਤੇ ਚੀਨ ਨੇ ਪਿਛਲੇ ਸਾਲ ਸਤੰਬਰ ਵਿੱਚ ਸੁਰੱਖਿਆ ਪ੍ਰੀਸ਼ਦ ਦੀ ਅਲ-ਕਾਇਦਾ ਪ੍ਰਤੀਬੰਧ ਕਮੇਟੀ ਦੇ ਤਹਿਤ ਬੀ.ਐਲ.ਏ. ਅਤੇ ਮਜੀਦ ਬ੍ਰਿਗੇਡ ਨੂੰ ਬਲੈਕਲਿਸਟ ਕਰਨ ਲਈ ਇੱਕ ਸਾਂਝਾ ਪ੍ਰਸਤਾਵ ਪੇਸ਼ ਕੀਤਾ ਸੀ। ਪਤਾ ਲੱਗਾ ਹੈ ਕਿ ਇਸ ਮਹੀਨੇ ਅਮਰੀਕਾ, ਫਰਾਂਸ ਅਤੇ ਬ੍ਰਿਟੇਨ ਨੇ ਇਸ ਕੋਸ਼ਿਸ਼ ਨੂੰ ਰੋਕ ਦਿੱਤਾ। ਇਹ ਤਿੰਨੋਂ ਦੇਸ਼ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਵੀਟੋ ਅਧਿਕਾਰ ਵਾਲੇ ਮੈਂਬਰ ਹਨ।ਸੰਯੁਕਤ ਰਾਸ਼ਟਰ ਵਿੱਚ ਪਾਕਿਸਤਾਨ ਦੇ ਸਥਾਈ ਪ੍ਰਤੀਨਿਧ ਰਾਜਦੂਤ ਆਸਿਮ ਇਫ਼ਤਿਖਾਰ ਅਹਿਮਦ ਨੇ ਕਿਹਾ ਸੀ ਕਿ ISIL-K, ਅਲ-ਕਾਇਦਾ, ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਈਸਟ ਤੁਰਕਿਸਤਾਨ ਇਸਲਾਮਿਕ ਮੂਵਮੈਂਟ, ਬੀ.ਐਲ.ਏ. ਅਤੇ ਮਜੀਦ ਬ੍ਰਿਗੇਡ ਵਰਗੇ ਅੱਤਵਾਦੀ ਸੰਗਠਨ ਅਫ਼ਗਾਨਿਸਤਾਨ ਵਿੱਚ ਮੌਜੂਦ ਟਿਕਾਣਿਆਂ ਤੋਂ ਕੰਮ ਕਰਦੇ ਹਨ। ਅਜਿਹੇ 60 ਤੋਂ ਵੱਧ ਅੱਤਵਾਦੀ ਕੈਂਪ ਹਨ ਜੋ ਸਰਹੱਦ ਪਾਰ ਘੁਸਪੈਠ ਅਤੇ ਹਮਲਿਆਂ ਲਈ ਕੇਂਦਰ ਦਾ ਕੰਮ ਕਰਦੇ ਹਨ।ਅਹਿਮਦ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਬੈਠਕ ਵਿੱਚ ਕਿਹਾ, ਪਾਕਿਸਤਾਨ ਅਤੇ ਚੀਨ ਨੇ ਸਾਂਝੇ ਤੌਰ ’ਤੇ 1267 ਪ੍ਰਤੀਬੰਧ ਕਮੇਟੀ ਕੋਲ ਬੀ.ਐਲ.ਏ. ਅਤੇ ਮਜੀਦ ਬ੍ਰਿਗੇਡ ਨੂੰ ਨਾਮਜ਼ਦ ਕਰਨ ਦੀ ਬੇਨਤੀ ਸੌਂਪੀ ਹੈ। ਸਾਨੂੰ ਉਮੀਦ ਹੈ ਕਿ ਪ੍ਰੀਸ਼ਦ ਉਨ੍ਹਾਂ ਦੀਆਂ ਅੱਤਵਾਦੀ ਗਤੀਵਿਧੀਆਂ ’ਤੇ ਰੋਕ ਲਗਾਉਣ ਲਈ ਇਸ ਸੂਚੀਕਰਨ ’ਤੇ ਤੇਜ਼ੀ ਨਾਲ ਕਾਰਵਾਈ ਕਰੇਗੀ।

# ਜਾਪਾਨ ਤੋਂ ਬਾਅਦ ਨੇਪਾਲ ਨੇ ਵੀ ਲਗਾਈ ਭਾਰਤੀ ਅੰਬਾਂ ’ਤੇ ਪਾਬੰਦੀ

ਕਾਠਮਾਂਡੂ , 11 ਜੂਨ (ਪ.ਪ) : ਜਾਪਾਨ ਤੋਂ ਬਾਅਦ ਹੁਣ ਗੁਆਂਢੀ ਦੇਸ਼ ਨੇਪਾਲ ਨੇ ਵੀ ਭਾਰਤ ਤੋਂ ਆਉਣ ਵਾਲੇ ਅੰਬਾਂ ਅਤੇ ਕਈ ਹੋਰ ਫਲਾਂ ਦੇ ਆਯਾਤ ’ਤੇ ਪਾਬੰਦੀ ਲਗਾ ਦਿੱਤੀ ਹੈ। ਇੱਕ ਮੀਡੀਆ



ਰਿਪੋਰਟ ਮੁਤਾਬਕ, ਨੇਪਾਲ ਦੀ ਬਾਲੇਨ ਸ਼ਾਹ ਸਰਕਾਰ ਨੇ ਇਹ ਸਖ਼ਤ ਕਦਮ ਉਦੋਂ ਚੁੱਕਿਆ ਜਦੋਂ ਸਰਹੱਦ @ਤੇ ਮੌਜੂਦ ਕੁਆਰੰਟੀਨ ਇੰਸਪੈਕਟਰਾਂ ਨੇ ਭਾਰਤ ਤੋਂ ਆਈ ਫਲਾਂ ਦੀ ਖੇਪ ਵਿੱਚ ਖ਼ਤਰਨਾਕ ਰਸਾਇਣਕ ਕੀਟਨਾਸ਼ਕਾਂ ਦੀ ਮਾਤਰਾ ਤੈਅ ਸੀਮਾ ਤੋਂ ਕਾਫ਼ੀ ਜ਼ਿਆਦਾ ਪਾਈ।ਨੇਪਾਲ ਦੇ ਖੇਤੀਬਾੜੀ ਅਤੇ ਪਸ਼ੂਧਨ ਵਿਕਾਸ ਮੰਤਰਾਲੇ ਵੱਲੋਂ ਲਗਾਈਆਂ ਗਈਆਂ ਇਹ ਪਾਬੰਦੀਆਂ ਕਥਿਤ ਤੌਰ ’ਤੇ ਅਪ੍ਰੈਲ-ਮਈ ਤੋਂ ਹੀ ਲਾਗੂ ਹਨ। ਮੰਨਿਆ ਜਾ ਰਿਹਾ ਹੈ ਕਿ ਇਸ ਫੈਸਲੇ ਨਾਲ ਗਰਮੀਆਂ ਦੇ ਇਸ ਮੁੱਖ ਸੀਜ਼ਨ ਵਿੱਚ ਭਾਰਤ ਦੇ ਅੰਬ ਨਿਰਯਾਤ ਨੂੰ ਵੱਡਾ ਝਟਕਾ ਲੱਗੇਗਾ। ਇਸ ਨਾਲ ਭਾਰਤ ਦੀਆਂ ਪ੍ਰੀਮੀਅਮ ਅਤੇ ਮਸ਼ਹੂਰ ਕਿਸਮਾਂ ਜਿਵੇਂ ਕਿ ਅਲਫਾਂਸੋ, ਦੁਸਹਿਰੀ, ਚੌਸਾ, ਕੇਸਰ, ਲੰਗੜਾ ਅਤੇ ਬੰਗਨਪੱਲੀ ਸਭ ਤੋਂ ਵੱਧ ਪ੍ਰਭਾਵਿਤ ਹੋਣਗੀਆਂ। ਇਸ ਮਾਮਲੇ ਵਿੱਚ ਨੇਪਾਲ ਦੇ ਸਥਾਨਕ ਵਪਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਬਿਨਾਂ ਕਿਸੇ ਤਿਆਰੀ ਜਾਂ ਲੰਮੇ ਸਮੇਂ ਦੀ ਰਣਨੀਤੀ ਦੇ ਇਹ ਪਾਬੰਦੀ ਲਗਾ ਦਿੱਤੀ ਹੈ, ਜਿਸ ਨਾਲ ਵਪਾਰ ਵਿੱਚ ਭਾਰੀ ਦਿੱਕਤਾਂ ਆ ਰਹੀਆਂ ਹਨ। ਮੀਡੀਆ ਰਿਪੋਰਟਾਂ ਅਨੁਸਾਰ ਜਨਕਪੁਰਧਾਮ ਦੇ ਫਲ ਅਤੇ ਸਬਜ਼ੀ ਵਿਕਰੇਤਾ ਸੰਘ ਦੇ ਜਨਰਲ ਸਕੱਤਰ ਭੁਵਨੇਸ਼ਵਰ ਪੁਰਬੇ ਨੇ ਦੱਸਿਆ ਕਿ ਦੇਸ਼ ਵਿੱਚ ਅੰਬਾਂ ਦੀ ਮੰਗ ਨੂੰ ਸਿਰਫ਼ ਸਥਾਨਕ ਉਤਪਾਦਨ ਨਾਲ ਪੂਰਾ ਕਰਨਾ ਸੰਭਵ ਨਹੀਂ ਹੈ।

# ਹਰਿਆਣਵੀ ਡਾਂਸਰ ਅਤੇ ਗਾਇਕਾ ਸਪਨਾ ਚੌਧਰੀ ਨੇ ਛੱਡਿਆ ਸਹੁਰਾ ਘਰ

ਸੋਨੀਪਤ, 11 ਜੂਨ (ਪ.ਪ) : ਹਰਿਆਣਵੀ ਡਾਂਸਰ-ਸਿੰਗਰ ਸਪਨਾ ਚੌਧਰੀ ਦੀ ਨਿੱਜੀ ਜ਼ਿੰਦਗੀ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ । ਸਪਨਾ ਨੇ ਆਪਣੇ ਪਤੀ ਵੀਰ ਸਾਹੂ ਖ਼ਿਲਾਫ਼ ਕੁੱਟਮਾਰ ਦਾ ਮਾਮਲਾ ਦਰਜ ਕਰਵਾਉਂਦੇ ਹੋਏ ਦਿੱਲੀ ਦੀ ਦਵਾਰਕਾ ਮਹਿਲਾ ਅਦਾਲਤ (ਕੋਰਟ) ਵਿੱਚ



ਪਟੀਸ਼ਨ ਦਾਇਰ ਕੀਤੀ ਹੈ। ਮੰਗਲਵਾਰ ਨੂੰ ਕੋਰਟ ਨੇ ਸ਼ੁਰੂਆਤੀ ਸੁਣਵਾਈ ਵਿੱਚ ਸਪਨਾ ਨੂੰ ਅੰਤ੍ਰਿਤ ਰਾਹਤ ਦਿੰਦੇ ਹੋਏ ਵੀਰ ਸਾਹੂ ਨੂੰ ਅਗਲੀ ਸੁਣਵਾਈ ਤੱਕ ਉਨ੍ਹਾਂ ਦੇ ਸੰਪਰਕ ਵਿੱਚ ਆਉਣ, ਘਰ ਜਾਂ ਕੰਮ ਵਾਲੀ ਥਾਂ @ਤੇ ਜਾਣ ਅਤੇ ਕਿਸੇ ਵੀ ਤਰ੍ਹਾਂ ਪਰੇਸ਼ਾਨ ਕਰਨ ਤੋਂ ਰੋਕ ਦਿੱਤਾ ਹੈ।ਸਪਨਾ ਵੱਲੋਂ ਕੋਰਟ ਵਿੱਚ ਵੀਡੀਓ, ਆਡੀਓ ਅਤੇ ਹੋਰ ਇਲੈਕਟ੍ਰਾਨਿਕ ਸਬੂਤ ਵੀ ਪੇਸ਼ ਕੀਤੇ ਗਏ ਹਨ। ਮਾਮਲੇ ਦੀ ਅਗਲੀ ਸੁਣਵਾਈ 25 ਜੁਲਾਈ ਨੂੰ ਹੋਵੇਗੀ।ਵਿਵਾਦ ਤੋਂ ਬਾਅਦ ਸਪਨਾ ਸਹੁਰਾ ਘਰ ਛੱਡ ਚੁੱਕੀ ਹੈ। ਫਿਲਹਾਲ ਉਹ ਦਿੱਲੀ ਦੇ ਨਜਫ਼ਗੜ੍ਹ ਸਥਿਤ ਆਪਣੇ ਪੇਕੇ ਘਰ ਰਹਿ ਰਹੀ ਹੈ। ਸਪਨਾ ਚੌਧਰੀ ਅਤੇ ਵੀਰ ਸਾਹੂ ਨੇ ਸਾਲ 2020 ਵਿੱਚ ਲਵ ਮੈਰਿਜ (ਪ੍ਰੇਮ ਵਿਆਹ) ਕੀਤਾ ਸੀ।

## ਪਾਕਿਸਤਾਨ ਨੇ ਮੁੜ ਕੀਤੀ ਅਫ਼ਗਾਨਿਸਤਾਨ ’ਤੇ ਬੰਬਾਰੀ

# ਤਾਲਿਬਾਨ ਦਾ ਦਾਅਵਾ- 11 ਬੱਚਿਆਂ ਸਮੇਤ 13 ਲੋਕ ਮਾਰੇ ਗਏ

ਕਾਬੁਲ, 11 ਜੂਨ (ਪ.ਪ) : ਅਫ਼ਗਾਨਿਸਤਾਨ ਨੇ ਬੁੱਧਵਾਰ ਨੂੰ ਪਾਕਿਸਤਾਨ ’ਤੇ ਆਪਣੇ ਇਲਾਕੇ ਵਿੱਚ ਨਵੇਂ ਹਵਾਈ ਹਮਲੇ ਕਰਨ ਦਾ ਦੋਸ਼ ਲਾਇਆ ਹੈ। ਅਫ਼ਗਾਨਿਸਤਾਨ ਦਾ ਆਖਣਾ ਹੈ ਕਿ ਇਨ੍ਹਾਂ ਹਮਲਿਆਂ ਵਿੱਚ 13 ਲੋਕਾਂ ਦੀ ਮੌਤ ਹੋਈ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਬੱਚੇ ਸਨ ਅਤੇ 14 ਹੋਰ ਜ਼ਖ਼ਮੀ ਹੋ ਗਏ।ਅਫ਼ਗਾਨਿਸਤਾਨ ਵਿੱਚ ਤਾਲਿਬਾਨ ਸਰਕਾਰ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਦੱਸਿਆ ਕਿ ਇਹ ਹਮਲੇ ਖੋਸਤ, ਕੁਨਾਰ ਤੇ ਪਕਤੀਕਾ




ਸੂਬਿਆਂ ਵਿੱਚ ਹੋਏ। ਮੁਜਾਹਿਦ ਨੇ ਐਕਸ ’ਤੇ ਪੋਸਟ ਕੀਤੀ, ਇਹ ਇੱਕ ਅਪਰਾਧ ਹੈ। ਕੱਲ੍ਹ ਰਾਤ ਪਾਕਿਸਤਾਨੀ ਫ਼ੌਜ ਨੇ ਇੱਕ ਵਾਰ ਮੁੜ ਅਫ਼ਗਾਨਿਸਤਾਨ ਦੇ ਹਵਾਈ ਖੇਤਰ ਦੀ ਉਲੰਘਣਾ ਕੀਤੀ ਅਤੇ ਕੁਨਾਰ, ਖੋਸਤ ਤੇ ਪਕਤੀਕਾ ਸੂਬਿਆਂ ਵਿੱਚ ਆਮ ਨਾਗਰਿਕਾਂ ਦੇ ਘਰਾਂ ’ਤੇ ਬੰਬਾਰੀ ਕੀਤੀ।÷ਉਨ੍ਹਾਂ ਨੇ ਅੱਗੇ ਕਿਹਾ, ਇਨ੍ਹਾਂ ਹਮਲਿਆਂ ਵਿੱਚ 11 ਬੱਚੇ, ਇੱਕ ਔਰਤ ਅਤੇ ਇੱਕ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ ਔਰਤਾਂ ਅਤੇ ਬੱਚਿਆਂ ਸਮੇਤ 14 ਹੋਰ ਲੋਕ ਜ਼ਖ਼ਮੀ ਹੋ ਗਏ। ਅਸੀਂ ਇਸ ਮਨੁੱਖੀ ਅਪਰਾਧ ਅਤੇ ਇਸ ਹਮਲੇ ਦੀ ਸਖ਼ਤ ਨਿੰਦਾ ਕਰਦੇ ਹਾਂ।

# ਲੋਕ ਸਭਾ ਸਪੀਕਰ ਨੇ ਸ਼੍ਰੀ ਕੇ.ਐਸ. ਹੇਗੜੇ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ



ਨਵੀਂ ਦਿੱਲੀ, 11 ਜੂਨ (ਪ.ਪ) : ਲੋਕ ਸਭਾ ਦੇ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਸੰਵਿਧਾਨ ਸਦਨ ਵਿੱਚ ਉਨ੍ਹਾਂ ਦੇ ਜਨਮ ਦਿਵਸ ’ਤੇ ਸਾਬਕਾ ਲੋਕ ਸਭਾ ਸਪੀਕਰ ਸ਼੍ਰੀ ਕੇ.ਐਸ. ਹੇਗੜੇ ਨੂੰ ਉਨ੍ਹਾਂ ਦੀ ਤਸਵੀਰ ’ਤੇ ਫੁੱਲ ਭੇਟ ਕੀਤੇ। ਰਾਜ ਸਭਾ ਦੇ ਡਿਪਟੀ ਚੇਅਰਮੈਨ ਸ਼੍ਰੀ ਹਰਿਵੰਸ਼; ਸੰਸਦ ਮੈਂਬਰ, ਸਾਬਕਾ ਸੰਸਦ ਮੈਂਬਰ, ਲੋਕ ਸਭਾ ਦੇ ਸਕੱਤਰ-ਜਨਰਲ ਸ਼੍ਰੀ ਉਤਪਲ ਕੁਮਾਰ ਸਿੰਘ, ਰਾਜ ਸਭਾ ਦੇ ਸਕੱਤਰ-ਜਨਰਲ, ਸ਼੍ਰੀ ਪੀ.ਸੀ. ਮੋਦੀ ਅਤੇ ਹੋਰ ਪਤਵੰਤਿਆਂ ਨੇ ਵੀ ਸ਼੍ਰੀ ਹੇਗੜੇ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼੍ਰੀ ਕੇ.ਐਸ. ਹੇਗੜੇ ਇੱਕ ਉੱਘੇ ਸੰਸਦ ਮੈਂਬਰ ਅਤੇ ਇੱਕ ਬਹੁਤ ਹੀ ਪ੍ਰਸਿੱਧ ਕਾਨੂੰਨਦਾਨ ਸਨ। ਉਹ ਪਹਿਲੀ ਵਾਰ 1952 ਵਿੱਚ ਰਾਜ ਸਭਾ ਲਈ ਚੁਣੇ ਗਏ ਸਨ ਅਤੇ 1957 ਤੱਕ ਸਦਨ ਦੇ ਮੈਂਬਰ ਰਹੇ, ਜਦੋਂ ਉਨ੍ਹਾਂ ਨੇ ਤਤਕਾਲੀ ਮੈਸੂਰ ਹਾਈ ਕੋਰਟ ਦੇ ਜੱਜ ਵਜੋਂ ਆਪਣੀ ਨਿਯੁਕਤੀ ਤੋਂ ਬਾਅਦ ਅਸਤੀਫਾ ਦੇ ਦਿੱਤਾ। ਬਾਅਦ ਵਿੱਚ, ਉਨ੍ਹਾਂ ਨੇ ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਮੁੱਖ ਜੱਜ ਵਜੋਂ ਕੰਮ ਕੀਤਾ। 1967 ਵਿੱਚ, ਉਨ੍ਹਾਂ ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਨਿਯੁਕਤ ਕੀਤਾ ਗਿਆ, ਜਿੱਥੇ ਉਹ 30 ਅਪ੍ਰੈਲ 1973 ਨੂੰ ਆਪਣੇ ਅਸਤੀਫ਼ੇ ਤੱਕ ਰਹੇ। 1977 ਵਿੱਚ, ਸ਼੍ਰੀ ਹੇਗੜੇ ਬੰਗਲੌਰ ਦੱਖਣੀ ਚੋਣ ਖੇਤਰ ਤੋਂ ਛੇਵੀਂ ਲੋਕ ਸਭਾ ਲਈ ਚੁਣੇ ਗਏ। 21 ਜੁਲਾਈ 1977 ਨੂੰ, ਡਾ. ਨੀਲਮ ਸੰਜੀਵ ਰੈਡੀ ਦੇ ਅਸਤੀਫ਼ੇ ਤੋਂ ਬਾਅਦ, ਸ਼੍ਰੀ ਹੇਗੜੇ ਲੋਕ ਸਭਾ ਦੇ ਸਪੀਕਰ ਚੁਣੇ ਗਏ। ਜਨਵਰੀ 1980 ਵਿੱਚ ਸਪੀਕਰ ਦਾ ਅਹੁਦਾ ਛੱਡਣ ਤੋਂ ਬਾਅਦ, ਸ਼੍ਰੀ ਹੇਗੜੇ ਕਰਨਾਟਕ ਵਿੱਚ ਆਪਣੇ ਜੱਦੀ ਸਥਾਨ ’ਤੇ ਰਹਿਣ ਲੱਗ ਪਏ। ਸ਼੍ਰੀ ਹੇਗੜੇ ਦਾ 24 ਮਈ 1990 ਨੂੰ ਦੇਹਾਂਤ ਹੋ ਗਿਆ। ਲੋਕ ਸਭਾ ਸਕੱਤਰੇਤ ਦੁਆਰਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਸ਼੍ਰੀ ਕੇ. ਐਸ. ਹੇਗੜੇ ਦੀ ਪ੍ਰੋਫਾਈਲ ਵਾਲੀ ਇੱਕ ਕਿਤਾਬਚਾ, ਪਤਵੰਤਿਆਂ ਨੂੰ ਭੇਟ ਕੀਤਾ ਗਿਆ।

Printed & Published by Amritpal Singh Printed at I.G. Printers, Pvt Ltd 104, DSIDC, Complex Okhla Industrial Area Phase-I New Delhi-110020 Keepr Jagpal Singh Published at office Daily Educator, 104 DSIDC, Okhla Industrial Area Phase-I, New Delhi .Owner : Jagjit Singh Dardi, Editor Harpreet Singh, PRGI (RNI) Regd. N0.42998/1985

ਅੰਮ੍ਰਿਤਪਾਲ ਸਿੰਘ ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਐਜੂਕੇਟਰ, ਆਈ.ਜੀ. ਪ੍ਰਿੰਟਰਜ਼ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ. ਡੀ. ਸੀ. ਕੰਪਲੈਕਸ, ਓਖਲਾ ਇੰਡਸਟਰੀਅਲ ਏਰੀਆ ਫੇਜ਼-1 ਨਵੀਂ ਦਿੱਲੀ-110020 ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਐਜੂਕੇਟਰ 104, ਡੀ.ਐਸ.ਆਈ.ਡੀ.ਸੀ. ਓਖਲਾ ਇੰਡਸਟਰੀਅਲ ਏਰੀਆ, ਫੇਜ਼-1 ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ। (ਮਾਲਕ ਜਗਜੀਤ ਸਿੰਘ ਦਰਦੀ), ਐਡੀਟਰ ਹਰਪ੍ਰੀਤ ਸਿੰਘ, PRGI (RNI) Regd. N0.42998/1985

# ਸ੍ਰਿਸ਼ਟੀ ਕਿਰਨ ਅੰਡਰ-13 ਟੈਨਿਸ ਵਿੱਚ ਸਰਵਸ੍ਰੇਸ਼ਠ ਰੈਂਕਿੰਗ ਵਾਲੀ ਬਣੀ ਖਿਡਾਰਨ

ਬੈਂਗਲੁਰੂ, 11 ਜੂਨ (ਪ.ਪ) : ਭਾਰਤ ਦੀ ਪ੍ਰਤਿਭਾਸ਼ਾਲੀ ਟੈਨਿਸ ਖਿਡਾਰਨ, ਸ੍ਰਿਸ਼ਟੀ ਕਿਰਨ ਨੇ ਇੱਕ ਹੋਰ ਵੱਡਾ ਮੀਲ ਪੱਥਰ ਹਾਸਲ ਕੀਤਾ ਹੈ, ਅੰਡਰ-13 ਉਮਰ ਸਮੂਹ ਵਿੱਚ ਸਭ ਤੋਂ ਉੱਚੀ ਰੈਂਕਿੰਗ ਪ੍ਰਾਪਤ ਕੀਤੀ ਹੈ। ਆਪਣੇ ਅੰਤਰਰਾਸ਼ਟਰੀ ਜੂਨੀਅਰ ਟੈਨਿਸ ਕਰੀਅਰ ਵਿੱਚ ਤੇਜ਼ੀ ਨਾਲ ਤਰੱਕੀ ਕਰਦੇ ਹੋਏ, ਬੰਗਲੁਰੂ ਦੀ 13 ਸਾਲਾ ਖਿਡਾਰਨ ਨੇ ਲਗਾਤਾਰ ਪੰਜ ਆਈਟੀਐਫ ਜੂਨੀਅਰ ਖਿਤਾਬ ਜਿੱਤੇ ਅਤੇ ਪਿਛਲੇ ਹਫ਼ਤੇ ਗੁਆਟੇਮਾਲਾ ਵਿੱਚ ਆਈਟੀਐਫ ਵਰਲਡ ਟੈਨਿਸ ਟੂਰ ਜੂਨੀਅਰ ਜੇ100 ਵਿੱਚ ਉਪ ਜੇਤੂ ਰਹੀ।ਸ੍ਰਿਸ਼ਟੀ ਨੇ ਆਪਣੀ ਪ੍ਰਭਾਵਸ਼ਾਲੀ ਖੇਡਣ ਦੀ ਯੋਗਤਾ ਅਤੇ ਨਿਰੰਤਰ ਸਫਲਤਾ ਦੇ ਬਲ ’ਤੇ, ਕਰੀਅਰ ਦੀ ਸਭ ਤੋਂ ਵਧੀਆ ਆਈਟੀਐਫ ਜੂਨੀਅਰ ਰੈਂਕਿੰਗ (ਨੰਬਰ 357) ਪ੍ਰਾਪਤ ਕੀਤੀ ਹੈ, ਜਿਸ ਨਾਲ ਉਹ ਅੰਡਰ-13 ਸ਼੍ਰੇਣੀ ਵਿੱਚ ਦੁਨੀਆ ਦੀ ਸਭ ਤੋਂ ਉੱਚੀ ਰੈਂਕਿੰਗ ਵਾਲੀ ਖਿਡਾਰਨ ਬਣ ਗਈ ਹੈ। ਸ੍ਰਿਸ਼ਟੀ ਨੇ ਸਿਰਫ ਅੱਠ ਰੈਂਕਿੰਗ ਟੂਰਨਾਮੈਂਟਾਂ ਵਿੱਚ ਹਿੱਸਾ ਲਿਆ ਹੈ, ਜਦੋਂ ਕਿ ਰੈਂਕਿੰਗ ਵੱਧ ਤੋਂ ਵੱਧ 10 ਟੂਰਨਾਮੈਂਟਾਂ ਦੇ ਆਧਾਰ ’ਤੇ ਨਿਰਧਾਰਤ ਕੀਤੀ ਜਾਂਦੀ ਹੈ।ਉਸਨੇ ਵਿੱਤੀ ਅਤੇ ਲੌਜਿਸਟਿਕ ਕਾਰਨਾਂ ਕਰਕੇ ਦੋ ਟੂਰਨਾਮੈਂਟ ਛੱਡ ਦਿੱਤੇ, ਫਿਰ ਵੀ ਸੀਮਤ ਮੌਕਿਆਂ ਦੇ ਬਾਵਜੂਦ, ਉਹ ਅਜੇ ਵੀ ਆਪਣੇ ਉਮਰ ਸਮੂਹ ਦੇ ਖਿਡਾਰੀਆਂ ਦੀ ਸੂਚੀ ਵਿੱਚ ਸਿਖਰ ’ਤੇ ਰਹੀ। ਆਪਣੀ ਪ੍ਰਾਪਤੀ ਬਾਰੇ ਬੋਲਦਿਆਂ, ਸ੍ਰਿਸ਼ਟੀ ਨੇ ਕਿਹਾ, ਮੈਂ ਆਪਣੇ ਉਮਰ ਸਮੂਹ ਵਿੱਚ ਵਿਸ਼ਵ ਦੀ ਨੰਬਰ ਇੱਕ ਖਿਡਾਰਨ ਬਣ ਕੇ ਬਹੁਤ ਖੁਸ਼ ਹਾਂ।

